ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 01 | 02 January 2019 to 08 January 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਵਰ੍ਹੇ ਦੀਆਂ ਲੱਖ ਲੱਖ ਵਧਾਈਆਂ।

ਸਾਲ 2019 ਸਭਨਾਂ ਲਈ ਖੁਸ਼ੀਆਂ-ਖੇੜੇ ਲੈ ਕੇ ਆਵੇ

# ਜ਼ਖਮ ਜੋ ਨਾਸੂਰ ਬਣ ਗਏ

## ਪਤੀ, ਪੁੱਤਰ ਤੇ 3 ਭਰਾ ਗਵਾਉਣ ਵਾਲੀ ਬੀਬੀ ਦਾ ਦਰਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਿੱਲੀ ਸਿੱਖ ਕਤਲੇਆਮ ਵਿਚ ਆਪਣੇ ਪਤੀ ਕੇਹਰ ਸਿੰਘ, ਪੁੱਤਰ ਗੁਰਪ੍ਰੀਤ ਸਿੰਘ ਤੇ ਤਿੰਨ ਭਰਾਵਾਂ ਨਰਿੰਦਰ ਸਿੰਘ, ਕੁਲਦੀਪ ਸਿੰਘ ਤੇ ਰਤਵੀਰ ਸਿੰਘ ਨੂੰ ਗਵਾਉਣ ਵਾਲੀ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਕਈ ਵਾਰ ਉਸ ਨੂੰ ਅਜਿਹਾ ਲਗਦਾ ਸੀ ਕਿ ਉਨ੍ਹਾਂ ਨੂੰ ਇਨਸਾਫ਼ ਕਦੇ ਮਿਲੇਗਾ ਹੀ ਨਹੀਂ । ਉਨ੍ਹਾਂ ਨੂੰ ਲਗਦਾ ਸੀ ਕਿ ਸੱਜਣ ਕੁਮਾਰ ਬਹੁਤ ਤਾਕਤਵਰ ਵਿਅਕਤੀ ਹੈ ਤੇ ਸੀਬੀਆਈ ਵਰਗੀਆਂ ਏਜੰਸੀਆਂ ਤੋਂ ਵੀ ਨਹੀਂ ਡਰਦਾ। ਜਗਦੀਸ਼ ਕੌਰ ਨੇ ਆਖਿਆ ਕਿ ਉਨ੍ਹਾਂ ਨੂੰ ਕਈ ਵਾਰ ਪੈਸਿਆਂ ਦਾ ਲਾਲਚ ਦਿੱਤਾ ਜਾਂਦਾ ਸੀ ਤੇ ਕਈ ਵਾਰ ਧਮਕੀਆਂ ਦਿੱਤੀਆਂ ਜਾਂਦੀਆਂ ਸੀ ਪਰ ਉਹ ਇਨਸਾਫ ਲਈ ਡਟੇ ਰਹੇ। ਜਗਦੀਸ਼ ਕੌਰ ਨੇ ਭਰੇ ਮਨ ਨਾਲ ਆਖਿਆ ਕਿ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਤੋਂ ਸਭ ਕੁਝ ਛੱਡ ਕੇ ਭਾਰਤ ਆਇਆ ਸੀ। ਉਨ੍ਹਾਂ ਕਿਹਾ ਕਿ ਉਹ ਬੇਗਾਨਿਆਂ ਵਿੱਚੋਂ ਸਭ ਕੁਝ ਛੱਡ ਕੇ ਕਥਿਤ ਆਪਣਿਆਂ ਵਿਚ ਆਏ ਸੀ ਪਰ 'ਆਪਣਿਆਂ' ਨੇ ਜੋ ਜ਼ਖ਼ਮ ਦਿੱਤੇ, ਉਹ ਨਾਸੂਰ ਬਣ ਕੇ ਅੱਜ ਵੀ ਚੁੱਭਦੇ ਹਨ। ਸਾਰਾ ਪਰਿਵਾਰ ਗੁਆ ਕੇ ਜਦੋਂ ਕੇਸ ਦੀ ਪੈਰਵਾਈ ਕਰਨ ਜਾਂਦੇ ਸਨ ਤਾਂ ਕਈ ਵਾਰ ਉਨ੍ਹਾਂ ਨੂੰ ਡਰਾਇਆ-ਧਮਕਾਇਆ ਵੀ ਜਾਂਦਾ ਸੀ ਪਰ ਹੁਣ ਸੱਜਣ ਕੁਮਾਰ ਦੇ ਜੇਲ੍ਹ ਜਾਣ ਨਾਲ ਉਨ੍ਹਾਂ ਦਾ ਵਿਸ਼ਵਾਸ ਕੁਝ ਬਣਿਆ ਹੈ।ਜਗਦੀਸ਼ ਕੌਰ ਨੇ ਨਾਲ ਹੀ ਮੰਗ ਕੀਤੀ ਕਿ ਦੇਸ਼ ਵਿਚ ਕਤਲੇਆਮ ਸਬੰਧੀ ਅਜਿਹੀ ਵਿਵਸਥਾ ਹੋਣੀ ਚਾਹੀਦੀ ਹੈ ਕਿ ਕੇਸ ਦੀ ਰੋਜ਼ਾਨਾ ਸੁਣਵਾਈ ਹੋਵੇ ਤੇ ਛੇਤੀ ਤੋਂ ਛੇਤੀ ਇਨ੍ਹਾਂ ਦੇ ਫ਼ੈਸਲੇ ਆਉਣ ਤੇ ਦੋਸ਼ੀਆਂ ਨੂੰ ਬਣਦੀ ਸਜ਼ਾ ਮਿਲੇ। ਜਗਦੀਸ਼ ਕੌਰ ਨੇ ਸਰਕਾਰ ਤੋਂ ਵੀ ਮੰਗ ਕੀਤੀ ਕਿ ਕਤਲੇਆਮ ਸਬੰਧੀ ਕੇਸਾਂ ਦੇ ਛੇਤੀ ਨਿਬੇੜੇ ਦੀ ਛੇਤੀ ਵਿਵਸਥਾ ਹੋਵੇ। ਐਚਐਸ ਫੂਲਕਾ ਬਾਰੇ ਚੁਰਾਸੀ ਕਤਲੇਆਮ ਸਬੰਧੀ ਸਮੇਂ-ਸਮੇਂ 'ਤੇ ਉੱਡਦੀਆਂ ਗੱਲਾਂ ਬਾਰੇ ਜਗਦੀਸ਼ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਕੇਸ ਵਿੱਚ ਐਚਐਸ ਫੂਲਕਾ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਭਾਵੇਂ ਨਾਨਾਵਤੀ ਕਮਿਸ਼ਨ ਹੋਵੇ ਜਾਂ ਰੰਗਾਨਾਥ ਕਮਿਸ਼ਨ, ਹਰ ਜਗ੍ਹਾ 'ਤੇ ਐਚਐਸ ਫੂਲਕਾ ਨੇ ਉਨ੍ਹਾਂ ਦੀ ਹੌਸਲਾ-ਅਫ਼ਜਾਈ ਕੀਤੀ ਤੇ ਉਨ੍ਹਾਂ ਨਾਲ ਡਟ ਕੇ ਖੜ੍ਹੇ ਰਹੇ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਜੇ ਅੱਜ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾ ਰਿਹਾ ਹੈ, ਤਾਂ ਉਸ ਵਿਚ ਫੂਲਕਾ ਨੇ ਵੱਡਾ ਰੋਲ ਅਦਾ ਕੀਤਾ ਹੈ।



# ਸਿੱਖਾਂ ਦੇ ਕਾਤਲ ਸੱਜਣ ਕੁਮਾਰ ਲਈ ਜੇਲ੍ਹ ਵਿਚ ਚੜ੍ਹਿਆ ਨਵਾਂ ਸਾਲ

- ਸਿੱਖ ਕੈਦੀਆਂ ਤੋਂ ਕੁਟਾਪਾ ਹੋਣ ਦੇ ਡਰ ਕਾਰਨ ਰੱਖਿਆ ਜਾਵੇਗਾ ਦੂਰ
- ਸੰਜੇ ਗਾਂਧੀ ਦੀ ਖੋਜ ਸੀ ਇਹ ਕਾਤਲ ਦਰਿੰਦਾ
- ਕਾਤਲ ਸੱਜਣ ਦੇ ਦੋਵੇਂ ਹੱਥਾਂ 'ਤੇ ਲਾਈ ਗਈ ਕਾਲਖ



### ਪਹਿਲੀ ਰਾਤ ਹੀ ਕੱਟਣੀ ਹੋਈ ਔਖੀ, ਖਾਣਾ ਵੀ ਨਾ ਖਾਧਾ

ਸੱਜਣ ਕੁਮਾਰ ਦੀ ਮੰਡੋਲੀ ਜੇਲ੍ਹ ਵਿਚ ਪਹਿਲੀ ਰਾਤ ਬੇਚੈਨੀ ਭਰੀ ਰਹੀ। ਉਸ ਨੇ ਨਾ ਖਾਣਾ ਖਾਧਾ ਤੇ ਉਂਝ ਵੀ ਬੇਚੈਨ ਨਜ਼ਰ ਆਏ। ਸੂਤਰਾਂ ਨੇ ਦੱਸਿਆ ਕਿ ਜੇਲ੍ਹ ਦੀ ਵਾਰਡ ਨੰਬਰ 14 ਵਿਚ ਬੰਦ ਸੱਜਣ ਕੁਮਾਰ ਨੇ ਕਿਸੇ ਨਾਲ ਗੱਲਬਾਤ ਨਹੀਂ ਕੀਤੀ। ਰਾਤ ਨੂੰ ਉਸ ਨੂੰ ਮਿਲਣ ਕੋਈ ਵੀ ਨਾ ਆਇਆ। 73 ਸਾਲਾ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਬਾਕੀ ਦੀ ਉਮਰ ਜੇਲ੍ਹ ਵਿਚ ਬੀਤਣ ਦੀਆਂ ਸੰਭਾਵਨਾ ਕਾਰਨ ਉਸ ਦੀ ਇਹ ਹਾਲਤ ਹੋ ਰਹੀ ਹੈ।

**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਖਿਰ ਪਾਪ ਦਾ ਘੜਾ ਭਰ ਕੇ ਫੁੱਟਿਆ। ਨਵੰਬਰ-1984 ਦੇ ਸਿੱਖ ਕਤਲੇਆਮ ਦੇ ਕੇਸ 'ਚ ਦੋਸ਼ੀ ਠਹਿਰਾਏ ਗਏ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਅਤੇ ਉਸ ਦੇ ਦੋ ਸਾਥੀਆਂ ਨੇ ਆਖਿਰ ਕੜਕੜਡੂਮਾ ਦੀ ਅਦਾਲਤ ਅੱਗੇ ਆਤਮ ਸਮਰਪਣ ਕਰ ਦਿੱਤਾ। ਦਿੱਲੀ ਹਾਈ ਕੋਰਟ ਵੱਲੋਂ ਤਾ-ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਉਸ ਨੂੰ 31 ਦਸੰਬਰ ਤਕ ਆਤਮ ਸਮਰਪਣ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਸੱਜਣ ਕੁਮਾਰ ਨੂੰ ਮੰਡੋਲੀ ਜੇਲ੍ਹ ਅਤੇ ਦੋ ਹੋਰ ਦੋਸ਼ੀਆਂ ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਨੂੰ ਤਿਹਾੜ ਜੇਲ੍ਹ ਭੇਜਿਆ ਗਿਆ ਹੈ। ਮੰਡੋਲੀ ਜੇਲ੍ਹ ਦੇ ਮੁੱਖ ਗੇਟ 'ਤੇ ਸੁਰੱਖਿਆ ਦੇ ਸਖ਼ਤ ਬੰਦੋਬਸਤ ਕੀਤੇ ਗਏ ਸਨ। ਸੂਤਰਾਂ ਮੁਤਾਬਕ ਉਸ ਨੂੰ 14 ਨੰਬਰ ਜੇਲ੍ਹ 'ਚ ਰੱਖਿਆ ਜਾਵੇਗਾ। ਸਿੱਖ ਆਗੂਆਂ ਵੱਲੋਂ ਕੜਕੜਡੂਮਾ ਅਦਾਲਤ ਕੋਲ ਨਾ ਜਾਣ ਦੀ ਅਪੀਲ ਕੀਤੇ ਜਾਣ ਦੇ ਬਾਵਜੂਦ ਦਿੱਲੀ ਕਮੇਟੀ ਦੇ ਆਗੂ ਅਤੇ ਸਿੱਖ ਕਤਲੇਆਮ ਦੇ ਪੀੜਤ ਅਦਾਲਤ ਦੇ ਬਾਹਰ ਬਾਣੀ ਦਾ ਜਾਪ ਕਰਦੇ ਰਹੇ।

ਸੱਜਣ ਕੁਮਾਰ ਨੇ ਮੈਟਰੋਪਾਲਿਟਨ ਮੈਜਿਸਟਰੇਟ ਅਦਿੱਤੀ ਗਰਗ ਦੀ ਅਦਾਲਤ ਵਿਚ ਸਖ਼ਤ ਸੁਰੱਖਿਆ ਪਹਿਰੇ ਹੇਠ ਆਤਮ ਸਮਰਪਣ ਕੀਤਾ। ਇਸ ਮਗਰੋਂ ਉਸ ਦਾ ਮੈਡੀਕਲ ਕਰਵਾਇਆ ਗਿਆ ਅਤੇ ਫਿਰ ਉੱਤਰ-ਪੱਛਮੀ ਦਿੱਲੀ ਦੀ ਮੰਡੋਲੀ ਜੇਲ੍ਹ 'ਚ ਭੇਜ ਦਿੱਤਾ। ਸੱਜਣ ਵੱਲੋਂ ਦੇਸ਼ ਦੀ ਸੁਰੱਖਿਅਤ ਜੇਲ੍ਹ ਤਿਹਾੜ ਵਿਚ ਭੇਜੇ ਜਾਣ ਦੀ ਪਟੀਸ਼ਨ

ਬਾਕੀ ਸਫ਼ਾ 29 'ਤੇ



ਨਵੰਬਰ 1984 ਦੇ ਇਨਸਾਫ਼ ਲਈ 34 ਸਾਲਾਂ ਦੀ ਉਡੀਕ ਤੇ ਆਖ਼ਰ ਦੋਸ਼ੀ ਸੀਖਾਂ ਪਿੱਛੇ ਦੇਖਣ ਦੀ ਖ਼ੁਸ਼ੀ ਦਾ ਰਲਿਆ-ਮਿਲਿਆ ਅਹਿਸਾਸ ਲਕਸ਼ਮੀ ਕੌਰ, ਸ਼ਾਮਨੀ ਕੌਰ ਤੇ ਪੱਪੀ ਕੌਰ ਦੀਆਂ ਅੱਖਾਂ 'ਚੋਂ ਛਲਕਦਾ ਹੋਇਆ।

### ਸਿੱਖ ਕੈਦੀਆਂ ਤੋਂ ਕੁਟਾਪਾ ਹੋਣ ਦੇ ਡਰ ਕਾਰਨ ਰਹੇਗਾ ਦੂਰ

ਜੇਲ੍ਹ ਵਿਚ ਸੱਜਣ ਕੁਮਾਰ ਨੂੰ ਸਿੱਖ ਕੈਦੀਆਂ ਤੋਂ ਦੂਰ ਰੱਖੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ ਕਿਉਂਕਿ ਜੇਲ੍ਹ ਸੂਤਰਾਂ ਮੁਤਾਬਿਕ ਸਿੱਖ ਕਤਲੇਆਮ ਨਾਲ ਜੁੜੇ ਹੋਣ ਕਾਰਨ ਉਸ ਖ਼ਿਲਾਫ਼ ਸਿੱਖ ਭਾਈਚਾਰੇ 'ਚ ਭਾਰੀ ਗੁੱਸਾ ਹੈ। ਇਸ ਲਈ ਉਸ ਨੂੰ ਜੇਲ੍ਹ ਅੰਦਰ ਵੀ ਸਿੱਖ ਕੈਦੀਆਂ ਤੋਂ ਦੂਰ ਰੱਖਿਆ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਸਿੱਖ ਕੈਦੀਆਂ ਦੀ ਗਿਣਤੀ ਤਿਹਾੜ ਜੇਲ੍ਹ ਦੇ ਮੁਕਾਬਲੇ ਮੰਡੋਲੀ ਜੇਲ੍ਹ 'ਚ ਕਾਫੀ ਘੱਟ ਹੈ। ਸਜ਼ਾ-ਯਾਫ਼ਤਾ ਕੈਦੀ ਤੋਂ ਜੇਲ੍ਹ 'ਚ ਕੁਝ ਨਾ ਕੁਝ ਕੰਮ ਜ਼ਰੂਰ ਕਰਵਾਇਆ ਜਾਂਦਾ ਹੈ ਪਰ ਸ਼ਾਇਦ ਸੱਜਣ ਕੁਮਾਰ ਨਾਲ ਅਜਿਹਾ ਨਾ ਕੀਤਾ ਜਾਵੇ ਕਿਉਂਕਿ ਉਸ ਦੀ ਜ਼ਿਆਦਾ ਉਮਰ ਹੋਣ ਕਾਰਨ ਫਿਲਹਾਲ ਉਸ ਕੋਲੋਂ ਕੰਮ ਕਰਵਾਏ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ । ਨਾਲ ਹੀ ਇਹ ਵੀ ਖਦਸ਼ਾ ਹੈ ਕਿ ਉਹ ਕਿਤੇ ਦੂਜੇ ਕੈਦੀਆਂ ਨੂੰ ਰਾਜਨੀਤੀ ਸਿਖਾਉਣੀ ਨਾ ਸ਼ੁਰੂ ਕਰ ਦੇਵੇ।

# 'ਗੁਰੂ ਕੇ ਲੰਗਰ' ਨੇ ਵਿਦੇਸ਼ੀ ਧਰਤੀ 'ਤੇ ਛੱਡੀ ਛਾਪ

**ਔਕਲੈਂਡ/ਬਿਊਰੋ ਨਿਊਜ਼ :** ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੇ ਆਲੇ-ਦੁਆਲੇ ਪੰਜਾਬ ਵਸਾ ਲੈਂਦੇ ਹਨ। ਗੁਰੂਆਂ-ਪੀਰਾਂ ਦੀ ਧਰਤੀ ਤੋਂ ਮਿਲੀਆਂ ਸਿੱਖਿਆਵਾਂ ਨਾਲ ਉਹ ਆਪਣਾ ਨਿੱਕਾ ਜਿਹਾ ਪੰਜਾਬ ਵੀ ਆਬਾਦ ਕਰ ਲੈਂਦੇ ਹਨ ਤੇ ਉਸ ਨੂੰ ਇੰਨਾ ਮਹਾਨ ਬਣਾ ਦਿੰਦੇ ਹਨ ਕਿ ਪੱਛਮੀ ਸੱਭਿਅਤਾ ਦੇ ਲੋਕ ਹੈਰਾਨ ਹੋ ਜਾਂਦੇ ਹਨ। ਅਜਿਹਾ ਹੀ ਕਿੱਸਾ ਨਿਊਜ਼ੀਲੈਂਡ ਦੇ ਔਕਲੈਂਡ ਸ਼ਹਿਰ ਦਾ ਸਾਹਮਣੇ ਆਇਆ ਹੈ, ਜਿੱਥੇ ਲੋਕ ਗੁਰੂ ਘਰ ਦੇ ਲੰਗਰ ਤੇ ਉੱਥੇ ਹੀ ਕੀਤੀ ਜਾਂਦੀ ਖੇਤੀ ਤੋਂ ਬੇਹੱਦ ਪ੍ਰਭਾਵਿਤ ਹੁੰਦੇ ਹਨ। ਐਨਜ਼ੈਡ ਗਾਰਡਨਰ ਰਸਾਲੇ ਵਿਚ ਲੇਖਕ ਮੇਈ ਲੇਂਗ ਵੌਂਗ ਦੇ ਲੇਖ 'ਸਿੱਖ ਟੈਂਪਲ ਦ ਸਾਂਝਾ ਬਾਗ਼-ਜਿੱਥੇ ਵੰਡਣ ਲਈ ਉਗਾਇਆ ਜਾਂਦਾ ਭੋਜਨ'

ਬਾਕੀ ਸਫ਼ਾ 29 'ਤੇ




















Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
BBB
IATAN
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਮਹਾਨ ਸ਼ਹੀਦੀ ਦਿਹਾੜਾ 6 ਜਨਵਰੀ ਨੂੰ

**ਫਰੀਮੌਂਟ/ਬਿਊਰੋ ਨਿਊਜ਼ :** ਸਿੱਖ ਕੌਮ ਦੀ ਆਨ-ਸ਼ਾਨ ਸਨਮਾਨ ਨੂੰ ਕਾਇਮ ਰੱਖਣ ਲਈ, ਧਰਮ ਦੇ ਬੋਲਬਾਲੇ, ਜ਼ੁਲਮ ਨੂੰ ਠੱਲ੍ਹਣ ਤੇ ਦੁਸ਼ਟਾਂ ਦਾ ਦਮਨ ਕਰਨ ਲਈ ਖ਼ਾਲਸਾਈ ਪਰੰਪਰਾਵਾਂ ਅਨੁਸਾਰ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਦੇਣ ਵਾਲੇ, ਹੱਸ ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਖਾਲਸਾ ਪੰਥ ਦੇ ਮਹਾਨ ਸ਼ਹੀਦ ਭਾਈ ਕੇਹਰ ਸਿੰਘ ਜੀ, ਭਾਈ ਸਤਵੰਤ ਸਿੰਘ ਜੀ ਅਤੇ ਗੁਰਦੇਵ ਸਿੰਘ ਕਾਉਂਕੇ ਦਾ ਮਹਾਨ ਸ਼ਹੀਦੀ ਦਿਹਾੜਾ 6 ਜਨਵਰੀ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ, 300 ਗੁਰਦੁਆਰਾ ਰੋਡ, ਫਰੀਮੌਂਟ CA 94536 ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਜੂਨ-84 ਵਿਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਉਤੇ ਕੀਤੇ ਗਏ ਵਹਿਸ਼ੀਆਨਾ ਫੌਜੀ ਹਮਲੇ ਦਾ ਬਦਲਾ ਸਿੱਖੀ ਸਿਧਾਂਤਾਂ ਤੇ ਪਰੰਪਰਾ ਮੁਤਾਬਕ ਉਸ ਵੇਲੇ ਦੀ ਹਿੰਦੂਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਾ ਲਗਾ ਕੇ ਲਿਆ ਸੀ। ਇਸੇ ਤਰ੍ਹਾਂ ਸਿੱਖ ਸੰਘਰਸ਼ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਵੀ ਜ਼ਾਲਮ ਪੁਲਸੀਆ ਕਹਿਰ ਆਪਣੇ ਪਿੰਡੇ ਉਤੇ ਹੰਢਾਉਂਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ। ਉਪਰੋਕਤ ਸ਼ਹੀਦਾਂ ਨੂੰ ਸਮਰਪਿਤ ਇਸ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ 4 ਜਨਵਰੀ, 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 6 ਜਨਵਰੀ, 2019, ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਪਾਏ ਜਾਣਗੇ। ਉਪਰੰਤ ਗੁਰੂ ਘਰ ਦੇ ਮਹਾਨ ਕੀਰਤਨੀਏ, ਕਥਾਵਾਚਕ, ਕਵੀਸ਼ਰ, ਸਿੱਖ ਸਕਾਲਰ ਅਤੇ ਪੰਥਕ ਆਗੂ ਹਾਜ਼ਰੀਆਂ ਭਰਨਗੇ ਅਤੇ ਆਪਣੇ ਕੌਮੀ ਸ਼ਹੀਦਾਂ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਪ੍ਰਬੰਧਕਾਂ ਵੱਲੋਂ ਸਿੰਘ-ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ ਉਕਤ ਸ਼ਹੀਦੀ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰ. 510-790-0117 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ 19 ਜਨਵਰੀ ਨੂੰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਦਿੱਲੀ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਦਾ ਜਨਰਲ ਇਜਲਾਸ ਮਿਤੀ 19-01-2019 ਦਿਨ ਸ਼ਨੀਵਾਰ ਨੂੰ ਸਵੇਰੇ 1 ਵਜੇ ਦਿੱਲੀ ਕਮੇਟੀ ਦੇ ਦਫਤਰ, ਗੁਰੂ ਗੋਬਿੰਦ ਸਿੰਘ ਭਵਨ, ਗੁ. ਰਕਾਬ ਗੰਜ ਸਾਹਿਬ ਵਿਖੇ ਹੋਵੇਗਾ। ਨਵੇਂ ਅਹੁਦੇਦਾਰ ਅਤੇ ਅੰਤ੍ਰਿਗ ਮੈਂਬਰਾਂ ਦੀ ਚੋਣ ਲਈ ਇਹ ਇਜਲਾਸ ਬੁਲਾਇਆ ਗਿਆ ਹੈ। ਇਸ ਲਈ ਉਨ੍ਹਾਂ ਵਲੋਂ ਇਕ ਦਫਤਰੀ ਚਿੱਠੀ ਸਮੂਹ ਮੈਂਬਰ ਸਾਹਿਬਾਨ ਨੂੰ ਭੇਜ ਕੇ ਚੋਣ ਇਜਲਾਸ ਲਈ ਸਮੇਂ ਸਿਰ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਮਨਜੀਤ ਸਿੰਘ ਜੀਕੇ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਅਤੇ ਅਦਾਲਤ ਵਿਚ ਕੇਸ ਵੀ ਚੱਲਣ ਕਰਕੇ ਸੁਖਬੀਰ ਸਿੰਘ ਬਾਦਲ ਵਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਦੀ ਇਕਾਈ ਨੂੰ ਪਹਿਲਾਂ ਹੀ ਭੰਗ ਕੀਤਾ ਹੋਇਆ ਹੈ। ਮਨਜੀਤ ਸਿੰਘ ਜੀਕੇ ਦਫਤਰ ਵੀ ਨਹੀਂ ਆ ਰਹੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਉਤੇ ਪ੍ਰਧਾਨਗੀ ਦਾ ਸਾਰਾ ਕੰਮਕਾਜ ਹਰਮੀਤ ਸਿੰਘ ਕਾਲਕਾ ਕਾਰਜਕਾਰੀ ਪ੍ਰਧਾਨ ਦੇ ਤੌਰ ਉਤੇ ਦੇਖ ਰਹੇ ਹਨ।

# ਸਿਖ ਚਿਤਕ ਭਾਈ ਅਜਮੇਰ ਸਿੰਘ ਦੇ ਪਿਤਾ ਜੀ, ਉਘੇ ਲਿਖਾਰੀ ਬਾਪੂ ਬੀਰ ਸਿੰਘ ਨਿਰਵੈਰ ਦਾ ਸਦੀਵੀ ਵਿਛੋੜਾ


ਬਾਪੂ ਬੀਰ ਸਿੰਘ ਨਿਰਵੈਰ


ਸ. ਅਜਮੇਰ ਸਿੰਘ ਭਾਈ ਦਲਜੀਤ ਸਿੰਘ ਬਿੱਟੂ ਤੇ ਹੋਰਨਾਂ ਨਾਲ ਯਾਦਾਂ ਸਾਂਝੀਆਂ ਕਰਦੇ ਹੋਏ।

**ਮੰਡੀ ਕਲਾਂ( ਬਠਿੰਡਾ )/ਬਲਜਿੰਦਰ ਸਿੰਘ ਕੋਟਭਾਰਾ:** ਸਿੱਖ ਚਿੰਤਕ ਸ. ਅਜਮੇਰ ਸਿੰਘ ਜੀ ਦੇ ਪਿਤਾ ਜੀ ਅਤੇ ਉਘੇ ਲਿਖਾਰੀ ਬਾਪੂ ਬੀਰ ਸਿੰਘ ਨਿਰਵੈਰ ਸਦਾ ਲਈ ਇਸ ਸੰਸਾਰ ਨੂੰ ਅਲਵਿਦਾ ਕਹਿ ਗਏਹਨ। ਸ. ਨਿਰਵੈਰ ਜੀ ਦਾ ਅੰਤਮ ਸੰਸਕਾਰ ਉਹਨਾਂ ਦੇ ਗ੍ਰਹਿ ਪਿੰਡ ਮੰਡੀ ਕਲਾਂ (ਨੇੜੇ ਰਾਮਪੁਰਾ ਫੂਲ) ਜ਼ਿਲਾ ਬਠਿੰਡਾ ਵਿੱਚ ਕੀਤਾ ਗਿਆ। 96 ਸਾਲ ਦੀ ਉਮਰ ਜਿਉਣ ਵਾਲੇ ਸ. ਬੀਰ ਸਿੰਘ ਨਿਰਵੈਰ ਆਪਣੇ ਅੰਤਮ ਸਵਾਸਾਂ ਤੱਕ ਪੂਰੀ ਚੜਦੀ ਕਲਾ ਵਿੱਚ ਰਹੇ। ਉਹਨਾਂ 27 ਦਸੰਬਰ, 2018 ਦੀ ਆਖਰੀ ਰਾਤ ਨੂੰ ਵੀ ਆਪਣੇ ਪੁੱਤਰ ਸ. ਅਜਮੇਰ ਸਿੰਘ ਨਾਲ ਗੱਲਾਂ ਕੀਤੀਆਂ। ਦੇਸ਼ ਦੀ ਵੰਡ ਤੋਂ ਪਹਿਲਾਂ ਸ. ਨਿਰਵੈਰ ਨੇ ਲੋਕ ਪੱਖੀ ਲਹਿਰਾਂ ਵਿੱਚ ਪੂਰੇ ਤਨ-ਮਨ ਨਾਲ ਹਿੱਸਾ ਲਿਆ, ਜੇਲਾਂ ਕੱਟੀਆਂ, ਹਕੂਮਤਾਂ ਦੇ ਜ਼ੁਲਮ ਆਪਣੇ ਪਿੰਡੇ 'ਤੇ ਹੰਢਾਏ। ਉਸ ਵੇਲੇ ਜਦੋਂ ਪੰਜਾਬ ਦੇ ਪਿੰਡਾਂ ਵਿੱਚ ਖਾਸ ਕਰਕੇ ਮਾਲਵੇ ਦੇ ਇਸ ਬਠਿੰਡਾ ਇਲਾਕੇ ਵਿੱਚ ਪੜਾਈ ਦਾ ਕੋਈ ਸਾਧਨ ਨਹੀਂ ਸੀ, ਉਹ ਆਪ ਪੜੇ ਤੇ ਪਿੰਡ ਤੇ ਆਸ-ਪਾਸ ਦੇ ਪਿੰਡਾਂ ਦੇ ਬੱਚਿਆਂ ਦੀ ਪੜਾਈ ਲਈ ਯਤਨ ਕੀਤੇ। ਉਹਨਾਂ ਦੇ ਸਪੁੱਤਰ ਸ. ਅਜਮੇਰ ਸਿੰਘ ਦੇ ਨਕਸਲਵਾੜੀ ਲਹਿਰ ਵਿੱਚ ਰੂਪੋਸ਼ ਹੋ ਜਾਣ ਮਗਰੋਂ ਅਤੇ ਫਿਰ ਖਾੜਕੂ ਸਫਾਂ ਵਿੱਚ ਸਰਗਰਮ ਹੋਣ ਮਗਰੋਂ ਵੀ ਉਹਨਾਂ ਸਰਕਾਰੀ ਤੰਤਰ ਦਾ ਜ਼ੁਲਮ ਆਪਣੇ ਹੱਡੀਂ ਹੰਡਾਇਆ। ਰਾਜਸੀ ਲਹਿਰਾਂ ਵਿੱਚ ਸਰਗਰਮ ਹੋਣ ਤੋਂ ਇਲਾਵਾ ਬਾਪੂ ਨਿਰਵੈਰ ਨੇ ਇੱਕ ਦਰਜਨ ਦੇ ਕਰੀਬ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ। ਉਹਨਾਂ ਦੀਆਂ ਰਚਨਾਵਾਂ 'ਜਿਨ ਸੱਚ ਪਲੈ ਹੋਇ', 'ਇਖ਼ਲਾਈ ਰਮਜਾਂ' ਆਦਿ ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਸ. ਬੀਰ ਸਿੰਘ ਸਾਰੀ ਉਮਰ ਗੁਰਮਤਿ ਦੇ ਫਲਫ਼ਸੇ ਨਾਲ ਜੁੜ ਕੇ ਉਸ ਅਨੁਸਾਰ ਹੀ ਆਪਣੀ ਜਿੰਦਗੀ ਜਿਉਂਦੇ ਰਹੇ। ਆਪਣੇ ਪੁੱਤਰ ਸ. ਅਜਮੇਰ ਸਿੰਘ ਦਾ 31 ਸਾਲ ਰੂਪੋਸ਼ੀ ਵਾਲਾ ਵਿਛੋੜਾ ਤੇ ਹਕੂਮਤੀ ਤਸ਼ੱਦਦ ਨੂੰ ਉਹਨਾਂ ਨੇ ਖਿੜੇ ਮੱਥੇ ਝੱਲਿਆ।

**ਪਰਿਵਾਰ ਦੀ ਸਿੱਖ ਕੌਮ ਨੂੰ ਇਤਿਹਾਸਕ ਦੇਣ : ਜਸਪਾਲ ਸਿੰਘ ਸਿੱਧੂ**

ਸਿੱਖ ਚਿੰਤਕ ਸ. ਜਸਪਾਲ ਸਿੰਘ ਸਿੱਧੂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਇਸ ਪਰਿਵਾਰ ਦੀ ਜੋ ਸਿੱਖ ਕੌਮ ਨੂੰ ਦੇਣ ਹੈ, ਉਹ ਇਤਿਹਾਸ ਵਿੱਚ ਦਰਜ ਹੋਵੇਗੀ। ਇਸ ਮੌਕੇ ਭਾਈ ਸਾਹਿਬ ਭਾਈ ਦਲਜੀਤ ਸਿੰਘ ਬਿੱਟੂ, ਬਾਬਾ ਹਰਦੀਪ ਸਿੰਘ ਮਹਿਰਾਜ, ਪੰਜਾਬੀ ਮਾਂ ਬੋਲੀ ਸਤਿਕਾਰ ਮੰਚ ਦੇ ਬਲਜਿੰਦਰ ਸਿੰਘ ਕੋਟਭਾਰਾ, ਭਾਈ ਗੁਰਵਿੰਦਰ ਸਿੰਘ ਬਠਿੰਡਾ, ਭਾਈ ਜੀਵਨ ਸਿੰਘ ਗਿੱਲ ਕਲਾਂ, ਭਾਈ ਸੁਖਚੈਨ ਸਿੰਘ ਅਤਲਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪੁੱਜੇ। ਇਸ ਸਮੇਂ ਸ. ਅਜਮੇਰ ਸਿੰਘ ਨੇ ਬਾਪੂ ਬੀਰ ਸਿੰਘ ਨਿਰਭੈਰ ਦੀ ਜਿੰਦਗੀ ਦੇ ਤਜਰਬੇ, ਯਾਦਾਂ ਦੇ ਪਲਾਂ ਨੂੰ ਸਨੇਹੀਆਂ ਨਾਲ ਸਾਂਝਾ ਕੀਤਾ।

## ਸ. ਬੀਰ ਸਿੰਘ ਨਿਰਵੈਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 6 ਜਨਵਰੀ ਨੂੰ

ਸ. ਬੀਰ ਸਿੰਘ ਨਿਰਵੈਰ ਜੀ ਦੇ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 6 ਜਨਵਰੀ, ਦਿਨ ਐਤਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਮੰਡੀ ਕਲਾਂ, ਜਿਲਾ ਬਠਿੰਡਾ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਇਸ ਮੌਕੇ ਪੰਜਾਬ ਤੇ ਪੰਥ ਦੀਆਂ ਨਾਮਵਰ ਸਿਆਸੀ ਤੇ ਧਾਰਮਿਕ ਸ਼ਖਸੀਅਤਾਂ ਵੱਲੋਂ ਵਿਛੜੀ ਮਹਾਨ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।



## ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਬਰਤਾਨੀਆ ਦੌਰੇ ਦੌਰਾਨ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦਾ ਮੁੱਦਾ ਚੁੱਕਿਆ

**ਲੰਡਨ/ਬਿਊਰੋ ਨਿਊਜ਼ :** ਐਡਵੋਕੇਟ ਸ. ਜਸਪਾਲ ਸਿੰਘ ਮੰਝਪੁਰ ਵੱਲੋਂ ਬਰਤਾਨੀਆ ਦੇ ਦੌਰੇ ਦੌਰਾਨ ਮਨੁੱਖੀ ਅਧਿਕਾਰਾਂ ਦੇ ਅਧਾਰ ਤੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਜਾਣਕਾਰੀ ਸਿੱਖ ਸੰਗਤਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਇੱਕ ਸਾਲ ਤੋਂ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਅਤੇ 8 ਕੇਸਾਂ ਦਾ ਸਾਹਮਣਾ ਕਰ ਰਹੇ ਬਰਤਾਨਵੀ ਨਾਗਰਿਕ ਸ. ਜਗਤਾਰ ਸਿੰਘ ਜੱਗੀ ਜੌਹਲ ਦੇ ਪਰਿਵਾਰ ਨੂੰ ਮਿਲਣ ਪਹੁੰਚੇ ਸ. ਜਸਪਾਲ ਸਿੰਘ ਮੰਝਪੁਰ ਵਲੋਂ ਗਲਾਸਗੋ, ਕਾਵੈਂਟਰੀ, ਸਾਊਥਾਲ, ਲੈਸਟਰ, ਡਰਬੀ, ਬ੍ਰਮਿੰਘਮ ਵਰਗੇ ਸ਼ਹਿਰਾਂ ਵਿੱਚ ਸਿੱਖ ਸੰਗਤਾਂ ਨਾਲ ਖੁੱਲ੍ਹੇ ਵਿਚਾਰ ਸਾਂਝੇ ਕੀਤੇ ਗਏ ਅਤੇ ਸੈਮੀਨਾਰਾਂ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਨਿਭਾਈ ਗਈ।

ਬ੍ਰਮਿੰਘਮ ਦੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੇ ਲੈਕਚਰ ਥੀਏਟਰ ਵਿੱਚ ਦੋ ਘੰਟੇ ਦੀ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਦਾ ਪ੍ਰਬੰਧ ਸਿੱਖ ਯੂਥ ਯੂਕੇ ਅਤੇ ਫਰੀ ਜੱਗੀ ਕੰਪੇਨ ਵਲੋਂ ਕੀਤਾ ਗਿਆ। ਖਚਾਖਚਾ ਭਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਹਰੇਕ ਗੱਲ ਦਾ ਜਵਾਬ ਦਿੱਤਾ ਅਤੇ ਕੁਝ ਹੈਰਾਨੀਜਨਕ ਤੱਥ ਵੀ ਪੇਸ਼ ਕੀਤੇ। ਉਹਨਾਂ ਆਖਿਆ ਕਿ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ 90 ਦੇ ਕਰੀਬ ਸਿੱਖ ਬੰਦ ਹਨ ਅਤੇ 19 ਸਿੱਖਾਂ ਨੂੰ ਉਮਰਕੈਦ ਹੋ ਚੁੱਕੀ ਹੈ ਜਦਕਿ ਬਾਕੀ ਅੰਡਰ ਟਰਾਇਲ ਹਨ। ਪ੍ਰੈਸ ਕਾਨਫਰੰਸ ਦੇ ਅਖੀਰ ਵਿੱਚ ਸ. ਮੰਝਪੁਰ ਨੂੰ ਯੂਨਾਈਟਡ ਖਾਲਸਾ ਦਲ ਯੂਕੇ ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਹਰਦੀਸ਼ ਸਿੰਘ ਵਲੋਂ ਸਿਰੋਪਾਉ ਦੇ ਕੇ ਸਨਮਾਨਤਿ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਦੀਪਾ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਭਾਈ ਸਰਬਜੀਤ ਸਿੰਘ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸੁਖਵਿੰਦਰ ਸਿੰਘ, ਭਾਈ ਅਵਤਾਰ ਸਿੰਘ ਖੰਡਾ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਾਰਿਆਂ ਵੱਲੋਂ ਸ. ਜਸਪਾਲ ਸਿੰਘ ਮੰਝਪੁਰ ਦੁਆਰਾ ਸੰਘਰਸ਼ਸ਼ੀਲ ਸਿੱਖ ਨੌਜਵਾਨਾਂ ਦੀ ਤਨਦੇਹੀ ਨਾਲ ਕੀਤੀ ਜਾ ਰਹੀ ਕਨੂੰਨੀ ਪੈਰਵਾਈ ਦੀ ਸ਼ਲਾਘਾ ਕਰਦਿਆਂ ਹਰ ਤਰਾਂ ਨਾਲ ਸਹਿਯੋਗ ਦੇਣ ਦਾ ਅਹਿਦ ਕੀਤਾ ਗਿਆ।

# ਸਿੱਖ ਵਫਦ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਦਾ ਧੰਨਵਾਦ



**ਨਿਊਯਾਰਕ/ਬਿਊਰੋ ਨਿਊਜ਼ :** ਪਿਛਲੇ ਕਈ ਦਹਾਕਿਆਂ ਤੋਂ ਸਿੱਖ ਕੌਮ ਦੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦੀ ਮੰਗ ਨੂੰ ਪਾਕਿਸਤਾਨ ਨੇ ਪਹਿਲਕਦਮੀ ਕਰਦਿਆਂ ਅਮਲੀ ਜਾਮਾ ਪਹਿਨਾ ਕੇ ਸਮੁੱਚੀ ਸਿੱਖ ਕੌਮ ਦਾ ਦਿਲ ਜਿੱਤ ਲਿਆ ਹੈ, ਇਸੇ ਸਦਕਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੀ ਅਗਵਾਈ ਹੇਠ ਸਿੱਖ ਵਫਦ ਵੱਲੋਂ ਪਾਕਿਸਤਾਨ ਦਾ ਧੰਨਵਾਦ ਕਰਨ ਦੇ ਮੰਤਵ ਨਾਲ ਪਾਕਿਸਤਾਨ ਦੇ ਕੌਂਸਲ ਜਰਨਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਕੌਂਸਲ ਜਰਨਲ ਰਾਜਾ ਅਲੀ ਏਜਾਜ਼ ਦਾ ਸਨਮਾਨ ਕੀਤਾ ਗਿਆ ਅਤੇ ਪਾਕਿਸਤਾਨ ਨਾਲ ਆਪਸੀ ਸਾਂਝ ਦੀ ਪ੍ਰਫੁੱਲਤਾ ਲਈ ਅਰਦਾਸ ਵੀ ਕੀਤੀ ਗਈ। ਰਾਜਾ ਅਲੀ ਏਜਾਜ਼ ਵੱਲੋਂ ਸਿੱਖ ਵਫਦ ਦਾ ਖੁੱਲ੍ਹੀਆਂ ਬਾਹਵਾਂ ਨਾਲ ਸੁਆਗਤ ਕੀਤਾ ਗਿਆ। ਆਪਣੇ ਸੰਬੋਧਨ ਵਿਚ ਵਫਦ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਅਸੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਉਹਨਾਂ ਦੇ ਸਾਰੇ ਪ੍ਰਸ਼ਾਸਨ ਅਤੇ ਪਾਕਿਸਤਾਨ ਦੀ ਅਵਾਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਆਪਸੀ ਸਾਂਝ ਦੇ ਇਹ ਕਦਮ ਹੋਰ ਅੱਗੇ ਵਧਣਗੇ। ਪਾਕਿਸਤਾਨ ਨੇ ਇਸ ਕਦਮ ਨਾਲ ਸਮੁੱਚੀ ਸਿੱਖ ਕੌਮ ਦਾ ਦਿਲ ਜਿੱਤਾ ਲਿਆ ਹੈ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਇਹ ਸਾਂਝ ਕੋਈ ਨਵੀਂ ਨਹੀਂ ਹੈ, ਗੁਰੂ ਅਰਜਨ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ ਅਤੇ ਗੁਰੂ-ਕਾਲ ਦੌਰਾਨ ਮੁਸਲਮਾਨਾਂ ਨੇ ਜੰਗ ਦੇ ਮੈਦਾਨ ਵਿੱਚ ਸਿੱਖਾਂ ਨਾਲ ਸ਼ਹਾਦਤਾਂ ਦਿੱਤੀਆਂ ਸਨ। ਸੰਨ 1947 ਵਿਚ ਦੋਹਾਂ ਪਾਸਿਓਂ ਕੀਤੇ ਗਏ ਪਾਗਲਪਨ ਨੇ ਸਾਡਾ ਨੁਕਸਾਨ ਕੀਤਾ ਪਰ ਅੱਜ ਅਸੀਂ ਅਜੋਕੇ ਇਤਿਹਾਸ ਦੇ ਉਸ ਦੁੱਖਦਾਈ ਮੋੜ ਨੂੰ ਪਿੱਛੇ ਛੱਡ ਆਏ ਹਾਂ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਸਿੱਖ-ਮੁਸਲਮਾਨ ਸਾਂਝ ਵਿਚ ਇੱਕ ਮੀਲ-ਪੱਥਰ ਸਾਬਤ ਹੋਵੇਗਾ। ਭਾਵੇਂ ਭਾਰਤ ਸਰਕਾਰ ਨੂੰ ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਮਨਜ਼ੂਰ ਨਹੀਂ ਪਰ ਅੱਜ ਅਸੀਂ ਜਾਗਰੁਕ ਹਾਂ ਅਤੇ ਇਹ ਸਮਝਦੇ ਹਾਂ ਕਿ ਸਾਡੀ ਵਿਰਾਸਤ, ਇਤਿਹਾਸਕ ਅਤੇ ਤਹਿਜ਼ੀਬ ਦੀ ਡੂੰਘੀ ਸਾਂਝ ਹੈ। ਸਾਨੂੰ ਲੋੜ ਹੈ ਕਿ ਅਸੀਂ ਇਸ ਸਾਂਝ ਦੀ ਅਹਿਮੀਅਤ ਨੂੰ ਸਮਝੀਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਂਝੀਵਾਲਤਾ ਅਤੇ ਸ਼ਾਂਤੀ ਨਾਲ ਆਪਣਾ ਜੀਵਨ ਬਤੀਤ ਕਰ ਸਕਣ। ਸਿੱਖ ਵਫਦ ਵੱਲੋਂ ਰਾਜਾ ਅਲੀ ਏਜਾਜ਼ ਦਾ ਸਨਮਾਨ ਕਰਦਿਆਂ ਉਹਨਾਂ ਨੂੰ ਦਰਬਾਰ ਸਾਹਿਬ ਦੀ ਤਸਵੀਰ ਅਤੇ ਦੋਸ਼ਾਲਾ ਭੇਟ ਕੀਤਾ ਗਿਆ। ਰਾਜਾ ਅਲੀ ਏਜਾਜ਼ ਨੇ ਭਰੋਸਾ ਦਿਵਾਇਆ ਕਿ ਪਾਕਿਸਤਾਨ ਦੀ ਹਕੂਮਤ ਖਾਸ ਕਰਕੇ ਇਮਰਾਨ ਖਾਨ ਸਾਹਿਬ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਸਿੱਖ ਕੌਮ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਅਤੇ ਪਾਕਿਸਤਾਨ ਵਿਚਲੇ ਸਿੱਖ ਇਤਿਹਾਸ ਦੀ ਕੀ ਅਹਿਮੀਅਤ ਹੈ ਅਤੇ ਇਸ ਸਾਂਝ ਨੂੰ ਅੱਗੇ ਵਧਾਉਣ ਲਈ ਪਾਕਿਸਤਾਨ ਵਚਨਬੱਧ ਹੈ। ਪਾਕਿਸਤਾਨ ਦੇ ਕੌਂਸਲ ਜਰਨਲ ਨਾਲ ਮੁਲਤਕਾਤ ਕਰਨ ਵਾਲੇ ਸਿੱਖ ਵਫਦ ਵਿਚ ਦੁਆਬਾ ਸਿੱਖ ਅਸੋਸੀਏਸ਼ਨ ਤੋਂ ਹਰਮੇਲ ਸਿੰਘ ਅਤੇ ਬਲਜਿੰਦਰ ਸਿੰਘ, ਸਿੱਖ ਯੂਥ ਆਫ ਅਮਰੀਕਾ ਤੋਂ ਡਾ. ਰਣਜੀਤ ਸਿੰਘ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਖਾਲਸਾ, ਪੰਥਕ ਸਿੱਖ ਸੋਸਾਇਟੀ ਸੰਸਥਾ ਵੱਲੋਂ ਕਰਮਜੀਤ ਸਿੰਘ ਭਟਨੂਰਾ ਆਦਿ ਵੀ ਸ਼ਾਮਲ ਸਨ।

# ਰਾਜੀਵ ਗਾਂਧੀ ਦੇ ਬੁੱਤ ’ਤੇ ਕਾਲਖ਼ ਮਲਣ ਵਾਲੇ ਅਕਾਲੀ ਆਗੂ ਦੀ ਸੋਨੀਆ ਗਾਂਧੀ ਨਾਲ ਫੋਟੋ ਵਾਇਰਲ

**ਲੁਧਿਆਣਾ/ਬਿਊਰੋ ਨਿਊਜ਼ :** ਇੱਥੇ ਸਲੇਮ ਟਾਬਰੀ ਸਥਿਤ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ ‘ਤੇ ਕਾਲਖ਼ ਮਲਣ ਵਾਲੇ ਯੂਥ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ ਦੀ ਕਾਂਗਰਸ ਆਗੂ ਸੋਨੀਆ ਗਾਂਧੀ ਨੂੰ ਸਨਮਾਨਿਤ ਕਰਨ ਦੀ ਤਸਵੀਰ ਸੋਸ਼ਲ ਮੀਡੀਆ ‘ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਯੂਪੀਏ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ ਬਣਾਉਣ ਦੇ ਫ਼ੈਸਲੇ ਤੋਂ ਬਾਅਦ



ਸਰਨਾ ਭਰਾਵਾਂ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਸਨਮਾਨਿਤ ਕੀਤਾ ਸੀ। ਉਸ ਮੌਕੇ ਗੋਸ਼ਾ ਵੀ ਲੁਧਿਆਣਾ ਦੇ ਕੁਝ ਹੋਰ ਆਗੂਆਂ ਨਾਲ ਉਥੇ ਹਾਜ਼ਰ ਸਨ। ਵਾਇਰਲ ਹੋਈ ਤਸਵੀਰ ਵਿਚ ਗੋਸ਼ਾ ਤੇ ਹਰਵਿੰਦਰ ਸਿੰਘ ਸਰਨਾ ਸੋਨੀਆ ਗਾਂਧੀ ਨਾਲ

**ਬਾਕੀ ਸਫ਼ਾ 29 ’ਤੇ**


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

***Call for more Info:***

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

## ਪੰਜਾਬ ਨੂੰ ਇਨਸਾਫ਼ ਨਾ ਦੇਣ ਦਾ ਮਾਮਲਾ

# ਦਲ ਖ਼ਾਲਸਾ ਨੇ ਨਵੇਂ ਸਾਲ ਦਾ ਸ਼ੁਰੂਆਤੀ ਦਿਨ ਰੋਸ ਵਜੋਂ ਮਨਾਇਆ

**ਬਠਿੰਡਾ/ਬਲਜਿੰਦਰ ਸਿੰਘ ਕੋਟਭਾਰਾ :** ਨਵੇਂ ਸਾਲ ਦੇ ਸ਼ੁਰੂਆਤੀ ਦਿਨ ਨੂੰ ਦਲ ਖ਼ਾਲਸਾ ਤੇ ਸਿੱਖ ਯੂਥ ਆਫ਼ ਪੰਜਾਬ ਨੇ ਰੋਸ ਵਜੋਂ ਮਨਾਉਂਦਿਆਂ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨ 'ਤੇ ਰੋਸ ਪ੍ਰਗਟ ਕੀਤਾ। ਬਠਿੰਡਾ ਦੇ ਬੱਸ ਅੱਡੇ ਅੱਗੇ ਭਾਰੀ ਗਿਣਤੀ ਵਿੱਚ ਸਿੱਖ ਨੌਜਵਾਨ, ਜਿਹਨਾਂ ਨੇ ਆਪਣੇ ਹੱਥਾਂ ਵਿੱਚ 'ਗੁਲਾਮ ਕੌਮਾਂ ਲਈ ਨਵੇਂ ਸਾਲ ਦੀਆਂ ਕਾਹਦੀਆਂ ਖ਼ੁਸ਼ੀਆਂ ?','ਜੇਲ੍ਹੀਂ ਬੈਠੇ ਪੁੱਤਾਂ ਦੇ ਮਾਪੇ ਉਡੀਕਣ ਰਾਹ ਦਿੱਲੀਏ.. ਨਵੇਂ ਸਾਲ ਦੇ ਜਸ਼ਨਾਂ ਦਾ ਸਾਨੂੰ ਕਾਹਦਾ ਚਾਅ ਦਿੱਲੀਏ', 'ਬੰਦੀ ਸਿੰਘ ਰਿਹਾਅ ਕਰੋ', 'ਨਵੇਂ ਸਾਲ ਦੇ ਸੂਰਜ ਦੀਆਂ ਕਿਰਨਾਂ ਦੇ ਰਾਹਾਂ ਦੀ ਰੁਕਾਵਟ ਜੇਲ੍ਹਾਂ ਦੀਆਂ ਕਾਲ ਕੋਠੜੀਆਂ' ਦੇ ਬੈਨਰ ਹੱਥਾਂ ਵਿੱਚ ਫੜ ਕੇ ਲੋਕਾਂ ਵਿਚ ਆਪਣਾ ਰੋਸ-ਸੁਨੇਹਾ ਦਿੱਤਾ ਗਿਆ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਦਲ ਖ਼ਾਲਸਾ ਦੇ ਆਗੂ ਭਾਈ ਬਲਦੇਵ ਸਿੰਘ ਸਿਰਸਾ ਨੇ ਸਿੱਖ ਸੰਗਤਾਂ ਨੂੰ ਆਪਣੇ 'ਤੇ ਹੋ ਰਹੇ ਚੌਤਰਫ਼ਾ ਸੂਖਮ ਹਮਲਿਆਂ ਤੋਂ ਜਾਣੂ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ।



ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਬਠਿੰਡਾ ਵਿੱਚ ਨਵੇਂ ਸਾਲ ਦੇ ਸ਼ੁਰੂਆਤੀ ਦਿਨ ਮੌਕੇ ਦਲ ਖ਼ਾਲਸਾ ਦਾ ਰੋਸ ਪ੍ਰਦਰਸ਼ਨ।

ਭਾਈ ਸਿਰਸਾ ਨੇ ਦਿੱਲੀ ਵੱਲੋਂ ਪੰਜਾਬ ਨਾਲ ਹਰ ਪੱਖੋਂ ਹੋ ਰਹੀ ਧੱਕੇਸ਼ਾਹੀ ਦੀ ਗੱਲ ਕਰਦਿਆਂ ਕਿਹਾ ਕਿ 20ਵੀਂ ਸਦੀ ਦੀ ਸਿੱਖ ਹਥਿਆਰਬੰਦ ਲਹਿਰ ਵੇਲੇ ਤੋਂ ਜੋ ਸਿੱਖ ਨੌਜਵਾਨ ਦਹਾਕਿਆਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ, ਉਹ ਉਮਰ ਦੇ ਆਖਰੀ ਪੜਾਅ 'ਤੇ ਜ਼ਿੰਦਗੀ ਦੀਆਂ ਘੜੀਆਂ ਗਿਣ ਰਹੇ ਹਨ। ਉਹਨਾਂ ਦੇ ਬਜ਼ੁਰਗ ਮਾਪੇ ਦਹਾਕਿਆਂ ਤੋਂ ਪੁੱਤਰਾਂ ਨੂੰ ਤਰਸਦੇ ਇਸ ਦੁਨੀਆ ਤੋਂ ਚਲੇ ਗਏ ਹਨ ਤੇ ਜਾ ਰਹੇ ਹਨ ਪਰ ਉਹਨਾਂ ਦੇ ਪੁੱਤਰਾਂ ਦੀ ਰਿਹਾਈ ਦੀ ਉਮੀਦ ਨਹੀਂ ਦਿਸ ਰਹੀ। ਦਲ ਖ਼ਾਲਸਾ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਿੱਖ ਮਸਲਿਆਂ ਪ੍ਰਤੀ ਦਿੱਲੀ ਦੀ ਗੂੰਗੀ ਬੋਲੀ ਹਕੂਮਤ ਨੂੰ ਕੋਸਦਿਆਂ ਕਿਹਾ ਕਿ ਉਸਦਾ ਇਹ ਕੁਪ੍ਰਬੰਧ ਪਿਛਲੇ 70-75 ਸਾਲਾਂ ਤੋਂ ਸਿੱਖਾਂ ਨਾਲ ਦੁਸ਼ਮਣੀ ਨਿਭਾਉਂਦਾ ਆ ਰਿਹਾ ਹੈ। ਇਸ ਮੌਕੇ ਪੰਜਾਬੀ ਮਾਂ ਬੋਲੀ ਸਤਿਕਾਰ ਮੰਚ ਦੇ ਲਖਵੀਰ ਸਿੰਘ ਲੱਖਾ ਸਿਧਾਣਾ ਨੇ ਨੌਜਵਾਨਾਂ ਨੂੰ ਕਿਸੇ ਵੀ ਪ੍ਰਕਾਰ ਦੀ ਨਵੇਂ ਸਾਲ 'ਤੇ ਵਧਾਈ ਨਾ ਦੇਣ ਦੀ ਅਪੀਲ ਕਰਦਿਆਂ ਉਹਨਾਂ ਨੂੰ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਨ ਦੀ ਬੇਨਤੀ ਕੀਤੀ। ਆਪਣੇ ਸੰਬੋਧਨੀ ਭਾਸ਼ਣ ਵਿੱਚ ਉਹਨਾਂ ਕਿਹਾ ਕਿ ਸਾਡੇ ਬਹੁਤ ਸਾਰੇ ਭਰਾ ਪਿਛਲੇ ਲੰਬੇ ਸਮੇਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ, ਜਿਸ ਕਰਕੇ ਸਾਨੂੰ ਜਸ਼ਨਾਂ ਦੀ ਬਜਾਏ ਇਸ ਦਿਨ ਨੂੰ ਕਾਲਾ ਤੇ ਰੋਸ ਦਿਨ ਵਜੋਂ ਮਨਾਉਣਾ ਚਾਹੀਦਾ ਹੈ। ਇਸ ਰੋਸ ਪ੍ਰਦਰਸ਼ਨ ਵਿੱਚ ਦਲ ਖ਼ਾਲਸਾ ਦੇ ਭਾਈ ਗੁਰਵਿੰਦਰ ਸਿੰਘ ਬਠਿੰਡਾ, ਭਾਈ ਜੀਵਨ ਸਿੰਘ ਗਿੱਲ ਕਲਾਂ, ਪੰਜਾਬੀ ਮਾਂ ਬੋਲੀ ਸਤਿਕਾਰ ਮੰਚ ਵੱਲੋਂ ਬਲਜਿੰਦਰ ਸਿੰਘ ਕੋਟਭਾਰਾ, ਗਗਨ ਕੌਰ ਮਾਨਸਾ, ਸਿੱਖ ਯੂਥ ਆਫ਼ ਪੰਜਾਬ ਦੇ ਹਰਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਨੌਜਵਾਨ ਆਗੂ ਪਰਨਜੀਤ ਸਿੰਘ ਜੱਗੀ ਬਾਬਾ, ਦਲ ਖ਼ਾਲਸਾ ਦੇ ਕੌਰ ਸਿੰਘ ਲੰਭਵਾਲੀ ਤੇ ਸਮਾਜ ਸੇਵੀ ਜਗਰੂਪ ਸਿੰਘ ਵਿਦਰੋਹੀ ਵੀ ਹਾਜ਼ਰ ਸਨ।

# ਮਾਤਾ ਦੀ ਅੰਤਿਮ ਅਰਦਾਸ ਮੌਕੇ ਪੁਲਿਸ ਪਹਿਰੇ ਹੇਠ ਲਿਆਂਦੇ ਗਏ ਭਾਈ ਬਲਵੀਰ ਸਿੰਘ ਬੀਰਾ

**ਫਿਰੋਜ਼ਪੁਰ/ਬਲਜਿੰਦਰ ਸਿੰਘ ਬਾਗ਼ੀ :** ਜੇਲ੍ਹ ਵਿਚ ਬੰਦ ਜੁਝਾਰੂ ਸਿੰਘ ਭਾਈ ਬਲਵੀਰ ਸਿੰਘ ਬੀਰਾ ਦੀ ਮਾਤਾ ਮਾਜੋ ਕੌਰ ਦੀ ਅੰਤਿਮ ਅਰਦਾਸ ਉਹਨਾਂ ਦੇ ਜੱਦੀ ਪਿੰਡ ਮੌਲਵੀਵਾਲਾ (ਟਾਹਲੀਵਾਲਾ) ਜਿਲ੍ਹਾ ਫਿਰੋਜ਼ਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਭਾਈ ਬਲਵੀਰ ਸਿੰਘ ਬੀਰਾ ਨੂੰ ਉਨ੍ਹਾਂ ਦੀ ਮਾਤਾ ਦੀ ਅੰਤਿਮ ਅਰਦਾਸ ਮੌਕੇ ਪੁਲਿਸ ਦੇ ਸਖਤ ਪਹਿਰੇ ਹੇਠ ਲਿਆਂਦਾ ਗਿਆ। ਇਸ ਮੌਕੇ ਉੱਘੇ ਸਿੱਖ ਜੁਝਾਰੂਆਂ ਨੇ ਆਪਣੀ ਹਾਜ਼ਰੀ ਲੁਆਈ। ਜੁਝਾਰੂ ਸਿੰਘ ਭਾਈ ਦਲਜੀਤ ਸਿੰਘ ਬਿੱਟੂ ਜੀ ਵੀ ਉਚੇਚੇ ਤੌਰ 'ਤੇ ਇਥੇ ਪੁੱਜੇ।





ਭਾਈ ਬਲਵੀਰ ਸਿੰਘ ਬੀਰਾ ਜੀ ਪੁਲਿਸ ਦੇ ਪਹਿਰੇ ਹੇਠ ਗੁਰਦੁਆਰਾ ਸਾਹਿਬ ਵਿਚ ਤੇ ਨਾਲ ਭਾਈ ਦਲਜੀਤ ਸਿੰਘ ਬਿੱਟੂ ਤੇ ਹੋਰ ਸਿੱਖ ਸੰਗਤ।

ਭਾਈ ਬਿੱਟੂ ਨੇ ਦੱਸਿਆ ਕਿ ਇਸ ਜੁਝਾਰੂ ਸਿੰਘ ਭਾਈ ਬਲਵੀਰ ਸਿੰਘ ਬੀਰਾ ਦੀ ਸਿੱਖ ਕੌਮ ਲਈ ਕੀਤੀ ਕੁਰਬਾਨੀ ਨੂੰ ਸਦਾ ਸਿਜਦਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਅਜਿਹੇ ਜੁਝਾਰੂ ਹਨ ਜਿਹੜੇ ਪਰਿਵਾਰਕ ਤੌਰ 'ਤੇ ਮਾੜੀਆਂ ਹਾਲਤਾਂ ਵਿਚ ਵੀ ਸਿੱਖ ਸੰਘਰਸ਼ ਲਈ ਡਟੇ ਹੋਏ ਹਨ। ਭਾਈ ਬਿੱਟੂ ਨੇ ਭਾਈ ਭੂਤਨਾ ਦੀ ਧਰਮ ਪਤਨੀ ਅਤੇ ਸਾਰੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਪੂਰੀ ਸਿੱਖ ਕੌਮ ਪਰਿਵਾਰ ਦੇ ਨਾਲ ਖੜ੍ਹੀ ਹੈ। ਇਸ ਸਮੇਂ ਭਾਈ ਮਨਧੀਰ ਸਿੰਘ ਅਤੇ ਦਲ ਖ਼ਾਲਸਾ ਵੱਲੋਂ ਬਾਬਾ ਹਰਦੀਪ ਸਿੰਘ ਮਹਿਰਾਜ, ਭਾਈ ਜਸਵੀਰ ਸਿੰਘ ਖੰਡੂਰ, ਕੇਂਦਰੀ ਵਰਕਿੰਗ ਕਮੇਟੀ ਮੈਂਬਰ ਭਾਈ ਗੁਰਵਿੰਦਰ ਸਿੰਘ ਬਠਿੰਡਾ, ਭਾਈ ਰਘਵੀਰ ਸਿੰਘ, ਗਮਦੂਰ ਸਿੰਘ, ਸਰਵਰਨ ਸਿੰਘ ਕੋਟਧਰਮੂ, ਭਾਈ ਪਲਵਿੰਦਰ ਸਿੰਘ ਸ਼ੁਤਰਾਣਾ, ਭਾਈ ਜੀਵਨ ਸਿੰਘ ਗਿੱਲ ਕਲਾਂ, ਪੰਜਾਬੀ ਮਾਂ ਬੋਲੀ ਸਤਿਕਾਰ ਮੰਚ ਵੱਲੋਂ ਬਲਜਿੰਦਰ ਸਿੰਘ ਕੋਟਭਾਰਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਸੁਖਚੈਨ ਸਿੰਘ ਅਤਲਾ ਅਤੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਆਦਿ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang
Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਜਾਬ: ਪੰਚਾਇਤ ਚੋਣਾਂ ਵਿਚ ਹਿੰਸਾ ਦੇ ਬਾਵਜੂਦ 80 ਫ਼ੀਸਦੀ ਤੋਂ ਵੱਧ ਪੋਲਿੰਗ

### *ਕਈ ਥਾਈਂ ਹਿੰਸਾ ਤੇ ਧੱਕੇਸ਼ਾਹੀ*
### *ਬਾਦਲਾਂ ਨੇ ਪਿੰਡ ਦੀ ਸਰਪੰਚੀ ਵੀ ਹਾਰੀ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀਆਂ ਪੰਚਾਇਤ ਚੋਣਾਂ ਦੌਰਾਨ ਕੁਝ ਥਾਵਾਂ 'ਤੇ ਹਿੰਸਕ ਝੜਪਾਂ ਹੋਈਆਂ । ਇਸ ਦੇ ਬਾਵਜੂਦ ਚੋਣ ਕਮਿਸ਼ਨ ਮੁਤਾਬਕ 80 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ। ਫਿਰੋਜ਼ਪੁਰ ਜ਼ਿਲ੍ਹੇ ਦੇ ਲਖਮੀਰ ਕੇ ਹਿਠਾੜ ਪਿੰਡ ਵਿਚ ਅਣਪਛਾਤੇ ਵਿਅਕਤੀਆਂ ਨੇ ਬੈਲੇਟ ਬਕਸੇ ਨੂੰ ਅੱਗ ਲਾ ਕੇ ਵੋਟਰ ਪਰਚੀਆਂ ਸਾੜ ਦਿੱਤੀਆਂ ਅਤੇ ਕਾਰ ਭਜਾ ਕੇ ਜਾਂਦੇ ਸਮੇਂ 60 ਸਾਲ ਦੇ ਵਿਅਕਤੀ ਨੂੰ ਦਰੜ ਕੇ ਮਾਰ ਦਿੱਤਾ। ਢਾਈ ਦਰਜਨ ਤੋਂ ਵੱਧ ਪਿੰਡਾਂ ਵਿਚ ਲੜਾਈ-ਝਗੜੇ ਅਤੇ ਬੂਥਾਂ 'ਤੇ ਕਬਜ਼ੇ ਦੀਆਂ ਰਿਪੋਰਟਾਂ ਮਿਲੀਆਂ । ਇਸੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਦੇ ਦੋ ਪਿੰਡਾਂ, ਲੁਧਿਆਣਾ ਦੇ ਦੇਤਵਾਲ, ਪਟਿਆਲਾ ਦੇ ਲਾਛੜੂ ਕਲਾਂ, ਮੋਹਾਲੀ ਦੇ ਇਕ ਪਿੰਡ ਸਮੇਤ ਅੱਠ ਪਿੰਡਾਂ 'ਚ ਮੁੜ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਕੋਲ ਸਿਫ਼ਾਰਸ਼ਾਂ ਆਈਆਂ । ਵੋਟਿੰਗ ਦਾ ਕੰਮ ਸ਼ਾਮ ਨੂੰ ਮੁਕੰਮਲ ਹੁੰਦਿਆਂ ਸਾਰ ਹੀ ਗਿਣਤੀ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਦੇਰ ਰਾਤ ਤਕ ਸਾਰੀਆਂ ਪੰਚਾਇਤਾਂ ਦੇ ਨਤੀਜੇ ਐਲਾਨੇ ਗਏ ਅਤੇ ਜੇਤੂ ਪੰਚਾਂ, ਸਰਪੰਚਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਕੜਾਕੇ ਦੀ ਠੰਢ ਵਿਚ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ। ਬਹੁਤੀਆਂ ਪੰਚਾਇਤਾਂ ਵਿਚ ਕਾਂਗਰਸ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਜਿੱਤਣ ਦੀਆਂ ਰਿਪੋਰਟਾਂ ਹਨ।

**ਬਾਦਲ ਦੀ ਰਿਸ਼ਤੇਦਾਰ ਹਾਰੀ ਸਰਪੰਚੀ :** ਬਾਦਲ ਪਿੰਡ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਉਦੇਵੀਰ ਢਿੱਲੋਂ ਕਾਂਗਰਸ ਹਮਾਇਤੀ ਉਮੀਦਵਾਰ ਕੋਲੋਂ ਸਰਪੰਚੀ ਦੀ ਚੋਣ ਹਾਰ ਗਏ । ਪੰਜਾਬੀ ਗਾਇਕ ਸਿੱਧੂ ਮੂਸਾਵਾਲੇ ਦੀ ਮਾਤਾ ਚਰਨ ਕੌਰ ਚੋਣ ਜਿੱਤ ਗਏ। 'ਆਪ' ਦੇ ਬਾਗ਼ੀ ਆਗੂ ਸੁਖਪਾਲ ਖਹਿਰਾ ਦੀ ਨਜ਼ਦੀਕੀ ਰਿਸ਼ਤੇਦਾਰ ਕਿਰਨਬੀਰ ਕੌਰ ਸਰਪੰਚੀ ਦੀ ਚੋਣ ਹਾਰ ਗਏ।



**ਬਨੂੜ ਨੇੜਲੇ ਪਿੰਡ ਫਤਹਿਪੁਰ ਗੜ੍ਹੀ ਵਿਚ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕਰਦੀ ਹੋਈ ਪੁਲੀਸ।**

**ਕਈ ਥਾਈਂ ਹਿੰਸਾ ਤੇ ਧੱਕੇਸ਼ਾਹੀ :** ਜਾਣਕਾਰੀ ਅਨੁਸਾਰ ਅਣਪਛਾਤੇ ਵਿਅਕਤੀ ਮਮਦੋਟ ਬਲਾਕ ਦੇ ਲਖਮੀਰ ਕੇ ਹਿਠਾੜ ਪਿੰਡ ਦੇ ਪੋਲਿੰਗ ਬੂਥ ਵਿਚ ਧੱਕੇ ਨਾਲ ਵੜ ਗਏ ਅਤੇ ਬੈਲੇਟ ਬਕਸੇ ਨੂੰ ਅੱਗ ਲਾ ਦਿੱਤੀ। ਪਿੰਡ ਵਾਸੀਆਂ ਵੱਲੋਂ ਵਿਰੋਧ ਕੀਤੇ ਜਾਣ ਬਾਅਦ ਉਹ ਭੱਜ ਨਿਕਲੇ ਅਤੇ ਜਾਂਦੇ ਸਮੇਂ ਪਿੰਡ ਵਾਸੀ ਮਹਿੰਦਰ ਸਿੰਘ ਨੂੰ ਕਾਰ ਹੇਠਾਂ ਦਰੜ ਦਿੱਤਾ। ਇਸ ਦੌਰਾਨ ਉਨ੍ਹਾਂ ਦੀ ਸਕਾਰਪੀਓ ਉਲਟ ਗਈ ਅਤੇ ਉਹ ਮੌਕੇ 'ਤੇ ਹੀ ਉਸ ਨੂੰ ਛੱਡ ਕੇ ਭੱਜ ਗਏ।

ਇਸ ਤੋਂ ਇਲਾਵਾ ਪਟਿਆਲਾ, ਲੁਧਿਆਣਾ, ਜਲੰਧਰ, ਮੋਗਾ, ਗੁਰਦਾਸਪੁਰ, ਅੰਮ੍ਰਿਤਸਰ ਵਿਚ ਕੁਝ ਬੂਥਾਂ 'ਤੇ ਕਬਜ਼ੇ ਅਤੇ ਹਿੰਸਕ ਝੜਪਾਂ ਹੋਈਆਂ ਜਿਨ੍ਹਾਂ ਵਿਚ ਕੁਝ ਵਿਅਕਤੀ ਜ਼ਖ਼ਮੀ ਵੀ ਹੋਏ ਹਨ। ਇਕੱਲੇ ਪਟਿਆਲਾ ਵਿਚ ਦਰਜਨ ਦੇ ਕਰੀਬ ਪਿੰਡਾਂ ਵਿਚ ਇੱਟਾਂ-ਪੱਥਰ ਚੱਲਣ ਦੀਆਂ ਰਿਪੋਰਟਾਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਗੜ੍ਹੀ ਦੇ ਪਿੰਡ ਫਤਹਿਪੁਰ ਗੜ੍ਹੀ 'ਚ ਪੋਲਿੰਗ ਬੂਥ 'ਤੇ ਕੁਝ ਬਾਹਰਲੇ ਵਿਅਕਤੀਆਂ ਨੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਅਕਾਲੀ ਆਗੂ ਵੱਲੋਂ ਵਿਰੋਧ ਕੀਤੇ ਜਾਣ 'ਤੇ ਧੱਕਾ-ਮੁੱਕੀ ਵਿਚ ਉਸ ਦੀ ਪੱਗ ਵੀ ਲਹਿ ਗਈ। ਗੁੱਸੇ ਵਿਚ ਆਏ ਪਿੰਡ ਵਾਸੀਆਂ ਨੇ ਚੋਣ ਅਮਲੇ ਦੇ ਵਾਹਨ ਭੰਨ ਦਿੱਤੇ। ਇਸ ਪਿੰਡ ਤੋਂ ਅਕਾਲੀ ਆਗੂ ਦੀ ਪਤਨੀ ਸਰਪੰਚੀ ਦੀ ਚੋਣ ਲੜ ਰਹੀ ਸੀ । ਪਟਿਆਲਾ ਸ਼ਹਿਰ ਤੋਂ ਤਕਰੀਬਨ ਨੌਂ ਕਿਲੋਮੀਟਰ ਦੂਰ ਪੈਂਦੇ ਪਿੰਡ ਹੀਰਾਗੜ੍ਹ ਦੇ ਪੋਲਿੰਗ ਬੂਥ ਵਿਚ ਬਾਹਰਲੇ ਬੰਦਿਆਂ ਨੇ ਦਾਖ਼ਲ ਹੋਣ ਦਾ ਯਤਨ ਕੀਤਾ ਤਾਂ ਪਿੰਡ ਵਾਸੀਆਂ ਨੇ ਤਿੰਨ ਬੰਦਿਆਂ ਨੂੰ ਫੜ ਕੇ ਕਮਰੇ ਵਿਚ ਬੰਦ ਕਰ ਦਿੱਤਾ। ਜ਼ਿਲ੍ਹੇ ਦੇ ਝੁਗੀਆਂ, ਰਾਏਪੁਰ, ਧਰੇੜੀ ਜੱਟਾਂ, ਮਰਦਾਂਹੇੜੀ ਅਤੇ ਬੌਸਰ ਕਲਾਂ ਪਿੰਡ ਵਿਚ ਝਗੜੇ ਹੋਣ ਅਤੇ ਧੱਕੇ ਨਾਲ ਵੋਟਾਂ ਪਾਉਣ ਦੀਆਂ ਸ਼ਿਕਾਇਤਾਂ ਮਿਲੀਆਂ । ਮੋਗਾ ਜ਼ਿਲ੍ਹੇ ਦੇ ਦੀਨਾ ਪਿੰਡ ਵਿਚ ਗੋਲੀ ਚੱਲਣ ਅਤੇ ਮੁੱਲਾਂਪੁਰ ਦਾਖਾ ਵਿਚ ਕੁਝ ਬੂਥਾਂ 'ਤੇ ਕਬਜ਼ੇ ਦੀਆਂ ਰਿਪੋਰਟਾਂ ਆਈਆਂ । ਸੁਲਤਾਨਪੁਰ ਲੋਧੀ 'ਚ ਵੀ ਅਜਿਹੀਆਂ ਰਿਪੋਰਟਾਂ ਸਨ। ਪੁਲੀਸ ਨੇ ਪੋਲਿੰਗ ਬੂਥ ਤੋਂ ਬਾਹਰ ਪਿਸਤੌਲ ਸਮੇਤ ਤਿੰਨ ਵਿਅਕਤੀ ਗ੍ਰਿਫ਼ਤਾਰ ਕੀਤੇ । ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਧੱਕੇਸ਼ਾਹੀ ਵਿਰੁੱਧ ਵੱਖ ਵੱਖ ਥਾਵਾਂ 'ਤੇ ਨਾਅਰੇਬਾਜ਼ੀ ਕੀਤੀ ਅਤੇ ਧਰਨੇ ਲਗਾਏ। ਪਟਿਆਲਾ-ਰਾਜਪੁਰਾ ਜੀਟੀ ਰੋਡ ਵੀ ਰੋਕੀ ਗਈ। ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਹਲਕੇ ਦੇ ਸ਼ਕਰੀ ਪਿੰਡ ਵਿਚ ਇਕ ਅਕਾਲੀ ਆਗੂ ਨੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ।

ਪਿੰਡ ਲੱਖੇਵਾਲੀ ਵਿੱਚ ਗਿਣਤੀ ਦੌਰਾਨ ਜਦੋਂ ਸਥਾਨਕ ਆਗੂਆਂ ਨੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਹਾਲਤ ਤਣਾਅ ਵਾਲੀ ਬਣ ਗਈ। ਇਸ ਦੌਰਾਨ ਦੋ ਧਿਰਾਂ ਵਿੱਚ ਪੱਥਰਬਾਜ਼ੀ ਹੋਈ ਅਤੇ ਡਾਗਾਂ ਵੀ ਚੱਲੀਆਂ। ਪ੍ਰਤੱਖਦਰਸ਼ੀਆਂ ਅਨੁਸਾਰ ਗਿਣਤੀ ਕੇਂਦਰ ਜੰਗ ਦਾ ਮੈਦਾਨ ਬਣ ਗਿਆ ਸੀ ਜਿਸ ਕਾਰਨ ਗਿਣਤੀ ਰੋਕਣੀ ਪਈ। ਸ੍ਰੀ ਮੁਕਤਸਰ ਸਾਹਿਬ ਤੋਂ ਐੱਸਡੀਐੱਮ ਰਾਜਪਾਲ ਸਿੰਘ ਅਤੇ ਜ਼ਿਲ੍ਹਾ ਪੁਲੀਸ ਮੁਖੀ ਮਨਜੀਤ ਸਿੰਘ ਢੇਸੀ ਨੇ ਗਿਣਤੀ ਦਾ ਕੰਮ ਮੁੜ ਸ਼ੁਰੂ ਕਰਵਾਇਆ।

ਮੋਗਾ ਨੇੜਲੇ ਪਿੰਡ ਧੱਲੇਕੇ 'ਚ ਰਾਤ ਨੂੰ ਇੱਕ ਧਿਰ ਵੱਲੋਂ ਬੂਥ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਇੱਕ ਧਿਰ ਨੇ ਆਪਣੀ ਹਾਰ ਹੁੰਦੀ ਦੇਖੀ ਤਾਂ ਉਸ ਦੇ ਸਮਰਥਕਾਂ ਨੇ ਦੂਜੀ ਧਿਰ ਦੇ ਮੈਂਬਰਾਂ 'ਤੇ ਪਥਰਾਅ ਸ਼ੁਰੂ ਕਰ ਦਿੱਤਾ ਤੇ ਚੋਣ ਅਮਲੇ ਨੂੰ ਵੀ ਖਦੇੜਨ ਦੀ ਕੋਸ਼ਿਸ਼ ਕੀਤੀ। ਭੀੜ ਨੂੰ ਖਿੰਡਾਉਣ ਲਈ ਪੁਲੀਸ ਨੂੰ ਹਵਾਈ ਫਾਇਰ ਕਰਨੇ ਪਏ। ਇਸ ਦੌਰਾਨ ਪੱਥਰ ਵੱਜਣ ਕਾਰਨ ਪੁਲੀਸ ਮੁਲਾਜ਼ਮ ਰਸ਼ਪਾਲ ਸਿੰਘ ਜ਼ਖਮੀ ਹੋ ਗਿਆ।

ਮੁਕਤਸਰ ਸਾਹਿਬ ਦੇ ਪਿੰਡ ਕੋਟਲੀ ਸੰਘਰ 'ਚ ਬੂਥ ਨੰਬਰ 112 'ਤੇ ਗਿਣਤੀ ਹੋਣ ਉਪਰੰਤ ਕੁਝ ਵਿਅਕਤੀਆਂ ਨੇ ਵੋਟਾਂ ਵਾਲੇ ਬਕਸਿਆਂ 'ਤੇ ਕਬਜ਼ਾ ਕਰ ਲਿਆ। ਪੁਲੀਸ ਵੱਲੋਂ ਲੋਕਾਂ ਨੂੰ ਖਦੇੜਨ ਲਈ ਫਾਇਰਿੰਗ ਕੀਤੀ ਗਈ ਅਤੇ ਲਾਠੀਚਾਰਜ ਕੀਤਾ ਗਿਆ। ਪ੍ਰਤੱਖਦਰਸ਼ੀਆਂ ਅਨੁਸਾਰ ਪੁਲੀਸ ਨੇ ਕਰੀਬ ਡੇਢ ਦਰਜਨ ਹਵਾਈ ਫਾਇਰ ਕੀਤੇ ਜਿਸ ਕਾਰਨ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਸਰਪੰਚ ਉਮੀਦਵਾਰ ਅਮਰਜੀਤ ਕੌਰ ਦੇ ਪਤੀ ਰਘਬੀਰ ਸਿੰਘ ਸਾਹੂ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਦੇ ਬੰਦਿਆਂ ਨੇ ਬੈਲੇਟ ਬਾਕਸ 'ਤੇ ਕਬਜ਼ਾ ਕੀਤਾ ਕਿਉਂਕਿ ਉਹ ਅੱਗੇ ਚੱਲ ਰਹੇ ਸਨ।

**ਢਾਈ-ਢਾਈ ਸਾਲ ਦੀ ਮਿਲੀ ਸਰਪੰਚੀ :**
ਮਾਛੀਵਾੜਾ ਬਲਾਕ ਦੇ ਪਿੰਡ ਸ਼ਰਬਤਗੜ੍ਹ 'ਚ ਵੋਟਾਂ ਦੀ ਗਿਣਤੀ ਦੌਰਾਨ ਨਤੀਜੇ ਆਏ ਉਸ ਵਿਚ ਸਰਪੰਚੀ ਲਈ ਉਮੀਦਵਾਰ ਗੁਰਮੀਤ ਕੌਰ ਨੂੰ 128 ਅਤੇ ਮਨਦੀਪ ਕੌਰ ਨੂੰ ਵੀ 128 ਵੋਟਾਂ ਪਈਆਂ। ਸਰਪੰਚੀ ਦੀ ਜਿੱਤ ਹਾਰ ਦਾ ਫ਼ੈਸਲਾ ਇਹ ਹੋਇਆ ਕਿ ਢਾਈ-ਢਾਈ ਸਾਲ ਲਈ ਦੋਵੇਂ ਸਰਪੰਚ ਬਣਨਗੇ ਪਰ ਹੁਣ ਪਹਿਲਾਂ ਢਾਈ ਸਾਲ ਕੌਣ ਸਰਪੰਚ ਬਣੇਗਾ ਉਸ ਲਈ ਟਾਸ ਕਰਨ ਦਾ ਫੈਸਲਾ ਲਿਆ ਗਿਆ। ਸਿੱਕੇ ਦੀ ਟਾਸ 'ਚ ਗੁਰਮੀਤ ਕੌਰ ਜਿੱਤ ਗਈ ਅਤੇ ਪਹਿਲੇ ਢਾਈ ਸਾਲ ਲਈ ਉਹ ਸਰਪੰਚ ਚੁਣੀ ਗਈ।

ਨੂੰਹ ਨੇ ਸੱਸ ਦੀ ਦਰਾਣੀ ਨੇ ਜਠਾਣੀ ਦੀ ਪਿੱਠ ਲਗਾਈ : ਜਲੰਧਰ ਜ਼ਿਲ੍ਹੇ ਦੇ ਬੇਗਮਪੁਰਾ ਪਿੰਡ ਵਿਚ ਸਰਪੰਚੀ ਦੇ ਤਿਕੋਨੇ ਅਤੇ ਦਿਲਚਸਪ ਮੁਕਾਬਲੇ ਵਿਚ ਨੂੰਹ ਕਮਲਜੀਤ ਕੌਰ ਨੇ ਆਪਣੀ ਸੱਸ ਬਿਮਲਾ ਦੇਵੀ ਨੂੰ ਹਰਾ ਦਿੱਤਾ ਹੈ। ਇਸੇ ਤਰ੍ਹਾਂ ਬਰਨਾਲਾ ਜ਼ਿਲ੍ਹੇ ਦੇ ਈਸ਼ਰ ਸਿੰਘ ਵਾਲਾ ਪਿੰਡ ਵਿਚ ਦਰਾਣੀ ਨੇ ਆਪਣੀ ਜਠਾਣੀ ਨੂੰ ਹਰਾ ਦਿੱਤਾ।

**ਪ੍ਰੀਜ਼ਾਈਡਿੰਗ ਅਧਿਕਾਰੀ ਦੀ ਮੌਤ :**
ਲਹਿਰਾਗਾਗਾ ਸਬ ਡਿਵੀਜ਼ਨ ਅਧੀਨ ਆਉਂਦੇ ਪਿੰਡ ਖੋਖਰ ਕਲਾਂ 'ਚ ਬੂਥ ਨੰਬਰ 33 'ਤੇ ਤਾਇਨਾਤ ਇੱਕ ਪ੍ਰੀਜ਼ਾਈਡਿੰਗ ਅਧਿਕਾਰੀ ਪ੍ਰਸ਼ੋਤਮ ਦਾਸ ਪੁੱਤਰ ਗੁਰਚਰਨ ਸਿੰਘ ਦੀ ਪੋਲਿੰਗ ਦੌਰਾਨ ਭੇਤਭਰੀ ਹਾਲਤ 'ਚ ਮੌਤ ਹੋ ਗਈ। ਉਹ ਸਰਕਾਰੀ ਹਾਈ ਸਕੂਲ ਖੰਡੇਬਾਦ 'ਚ

**ਬਾਕੀ ਸਫ਼ਾ 29 'ਤੇ**


CIS
CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.

Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਹੁਣ ਕਮਲਨਾਥ ਨੂੰ ਸਜ਼ਾ ਦਿਵਾਉਣ ਲਈ ਸਰਗਰਮ ਐਚ ਐਸ ਫੂਲਕਾ

### *ਕਹਿੰਦੇ ਬਹੁਤ ਕਰਲੀ ਮੌਜ, ਹੁਣ ਇਸ ਨੂੰ ਵੀ ਪਹੁੰਚਾਂਵਾਗੇ ਜੇਲ੍ਹ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਦਿਵਾਉਣ ਤੋਂ ਬਾਅਦ ਬੇਹੱਦ ਉਤਸ਼ਾਹਿਤ ਨਜ਼ਰ ਆ ਰਹੇ ਸੁਪਰੀਮ ਕੋਰਟ



ਦੇ ਸੀਨੀਅਰ ਵਕੀਲ ਅਤੇ ਆਪ ਆਗੂ ਐੱਚ ਐੱਸ ਫੂਲਕਾ ਨੇ ਇਰਾਦਾ ਕਰ ਲਿਆ ਹੈ ਕਿ ਹੁਣ ਉਹ ਸਿੱਖ ਨਸਲਕੁਸੀ ਦੇ ਹੋਰ ਮੁਲਜ਼ਮਾਂ ਨੂੰ ਵੀ ਸਲਾਖਾਂ ਦੇ ਪਿੱਛੇ ਪਹੁੰਚਾ ਕੇ ਦਮ ਲੈਣਗੇ। ਫੂਲਕਾ ਅਨੁਸਾਰ ਹੁਣ ਉਨ੍ਹਾਂ ਦਾ ਅਗਲਾ ਟੀਚਾ ਕਾਂਗਰਸ ਵੱਲੋਂ ਮੱਧ ਪ੍ਰਦੇਸ ਦੇ ਨਵੇਂ ਥਾਪੇ ਗਏ ਮੁੱਖ ਮੰਤਰੀ ਵਿਰੁੱਧ ਅਦਾਲਤੀ ਕਾਰਵਾਈ ਸ਼ੁਰੂ ਕਰਨਾ ਹੈ।ਫੂਲਕਾ ਅਨੁਸਾਰ ਕਮਲਨਾਥ ਵਿਰੁੱਧ ਅਜੇ ਤਕ ਕੋਈ ਕੇਸ ਦਰਜ ਨਹੀਂ ਸੀ ਪਰ ਹੁਣ ਉਹ ਹਰ ਉਸ ਬੰਦੇ ਨੂੰ ਕਾਨੂੰਨ ਦੇ ਕਟਿਹਰੇ ਵਿਚ ਖੜ੍ਹਾ ਕਰਨਗੇ ਜਿਨ੍ਹਾਂ ਦਾ ਸਿੱਖ ਨਸ਼ਲਕੁਸੀ ਦੇ ਮਾਮਲੇ ਵਿਚ ਨਾਮ ਆਇਆ ਹੈ। ਦੱਸ ਦੇਈਏ ਕਿ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਤੋਂ ਬਾਅਦ ਐਚਐਸ ਫੂਲਕਾ ਦੇ ਪਰਿਵਾਰ ਵੱਲੋਂ ਇੱਥੇ ਸ਼ੁਕਰਾਨੇ ਵਜੋਂ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ ਜਿੱਥੇ ਫੂਲਕਾ ਆਪ ਖੁਦ ਹਾਜ਼ਿਰ ਰਹਿ ਕੇ ਸੇਵਾ ਕਰਦੇ ਰਹੇ।

## ਸੁਖਬੀਰ ਬਾਦਲ ’ਤੇ ਜੁੱਤੀ ਸੁੱਟਣ ਦੇ ਮਾਮਲੇ ’ਚ ਗੁਰਜੰਟ ਸਿੰਘ ਬਾਲੀਆਂ ਰਿਹਾਅ

**ਸੰਗਰੂਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਗੱਡੀ ‘ਤੇ ਜੁੱਤੀ ਸੁੱਟ ਕੇ ਵਿਰੋਧ ਕਰਨ ਦੇ ਮਾਮਲੇ ਵਿਚ ਪੌਣੇ ਤਿੰਨ ਮਹੀਨਿਆਂ ਤੋਂ ਇੱਥੇ ਜ਼ਿਲ੍ਹਾ ਜੇਲ੍ਹ ਵਿਚ ਬੰਦ ਸਿੱਖ ਕਾਰਕੁਨ ਭਾਈ ਗੁਰਜੰਟ ਸਿੰਘ ਬਾਲੀਆਂ ਦੀ ਜ਼ਮਾਨਤ ‘ਤੇ ਰਿਹਾਈ ਹੋ ਗਈ ਹੈ। ਗੌਰਤਲਬ ਹੈ ਕਿ ਇਸ ਕੇਸ ਵਿਚੋਂ ਪੰਜ ਸਿੱਖ ਕਾਰਕੁਨ ਕੁਝ ਦਿਨ ਪਹਿਲਾਂ ਹੀ ਰਿਹਾਅ ਹੋ ਗਏ ਸਨ।

ਸਥਾਨਕ ਜ਼ਿਲ੍ਹਾ ਜੇਲ੍ਹ ਵਿਚ ਬੰਦ ਛੇ ਸਿੱਖ ਕਾਰਕੁਨਾਂ ‘ਚੋਂ ਸੁਖਵਿੰਦਰ ਸਿੰਘ ਮੰਗਵਾਲ 24 ਦਸੰਬਰ ਨੂੰ ਜ਼ਮਾਨਤ ‘ਤੇ ਰਿਹਾਅ ਹੋਇਆ ਸੀ, ਜਦੋਂਕਿ ਚਾਰ ਸਿੱਖ ਕਾਰਕੁਨ ਭਾਈ ਬਚਿੱਤਰ ਸਿੰਘ, ਦਵਿੰਦਰ ਸਿੰਘ, ਮਨਜੀਤ ਸਿੰਘ ਤੇ ਗੁਰਜੀਤ ਸਿੰਘ ਬੀਤੀ 25 ਦਸੰਬਰ ਨੂੰ ਰਿਹਾਅ ਹੋ ਗਏ ਸਨ।

ਜ਼ਿਕਰਯੋਗ ਹੈ ਕਿ 4 ਅਕਤੂਬਰ ਨੂੰ ਸੁਖਬੀਰ ਸਿੰਘ ਬਾਦਲ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕਰ ਰਹੇ ਸਿੱਖ ਕਾਰਕੁਨਾਂ ਵੱਲੋਂ ਬਾਦਲ ਦੀ ਗੱਡੀ ਉਪਰ ਜੁੱਤੀ ਸੁੱਟੀ ਗਈ ਸੀ। ਸੰਗਰੂਰ ਪੁਲੀਸ ਵੱਲੋਂ ਇਰਾਦਾ ਕਤਲ ਅਤੇ ਹੋਰ ਦੋਸ਼ਾਂ ਤਹਿਤ ਸਿੱਖ ਕਾਰਕੁਨਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਪਰ ਬਾਅਦ ਵਿਚ ਕੇਸ ‘ਚੋਂ ਇਰਾਦਾ ਕਤਲ ਦੀ ਧਾਰਾ ਹਟਾ ਲਈ ਸੀ।

## ਸਿੱਖ ਕਤਲੇਆਮ ਮਾਮਲੇ ਦੀ ਪ੍ਰਮੁੱਖ ਗਵਾਹ ਜਗਦੀਸ਼ ਕੌਰ ਦਾ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਇੱਥੇ ਸਿੱਖ ਕਤਲੇਆਮ ਕੇਸ ਦੀ ਮੁੱਖ ਗਵਾਹ ਅਤੇ ਪੀੜਤ ਬੀਬੀ ਜਗਦੀਸ਼ ਕੌਰ ਨੂੰ ਉਨ੍ਹਾਂ ਦੇ ਘਰ ਜਾ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਅਕਾਲੀ ਦਲ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ।ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਕਤਲੇਆਮ ਮਾਮਲੇ ਵਿਚ ਗਾਂਧੀ ਪਰਿਵਾਰ ਜ਼ਿੰਮੇਵਾਰ ਹੈ। ਨਵੇਂ ਵਰ੍ਹੇ ਦੀ ਸ਼ੁਰੂਆਤ ਤੋਂ ਪਹਿਲਾਂ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੇ ਬੀਬੀ ਜਗਦੀਸ਼ ਕੌਰ ਨੂੰ ਸਿਰੋਪਾਓ ਭੇਟ ਕੀਤਾ।

ਸਿੱਖ ਕਤਲੇਆਮ ਵਿਚ ਬੀਬੀ ਜਗਦੀਸ਼ ਕੌਰ ਦੇ ਪਤੀ, ਬੇਟੇ, ਭਰਾਵਾਂ ਸਮੇਤ ਪਰਿਵਾਰ ਦੇ ਕਈ ਜੀਅ ਕਤਲ ਕਰ ਦਿੱਤੇ ਗਏ ਸਨ। ਉਹ ਲੰਮੇ ਸਮੇਂ ਤੋਂ ਇਹ ਕੇਸ ਲੜ ਰਹੀ ਹੈ ਅਤੇ ਇਕ ਮੁੱਖ ਗਵਾਹ ਵੀ ਹੈ। ਘਟਨਾ ਦੇ ਵੇਰਵੇ ਬੀਬੀ ਜਗਦੀਸ਼ ਕੌਰ ਕੋਲੋਂ ਸੁਣਨ ਤੋਂ ਬਾਅਦ ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਕਤਲੇਆਮ ਲਈ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਜ਼ਿੰਮੇਵਾਰ ਹਨ।



**ਬੀਬੀ ਜਗਦੀਸ਼ ਕੌਰ ਦਾ ਸਿਰੋਪਾਓ ਪਾ ਕੇ ਸਨਮਾਨ ਕਰਦੇ ਹੋਏ ਸੁਖਬੀਰ ਸਿੰਘ ਬਾਦਲ।**

ਬੀਬੀ ਜਗਦੀਸ਼ ਕੌਰ ਨੇ ਦੋਸ਼ ਲਾਇਆ ਕਿ ਸੱਜਣ ਕੁਮਾਰ ਰਾਜੀਵ ਗਾਂਧੀ ਦੇ ਹੁਕਮਾਂ ‘ਤੇ ਹੀ ਸਾਰੀ ਗਤੀਵਿਧੀ ਕਰ ਰਹੇ ਸਨ। ਅਕਾਲੀ ਆਗੂਆਂ ਨੇ ਕਿਹਾ ਕਿ ਸੋਨੀਆ ਗਾਂਧੀ ਕੋਲੋਂ ਵੀ ਇਸ ਮਾਮਲੇ ਵਿਚ ਪੁੱਛਗਿੱਛ ਹੋਣੀ ਚਾਹੀਦੀ ਹੈ ਤੇ ਵਾਜਬ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਬੀਬੀ ਜਗਦੀਸ਼ ਕੌਰ ਨੇ ਤਿੰਨ ਦਿਨ ਘਰ ਵਿਚ ਆਪਣੇ ਪਰਿਵਾਰ ਦੇ ਤਿੰਨ ਜੀਆਂ ਦੀਆਂ ਲਾਸ਼ਾਂ ਨੂੰ ਰੱਖਿਆ ਅਤੇ ਇਕੱਲੇ ਹੀ ਲਾਸ਼ਾਂ ਦੇ ਨਾਲ ਰਹੇ। ਸ੍ਰੀ ਬਾਦਲ ਨੇ ਬੀਬੀ ਜਗਦੀਸ਼ ਕੌਰ ਦੇ ਹੌਸਲੇ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਨ੍ਹਾਂ ਲੰਮਾਂ ਸਮਾਂ ਕਾਨੂੰਨੀ ਲੜਾਈ ਲੜੀ ਤੇ ਹੁਣ ਜਾ ਕੇ ਨਿਆਂ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਇਹ ਲੜਾਈ ਬੀਬੀ ਜਗਦੀਸ਼ ਕੌਰ ਨੇ ਕੌਮ ਲਈ ਲੜੀ ਹੈ ਤੇ ਇਸ ਨਾਲ ਹੋਰ ਪੀੜਤਾਂ ਨੂੰ ਵੀ ਇਨਸਾਫ਼ ਦੀ ਆਸ ਬੱਝੀ ਹੈ। ਇਸ ਮੌਕੇ ਹੋਰ ਅਕਾਲੀ ਆਗੂ ਵੀ ਹਾਜ਼ਰ ਸਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ ਤੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਆਤਮ ਸਮਰਪਣ ਨੂੰ ਸੰਘਰਸ਼ ਦੀ ਜਿੱਤ ਦੱਸਿਆ ਹੈ। ਸਿੱਖ ਆਗੂਆਂ ਨੇ ਕਿਹਾ ਕਿ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਸਾਬਿਤ ਹੋਣ ਤੋਂ ਬਾਅਦ ਹੋਰ ਮੁਲਜ਼ਮਾਂ ਨੂੰ ਹੁਣ ਬਚਾਉਣ ਦਾ ਯਤਨ ਨਾ ਕੀਤਾ ਜਾਵੇ।

## *ਬੇਅਦਬੀ ਕਾਂਡ :* ਬਾਦਲਾਂ ਦੇ ਨੇੜਲੇ ਸਾਬਕਾ ਮੰਤਰੀ ਚੀਮਾ ਤੋਂ ਪੁੱਛਗਿੱਛ

**ਫ਼ਰੀਦਕੋਟ/ਬਿਊਰੋ ਨਿਊਜ਼ :** ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਪੁਲਿਸ ਟੀਮ ਨੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੂੰ ਫਰੀਦਕੋਟ ਕੈਂਪ ਦਫ਼ਤਰ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਸਨ। ਦਲਜੀਤ ਸਿੰਘ ਚੀਮਾ ਇੱਥੇ ਵਿਸ਼ੇਸ਼ ਜਾਂਚ ਟੀਮ (ਸਿੱਟ) ਸਾਹਮਣੇ ਪੇਸ਼ ਹੋਏ। ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਕਰੀਬ 200 ਗਵਾਹ ਬੇਅਦਬੀ ਕਾਂਡ ਮਾਮਲੇ ਵਿੱਚ ਆਪਣੇ ਬਿਆਨ ਸਿੱਟ ਕੋਲ ਦਰਜ ਕਰਵਾ ਚੁੱਕੇ ਹਨ। ਜਾਂਚ ਟੀਮ ਵੱਲੋਂ ਸ੍ਰੀ ਚੀਮਾ ਨੂੰ 12:30 ਵਜੇ ਕੈਂਪ ਦਫ਼ਤਰ ਵਿਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਗਏ ਸਨ। ਸ੍ਰੀ ਚੀਮਾ 12 ਵਜੇ ਹੀ ਦਫ਼ਤਰ ਪੁੱਜ ਗਏ ਜਦੋਂ ਕਿ ਜਾਂਚ ਟੀਮ ਦੀ ਅਗਵਾਈ ਕਰ ਰਹੇ ਆਈਜੀ ਵਿਜੇ ਕੰਵਰ ਪ੍ਰਤਾਪ ਸਿੰਘ 1 ਵਜੇ ਦਫ਼ਤਰ ਆਏ।

ਸੂਚਨਾ ਅਨੁਸਾਰ ਡੇਰਾ ਮੁਖੀ ਵੱਲੋਂ ਮੁਆਫ਼ੀ ਲਈ ਲਿਖਿਆ ਪੱਤਰ ਦਲਜੀਤ ਸਿੰਘ ਚੀਮਾ ਨੇ ਕਥਿਤ ਤੌਰ ‘ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ



ਬਾਦਲ ਸਾਹਮਣੇ ਪੇਸ਼ ਕੀਤਾ ਸੀ ਅਤੇ ਉਸ ਸਮੇਂ ਤਖ਼ਤਾਂ ਦੇ ਜਥੇਦਾਰ ਵੀ ਮੁੱਖ ਮੰਤਰੀ ਦੀ ਰਿਹਾਇਸ਼ ‘ਤੇ ਹਾਜ਼ਰ ਸਨ। ਸ੍ਰੀ ਚੀਮਾ ਉਸ ਸਮੇਂ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਵਿਧਾਇਕ ਰੋਜ਼ੀ ਬਰਕੰਦੀ, ਅਕਾਲੀ ਆਗੂ ਪਰਮਬੰਸ ਸਿੰਘ ਬੰਟੀ ਰੋਮਾਣਾ, ਮਨਤਾਰ ਸਿੰਘ ਬਰਾੜ ਆਦਿ ਹਾਜ਼ਰ ਸਨ। ਸਿੱਟ ਵੱਲੋਂ ਕੀਤੀ ਪੁੱਛ ਪੜਤਾਲ

**ਬਾਕੀ ਸਫ਼ਾ 29 ’ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- **Excellent Payment**
- **Easy Aboard ELD Logbook**



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬੀ ਮਾਂ ਬੋਲੀ ਨਾਲ ਧਰੋਹ ਕਮਾਉਣ ਦੀ ਬਾਤ ਲੰਮੇਰੀ

## ਕੈਪਟਨ ਅਮਰਿੰਦਰ ਸਿੰਘ ਦੇ ਅੰਗਰੇਜ਼ੀ ਮੋਹ ਤੋਂ ਪੰਜਾਬੀ ਹਿਤੈਸ਼ੀਆਂ 'ਚ ਰੋਸ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬੀ ਭਾਸ਼ਾ ਦੇ ਆਧਾਰ ਉਤੇ ਹੋਂਦ ਵਿਚ ਆਏ ਪੰਜਾਬ ਸੂਬੇ ਅਤੇ ਇਸ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਮਾਂ ਬੋਲੀ ਨਾਲ ਧਰੋਹ ਕਮਾਉਣ ਦੀ ਬਾਤ ਉਂਝ ਤਾਂ ਕਾਫੀ ਲੰਮੇਰੀ ਹੈ ਪਰ ਪੰਜਾਬੀ ਹਿਤੈਸ਼ੀਆਂ ਵਿਚ ਭਾਰੀ ਰੋਸ ਹੈ ਕਿ ਖ਼ੁਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਵਰ੍ਹੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਮਾਂ ਬੋਲੀ ਦੀ ਥਾਂ ਅੰਗਰੇਜ਼ੀ ਵਿਚ ਚੁੱਕੀ ਸੀ। ਇਸ ਤੋਂ ਅਫਸਰਸ਼ਾਹੀ ਤੇ ਲੋਕਾਂ ਵਿਚ ਸੰਕੇਤ ਗਿਆ ਹੈ ਕਿ ਇਸ ਯੁੱਗ ਵਿਚ ਪੰਜਾਬੀ ਭਾਸ਼ਾ ਦੀ ਕੋਈ ਵੁੱਕਤ ਨਹੀਂ ਹੈ। ਇਸ ਨਾਲ ਅਧਿਕਾਰੀਆਂ ਨੂੰ ਵੀ ਅੰਗਰੇਜ਼ੀ ਵਿਚ ਕੰਮ ਕਰਨ ਦੀ ਸ਼ਹਿ ਮਿਲੀ ਹੈ ਅਤੇ ਦੂਜੇ ਪਾਸੇ ਸੂਬੇ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਸਰਕਾਰ ਕੁਝ ਵੀ ਨਹੀਂ ਕਰ ਰਹੀ। ਇਹ ਪੰਜਾਬੀਆਂ ਦਾ ਵੱਡਾ ਦੁਖਾਂਤ ਹੈ ਕਿ ਪੰਜਾਬੀ ਸੂਬਾ ਬਣਨ ਤੋਂ 52 ਸਾਲਾਂ ਬਾਅਦ ਵੀ ਮਾਂ ਬੋਲੀ ਪੰਜਾਬੀ ਨੂੰ ਆਪਣੇ ਹੀ ਰਾਜ ਵਿਚ ਬਣਦਾ ਮਾਣ-ਸਨਮਾਨ ਨਹੀਂ ਮਿਲ ਸਕਿਆ। ਇਥੋਂ ਦੇ ਸਕੂਲਾਂ ਵਿਚ ਪੰਜਾਬੀ ਬੋਲਣ ਤੇ ਪੜ੍ਹਨ ਵਾਲੇ ਬੱਚਿਆਂ ਨੂੰ ਹੀਣਾ ਦਿਖਾਉਣ ਦੀਆਂ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ। ਇਸ ਤੋਂ ਇਲਾਵਾ ਸਰਕਾਰੇ-ਦਰਬਾਰੇ ਵੀ ਹਾਲੇ ਤਕ ਮਾਂ ਬੋਲੀ ਨੂੰ ਬਣਦਾ ਰੁਤਬਾ ਨਸੀਬ ਨਹੀਂ ਹੋਇਆ।

ਹੁਣ ਨਵੇਂ ਵਰ੍ਹੇ ਪੰਜਾਬੀ ਹਿਤੈਸ਼ੀਆਂ ਨੇ ਮਾਂ ਬੋਲੀ ਦੀ ਬੁਲੰਦੀ ਲਈ ਸਾਂਝਾ ਮੰਚ ਅਤੇ ਪੰਜਾਬ ਭਾਸ਼ਾਈ ਅਧਿਕਾਰ ਕਮਿਸ਼ਨ ਬਣਾਉਣ ਦੀ ਰਣਨੀਤੀ ਬਣਾਈ ਹੈ। ਇਸ ਵੇਲੇ ਮੁੱਖ ਮੰਤਰੀ ਤੇ ਹੋਰ ਵਿਭਾਗਾਂ ਦੇ ਦਫਤਰਾਂ ਵਲੋਂ ਨਿੱਤ ਦਿਨ ਅੰਗਰੇਜ਼ੀ ਵਿਚ ਪੱਤਰ ਜਾਰੀ ਹੋ ਰਹੇ ਹਨ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚ 15 ਮਾਰਚ 2010 ਨੂੰ ਸਮੂਹ ਪਾਰਟੀਆਂ ਦੇ ਵਿਧਾਇਕਾਂ ਵੱਲੋਂ ਆਪਣੀਆਂ ਸਿਆਸੀ ਵਲਗਣਾਂ ਨੂੰ ਉਲੰਘ ਕੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਮੰਗ ਕੀਤੀ ਗਈ ਸੀ ਕਿ 28 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ



ਰਾਜਧਾਨੀ ਵਜੋਂ ਬਣਾਏ ਚੰਡੀਗੜ੍ਹ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਨਿਰਧਾਰਤ ਕੀਤੀ ਜਾਵੇ। ਯੂਟੀ ਪ੍ਰਸ਼ਾਸਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਮਤੇ ਨੂੰ ਪਿਛਲੇ ਪੌਣੇ ਨੌਂ ਸਾਲਾਂ ਤੋਂ ਰੱਦੀ ਦੀ ਟੋਕਰੀ ਵਿਚ ਸੁੱਟਿਆ ਹੋਇਆ ਹੈ ਪਰ ਤਰਾਸਦੀ ਇਹ ਹੈ ਕਿ ਨਾ ਤਾਂ ਪਿਛਲੀ ਬਾਦਲ ਸਰਕਾਰ ਤੇ ਨਾ ਹੀ ਮੌਜੂਦਾ ਕੈਪਟਨ ਸਰਕਾਰ ਨੇ ਇਸ ਮਤੇ ਨੂੰ ਲਾਗੂ ਕਰਵਾਉਣ ਲਈ ਕੋਈ ਯਤਨ ਕੀਤਾ ਹੈ।

ਕੇਂਦਰੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਲੰਮੇ ਸਮੇਂ ਤੋਂ ਰਾਜ ਭਾਸ਼ਾ ਸੋਧਿਆ ਐਕਟ-2008 ਤਹਿਤ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਤੇ ਮੁਲਾਜ਼ਮਾਂ ਦੀਆਂ ਸਾਲਾਨਾ ਤਰੱਕੀਆਂ ਰੋਕਣ ਦੀ ਮੰਗ ਕਰਦੇ ਆ ਰਹੇ ਹਨ ਪਰ ਸਰਕਾਰ ਵੱਲੋਂ ਇਸ ਵਾਰ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਪੰਜਾਬੀ ਜਾਗਰਿਤੀ ਮੰਚ ਦੇ ਆਗੂਆਂ ਸਤਨਾਮ ਮਾਣਕ, ਦੀਪਕ ਬਾਲੀ ਅਤੇ ਪੰਜਾਬੀ ਭਾਸ਼ਾ ਪਾਸਾਰ ਭਾਈਚਾਰੇ ਦੇ ਆਗੂਆਂ ਮਿੱਤਰ ਸੈਨ ਮੀਤ, ਸੁਖਇੰਦਰ ਪਾਲ ਸਿੰਘ ਅਤੇ ਮਹਿੰਦਰ ਸਿੰਘ ਸੇਖੋਂ ਵੱਲੋਂ ਮਾਂ ਬੋਲੀ ਦੇ ਹੱਕੀ ਵਿਚ ਮੁਹਿੰਮ ਚਲਾਈ ਜਾ ਰਹੀ ਹੈ।

ਪੰਜਾਬੀ ਮਾਂ ਬੋਲੀ ਸਤਿਕਾਰ ਜਥੇਬੰਦੀ ਦੇ ਮੋਢੀ ਲੱਖਾ ਸਧਾਣਾ ਵੀ ਪੰਜਾਬੀ ਭਾਸ਼ਾ ਦੇ ਹੱਕ ਵਿਚ ਲਹਿਰ ਚਲਾ ਰਹੇ ਹਨ। ਉਧਰ ਚੰਡੀਗੜ੍ਹ ਪੰਜਾਬੀ ਮੰਚ ਦੇ ਜਨਰਲ ਸਕੱਤਰ ਦੇਵੀ ਦਿਆਲ ਸ਼ਰਮਾ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਵਿਚ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਨਿਰਧਾਰਤ ਕਰਨ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਪੰਜਾਬੀ ਜਾਗਰਿਤੀ ਮੰਚ ਦੇ ਪ੍ਰਧਾਨ ਸਤਨਾਮ ਮਾਣਕ ਨੇ ਕਿਹਾ ਕਿ ਉਨ੍ਹਾਂ ਮਾਂ ਬੋਲੀ ਲਈ ਲੜ ਰਹੀਆਂ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠਾ ਕਰਕੇ ਲਹਿਰ ਨੂੰ ਵੱਡਾ ਰੂਪ ਦੇਣ ਦੀ ਰਣਨੀਤੀ ਬਣਾਈ ਹੈ ਜਿਸ ਤਹਿਤ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਬਣਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਮੁੱਚੇ ਪੰਜਾਬ ਉਪਰ ਮਾਂ ਬੋਲੀ ਨੂੰ ਲਾਗੂ ਕਰਨ ਦਾ ਪਹਿਰਾ ਦੇਣ ਲਈ ਪੰਜਾਬੀ ਭਾਸ਼ਾਈ ਅਧਿਕਾਰ ਕਮਿਸ਼ਨ ਦਾ ਵੀ ਗਠਨ ਕੀਤਾ ਜਾ ਰਿਹਾ ਹੈ।

# 8 ਪੰਜਾਬੀਆਂ ਨੂੰ ਕੈਨੇਡਾ ਦਾਖ਼ਲ ਨਾ ਹੋਣ ਦਿੱਤਾ

## ਹੇਰਾਫੇਰੀ ਨਾਲ ਕਾਗਜ਼ਾਤ ਤਿਆਰ ਕਰਕੇ ਪੁੱਜੇ ਪੰਜਾਬੀ ਕੈਨੇਡਾ ਨੇ ਰੋਕੇ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਵਿਖੇ ਹਵਾਈ ਅੱਡਿਆਂ ਅੰਦਰ ਭਾਰਤ ਤੋਂ ਪੁੱਜਦੇ ਲੋਕਾਂ ਦੀ ਲੰਬੀਆਂ ਲਾਇਨਾਂ ਲੱਗੀਆਂ ਨਜ਼ਰੀ ਪੈਂਦੀਆਂ ਹਨ ਜਿਨ੍ਹਾਂ 'ਚ ਪੰਜਾਬੀ ਵਿਦਿਆਰਥੀਆਂ ਦੀ ਵੱਡੀ ਭੀੜ ਹੈ। ਇਨ੍ਹਾਂ ਵਿਚ ਆਮ ਪਰਿਵਾਰਕ ਤੌਰ 'ਤੇ (ਵਿਆਹ, ਵਰ੍ਹੇਗੰਢਾਂ ਲਈ) ਪੁੱਜਦੇ ਲੋਕ ਸ਼ਾਮਿਲ ਹਨ । ਇਸੇ ਦੌਰਾਨ ਕੈਨੇਡਾ ਦੀ ਖੁੱਲ੍ਹੀ (6 ਮਹੀਨਿਆਂ ਵਾਲ਼ੀ) ਐਂਟਰੀ ਦੀ ਡਾਲਰ ਕਮਾਉਣ ਵਾਸਤੇ ਦੁਰਵਰਤੋਂ ਰੋਕਣ ਲਈ ਇਮੀਗ੍ਰੇਸ਼ਨ ਅਫ਼ਸਰਾਂ ਵਲੋਂ ਸਖਤੀ ਦਾ ਕੰਮ ਜਾਰੀ ਹੈ। ਕੈਨੇਡਾ 'ਚ ਸਾਰਾ ਸਾਲ ਦੁਨੀਆ ਭਰ ਤੋਂ ਲੋਕ ਪੁੱਜਦੇ ਹਨ ਪਰ ਦਾਖਲੇ ਤੋਂ ਨਾਂਹ ਹੋਣ ਵਾਲਿਆਂ 'ਚ ਭਾਰਤੀ (ਵਿਸ਼ੇਸ਼ ਕਰਕੇ ਪੰਜਾਬੀ/ਪੰਜਾਬਣਾਂ) ਅਤੇ ਮੈਕਸੀਕੋ ਦੇ ਨਾਗਰਿਕ ਮੋਹਰੀ ਹਨ । ਕ੍ਰਿਸਮਸ ਦੀਆਂ ਛੁੱਟੀਆਂ ਦੇ ਚਲਦਿਆਂ 8 ਪੰਜਾਬੀ ਵਿਅਕਤੀਆਂ ਨੂੰ ਟੋਰਾਂਟੋ ਏਅਰਪੋਰਟ ਤੋਂ ਦਾਖਲ ਹੋਣ ਦੀ ਨਾਂਹ ਹੋਣ ਬਾਰੇ ਪਤਾ ਲੱਗਾ ਹੈ ।ਉਨ੍ਹਾਂ 'ਚੋਂ ਚਾਰ ਤਾਂ ਦਿੱਲੀ ਤੋਂ ਆਏ ਇਕ ਜਹਾਜ਼ 'ਚ ਹੀ ਸਨ। ਕੈਨੇਡਾ ਦਾਖਲੇ ਤੋਂ ਨਾਂਹ ਮਿਲਣ ਵਾਲਿਆਂ ਵਿਚ ਬਹੁਤੇ ਨੌਜਵਾਨ ਮੁੰਡੇ ਹਨ ਤੇ ਅੱਧਖੜ ਉਮਰ ਦਾ ਇਕ ਜੋੜਾ ਵੀ ਸ਼ਾਮਿਲ ਹੈ। ਅੱਧਖੜ ਉਮਰ ਦੇ ਪਤੀ ਤੇ ਪਤਨੀ ਨੇ ਕੈਲਗਰੀ ਵਿਖੇ 1 ਹਫ਼ਤੇ ਦੀ ਸੈਰ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਉਨ੍ਹਾਂ ਨੂੰ ਤਿੰਨ ਵਾਰੀ ਨਾਂਹ ਹੋਣ ਤੋਂ ਬਾਅਦ ਕੈਨੇਡਾ ਦਾ ਵੀਜ਼ਾ ਮਿਲਿਆ ਪਰ ਹਵਾਈ ਅੱਡੇ ਤੋਂ ਐਂਟਰੀ ਨਾ ਦਿੱਤੀ ਗਈ। ਕੈਨੇਡੀਅਨ ਇਮੀਗ੍ਰੇਸ਼ਨ ਅਫ਼ਸਰਾਂ ਦਾ ਮੰਨਣਾ ਸੀ ਕਿ ਜਲੰਧਰ ਲਾਗਲੇ ਪਿੰਡ ਤੋਂ ਅਮਰੀਕਾ 'ਚ ਰਹਿੰਦੇ ਆਪਣੇ 22 ਕੁ ਸਾਲਾਂ ਦੇ ਪੁੱਤਰ ਨੂੰ ਮਿਲਣ ਜਾਣ ਦੀ ਬਜਾਏ ਉਸ ਜੋੜੇ ਦੀ ਕੈਨੇਡਾ 'ਚ (ਕੜਾਕੇ ਦੀ ਸਰਦੀ ਮੌਕੇ) 7 ਦਿਨਾਂ ਲਈ ਸੈਰ ਕਰਨ ਦੀ ਗੱਲ ਯਕੀਨ ਯੋਗ ਨਹੀਂ ਕਿਉਂਕਿ ਪਤਨੀ ਦੀ ਸਕੀ ਭੈਣ ਪਹਿਲਾਂ ਹੀ ਕੈਲੀਫੋਰਨੀਆ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੀ ਹੈ। ਉਨ੍ਹਾਂ ਕੋਲ ਹਫ਼ਤੇ ਦੀ ਸੈਰ ਵਾਸਤੇ ਭਾਵੇਂ 5000 ਤੋਂ ਵੱਧ ਨਕਦ ਡਾਲਰ ਸਨ ਪਰ ਅਫ਼ਸਰਾਂ ਨੇ ਸਿੱਟਾ ਕੱਢਿਆ ਕਿ ਉਹ ਦੋਵੇਂ ਕੈਨੇਡਾ ਤੋਂ ਵਾਪਸ ਮੁੜਨ ਲਈ ਨਹੀਂ ਪੁੱਜੇ। ਹਰਿਆਣਾ ਦੇ ਕੁਰੂਕਸ਼ੇਤਰ ਤੋਂ ਆਏ ਵੱਡੀ ਉਮਰ ਦੇ ਪੰਜਾਬੀ ਬੰਦੇ ਦੇ ਪਾਸਪੋਰਟ 'ਚ ਵੀਜ਼ਾ ਤਾਂ ਭਾਵੇਂ ਲੰਬੀ ਮਿਆਦ ਦਾ ਸੀ ਪਰ ਕੈਨੇਡਾ 'ਚ ਰਹਿੰਦੇ ਭਰਾ ਨੂੰ ਮਿਲਣ ਲਈ ਆਏ ਹੋਣ ਦੀ ਗੱਲ ਝੂਠ ਦਾ ਪੁਲੰਦਾ ਨਿਕਲੀ। ਪੜਤਾਲ ਤੋਂ ਪਤਾ ਲੱਗਾ ਕਿ ਅਸਲ 'ਚ ਉਸ ਦਾ ਕੋਈ ਭਰਾ ਕੈਨੇਡਾ ਨਹੀਂ ਰਹਿੰਦਾ। ਇਹ ਵੀ ਕਿ ਉਸ ਨੇ ਆਪਣੇ ਹਰਿਆਣਵੀ ਏਜੰਟ ਨੂੰ 5 ਲੱਖ ਰੁਪਏ ਦੇ ਕੇ ਨਕਲੀ ਸਪਾਂਸਰਸ਼ਿਪ ਦੀ ਮਦਦ ਨਾਲ਼ ਵੀਜ਼ਾ ਲਗਵਾਇਆ ਸੀ। ਉਸ ਨੂੰ ਐਂਟਰੀ ਦੇਣ ਦੀ ਬਜਾਏ ਵੀਜ਼ਾ ਰੱਦ ਕਰ ਦਿੱਤਾ ਗਿਆ, ਨਕਲੀ ਸਪਾਂਸਰਸ਼ਿਪ ਨਾਲ ਵੀਜ਼ਾ ਲਗਵਾ ਕੇ ਸੰਗਰੂਰ ਤੋਂ ਵੈਨਕੂਵਰ 'ਚ ਰਹਿੰਦੀ ਆਪਣੀ ਭੈਣ ਨੂੰ ਮਿਲਣ ਆਏ 20 ਸਾਲ ਦੇ ਮੁੰਡੇ ਨੂੰ ਵੀ ਐਂਟਰੀ ਨਹੀਂ ਮਿਲੀ ਕਿਉਂਕਿ ਅਸਲੀਅਤ ਇਹ ਰਹੀ ਕਿ ਕੈਨੇਡਾ 'ਚ ਉਸ ਦੀ ਕੋਈ ਭੈਣ ਨਹੀਂ ਰਹਿੰਦੀ ਜਿਸ ਕਰਕੇ ਅਫ਼ਸਰਾਂ ਨੇ ਉਸ ਦੇ

ਬਾਕੀ ਸਫ਼ਾ 29 'ਤੇ

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖ ਸੰਗਤ ਨੇ ਗੁਰੂ ਦੇ ਦਰਾਂ 'ਤੇ ਸਿਜਦਾ ਕਰਕੇ ਆਖਿਆ 'ਖ਼ੁਸ਼-ਆਮਦੀਦ 2019'

- **ਵੱਡੀ ਗਿਣਤੀ ਸ਼ਰਧਾਲੂ ਦਰਬਾਰ ਸਾਹਿਬ ਨਤਮਸਤਕ**
- **ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲੱਗੀਆਂ ਭਾਰੀ ਰੌਣਕਾਂ**
- **ਪੰਜਾਬ ਭਰ ਦੇ ਗੁਰਦੁਆਰਿਆਂ ਵਿਚ ਸਜੇ ਦਰਬਾਰ**



ਸ੍ਰੀ ਦਰਬਾਰ ਸਾਹਿਬ ਵਿਖੇ ਨਵੇਂ ਸਾਲ ਮੌਕੇ ਨਤਮਸਤਕ ਹੋਣ ਲਈ ਪੁੱਜੇ ਸ਼ਰਧਾਲੂ।

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਦੁਨੀਆ ਭਰ ਵਿਚ ਵਸਦੇ ਸਿੱਖਾਂ ਨੇ ਨਵੇ ਵਰ੍ਹੇ-2019 ਨੂੰ ਜੀ ਆਇਆਂ ਆਖਦਿਆਂ ਗੁਰੂ ਘਰਾਂ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਜਦਾ ਕੀਤਾ ਤੇ ਅਰਦਾਸ ਵਿਚ "ਸਰਬੱਤ ਦਾ ਭਲਾ" ਮੰਗਿਆ। ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਕੇ ਨਵੇਂ ਵਰ੍ਹੇ-2019 ਨੂੰ ਜੀ ਆਇਆਂ ਆਖਿਆ ਅਤੇ ਪਰਿਵਾਰ ਸਮੇਤ ਕੁੱਲ ਦੁਨੀਆ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ। ਇਥੇ ਕੜਾਕੇ ਦੀ ਠੰਢ ਦੇ ਬਾਵਜੂਦ ਰਾਤ ਤੋਂ ਹੀ ਸੰਗਤ ਦੀ ਆਮਦ ਸ਼ੁਰੂ ਹੋ ਗਈ ਸੀ। ਨਵੇਂ ਵਰ੍ਹੇ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਆਈਆਂ ਸੰਗਤਾਂ ਵਿਚ ਦੇਸ਼ ਵਿਦੇਸ਼ ਅਤੇ ਦੂਰ ਦੁਰਾਡੇ ਸਮੇਤ ਸਥਾਨਕ ਸੰਗਤ ਸ਼ਾਮਲ ਸੀ।
ਸੰਗਤ ਨੇ ਵਧੇਰੇ ਸਮਾਂ ਗੁਰੂ ਘਰ ਦੀ ਪਰਿਕਰਮਾ ਵਿੱਚ ਹੀ ਬਿਤਾਇਆ, ਜਿਥੇ ਉਨ੍ਹਾਂ ਸਾਲ-2018 ਨੂੰ ਅਲਵਿਦਾ ਆਖਿਆ ਤੇ ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ ਕਿਹਾ। ਪ੍ਰਭਾਤ ਵੇਲੇ ਪਾਲਕੀ ਸਾਹਿਬ ਦੀ ਆਮਦ ਨਾਲ ਹੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਾ ਸ਼ੁਰੂ ਕਰ ਦਿੱਤਾ, ਜੋ ਸਾਰਾ ਦਿਨ ਜਾਰੀ ਰਿਹਾ। ਸ਼੍ਰੋਮਣੀ ਕਮੇਟੀ ਦੇ ਅਨੁਮਾਨ ਮੁਤਾਬਕ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੀ ਸੰਗਤ ਦੀ ਗਿਣਤੀ ਦੋ ਦਿਨਾਂ ਵਿਚ ਲਗਪਗ ਪੰਜ ਲੱਖ ਤੋਂ ਵੱਧ ਰਹੀ ਹੈ। ਸੰਗਤ ਦੀ ਵੱਡੀ ਗਿਣਤੀ ਵਿਚ ਆਮਦ ਹੋਣ ਕਾਰਨ ਇਥੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਸਰਾਵਾਂ ਅਤੇ ਨੇੜਲੇ ਹੋਟਲਾਂ, ਗੈਸਟ ਹਾਊਸ ਆਦਿ ਵਿਚ ਵੀ ਕਮਰੇ ਪੂਰੀ ਤਰ੍ਹਾਂ ਬੁੱਕ ਸਨ। ਪਰਿਕਰਮਾ ਵਿਚ ਖਾਸ ਕਰ ਕੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਤਾਂ ਖੜ੍ਹੇ ਹੋਣ ਲਈ ਵੀ ਥਾਂ ਨਹੀਂ ਸੀ।
ਇਸੇ ਤਰ੍ਹਾਂ ਪਾਰਕਿੰਗ ਦੀਆਂ ਥਾਵਾਂ ਵੀ ਪੂਰੀ ਤਰ੍ਹਾਂ ਭਰ ਗਈਆਂ ਸਨ ਅਤੇ ਕਾਰਾਂ ਦੀਆਂ ਕਤਾਰਾਂ ਦੋ ਕਿਲੋਮੀਟਰ ਦੂਰ ਤਕ ਲੱਗੀਆਂ ਹੋਈਆਂ ਸਨ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਦੱਸਿਆ ਕਿ ਦੋ ਦਿਨਾਂ ਵਿਚ ਪੰਜ ਤੋਂ ਛੇ ਲੱਖ ਸੰਗਤ ਨੇ ਮੱਥਾ ਟੇਕਿਆ ਹੈ। ਇਹ ਸੰਗਤ ਦੇਸ਼ ਵਿਦੇਸ਼ ਅਤੇ ਭਾਰਤ ਦੇ ਕਈ ਸ਼ਹਿਰਾਂ ਤੋਂ ਪੁੱਜੀ ਸੀ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ

ਬਾਕੀ ਸਫ਼ਾ 28 'ਤੇ

# ਡਾ. ਮਨਮੋਹਨ ਸਿੰਘ 'ਤੇ ਬਣੀ ਫਿਲਮ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਵਿਵਾਦਾਂ ਵਿਚ ਘਿਰੀ

**ਭਾਜਪਾ ਨੇ ਫਿਲਮ ਨੂੰ ਰਾਜਨੀਤਕ ਹਥਿਆਰ ਬਣਾਇਆ : ਕਾਂਗਰਸ**

**ਸਾਰਿਆਂ ਦੀ ਆਜ਼ਾਦੀ ਦੀ ਗੱਲ ਕਰਨ ਵਾਲੀ ਕਾਂਗਰਸ ਸਵਾਲ ਕਿਉਂ ਚੁੱਕ ਰਹੀ ਹੈ : ਰਾਠੌਰ**

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਬਣੀ ਫਿਲਮ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਦਾ ਟ੍ਰੇਲਰ ਰਿਲੀਜ਼ ਹੁੰਦੇ ਸਾਰ ਹੀ ਵਿਵਾਦ ਸ਼ੁਰੂ ਹੋ ਗਿਆ ਹੈ। ਕਾਂਗਰਸ ਨੇ ਜਿੱਥੇ ਇਸ ਫਿਲਮ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ, ਉੱਥੇ ਹੀ ਭਾਜਪਾ ਨੇ ਟ੍ਰੇਲਰ ਨੂੰ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਸਾਂਝਾ ਕਰਦੇ ਹੋਏ ਫਿਲਮ ਦੇਖਣ ਦੀ ਅਪੀਲ ਕੀਤੀ ਹੈ। ਕਾਂਗਰਸ ਨੇ ਫਿਲਮ ਨੂੰ ਭਾਜਪਾ ਦਾ ਕੂੜ-ਪ੍ਰਚਾਰ ਦੱਸਿਆ ਹੈ ਤਾਂ ਕੇਂਦਰੀ ਕੈਬਨਿਟ ਮੰਤਰੀ ਰਾਜਵਰਧਨ ਸਿੰਘ ਰਾਠੌਰ ਦਾ ਕਹਿਣਾ ਹੈ ਕਿ ਸਾਰਿਆਂ ਦੀ ਆਜ਼ਾਦੀ ਦੀ ਗੱਲ ਕਰਨ ਵਾਲੀ ਕਾਂਗਰਸ ਸਵਾਲ ਕਿਉਂ ਚੁੱਕ ਰਹੀ ਹੈ? ਡਾ. ਮਨਮੋਹਨ ਸਿੰਘ ਨੇ ਇਕ ਵਾਰ ਫਿਰ ਇਸ ਫ਼ਿਲਮ 'ਤੇ ਮੌਨ ਹੀ ਧਾਰੀ ਰੱਖਿਆ। ਕਾਂਗਰਸ ਦੇ ਸੀਨੀਅਰ ਆਗੂ ਪੀਐੱਲ ਪੂਨੀਆ ਨੇ ਇਸ ਨੂੰ ਧਿਆਨ ਵੰਡਾਉਣ ਦੀ ਤਰਕੀਬ ਦੱਸਿਆ ਹੈ। ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਦਾ ਕਹਿਣਾ



ਹੈ ਕਿ ਫਿਲਮ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਇਸ ਵਿਚੋਂ ਵਿਵਾਦਤ ਕੁਮੈਂਟ ਹਟਾਏ ਜਾਣ।ਹਾਲ ਹੀ ਵਿਚ ਮੱਧ ਪ੍ਰਦੇਸ਼ ਵਿਚ ਬਣੀ ਕਾਂਗਰਸ ਸਰਕਾਰ ਨੇ ਫਿਲਮ ਦੇ ਮੱਧ ਪ੍ਰਦੇਸ਼ ਵਿਚ ਰਿਲੀਜ਼ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਫਿਲਮ 'ਤੇ ਪਾਬੰਦੀ ਨਹੀਂ ਲਗਾਏਗੀ ਪਰ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਕਰੋੜਾਂ ਰੁਪਏ ਦੀ ਲਾਗਤ ਨਾਲ ਪ੍ਰਧਾਨ ਮੰਤਰੀ ਮੋਦੀ 'ਤੇ ਫਿਲਮ ਬਣਾਉਣਗੇ। ਇਸ ਵਿਵਾਦ 'ਚ ਫਿਲਮ ਇੰਡਸਟਰੀ ਨਾਲ ਜੁੜੇ ਹੋਏ ਲੋਕ ਵੀ ਕੁੱਦ

ਬਾਕੀ ਸਫ਼ਾ 28 'ਤੇ




# ਜੇ ਵਾਹਗਾ ਸਰਹੱਦ ਖੁੱਲ੍ਹਦੀ ਹੈ ਤਾਂ ਕਿਸਾਨਾਂ ਦੀ ਹੋਵੇਗੀ ਚਾਂਦੀ

## ਭਾਰਤ-ਪਾਕਿ ਤਣਾਅ ਕਾਰਨ ਸਲਾਨਾ ਵਪਾਰ ਘਟ ਕੇ 2 ਬਿਲੀਅਨ ਡਾਲਰ ਰਿਹਾ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਿਛਲੇ 70-72 ਸਾਲ ਤੋਂ ਭਾਰਤ-ਪਾਕਿਸਤਾਨ ਸਬੰਧ ਠੀਕ ਨਹੀਂ ਹਨ। ਦੋਵਾਂ ਦੇਸ਼ਾਂ ਵਿਚ ਤਿੰਨ ਯੁੱਧ ਹੋ ਚੁੱਕੇ ਹਨ। ਦੋਵੇਂ ਦੇਸ਼ ਪ੍ਰਮਾਣੂ ਹਥਿਆਰਾਂ ਦੇ ਮਾਲਕ ਬਣ ਚੁੱਕੇ ਹਨ। ਪਾਕਿਸਤਾਨ ਵਿਚ ਤਾਲਿਬਾਨ ਤੇ ਭਾਰਤ ਵਿਚ ਕਸ਼ਮੀਰ ਵਿਖੇ ਹਥਿਆਰਬੰਦ ਜੇਹਾਦੀ ਗੜਬੜ ਕਰਨ ਲਈ ਤਿਆਰ ਰਹਿੰਦੇ ਹਨ। ਪਾਕਿਸਤਾਨ ਵਿਚ ਸੰਨ 2018 ਵਿਚ ਚੁਣੀ ਗਈ ਨਵੀਂ ਸਰਕਾਰ ਪਾਕਿਸਤਾਨੀ ਫ਼ੌਜ ਦੇ ਪ੍ਰਭਾਵ ਅਧੀਨ ਹੈ। ਪਾਕਿਸਤਾਨ ਸੈਨਾ ਦੇ ਮੁਖੀ ਜਨਾਬ ਕਮਰ ਬਾਜਵਾ ਅਤੇ ਨਵੇਂ ਚੁਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਇਕ-ਦੂਜੇ ਦੇ ਸਹਿਯੋਗੀ ਹਨ। ਪਰ ਚਾਹੇ ਪਾਕਿਸਤਾਨ ਦੇ ਨਵੇਂ ਹਾਕਮ ਹਨ ਜਾਂ ਪੁਰਾਣੇ ਹਾਕਮ ਸਨ, ਸਭ ਜਾਣਦੇ ਹਨ ਕਿ ਯੁੱਧ ਕਿਸੇ ਮਸਲੇ ਦਾ ਹੱਲ ਨਹੀਂ। ਇਸ ਕਰਕੇ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਹੀ ਜਨਾਬ ਕਮਰ ਬਾਜਵਾ ਨੇ ਪਹਿਲ ਕਰਕੇ ਸ. ਨਵਜੋਤ ਸਿੰਘ ਸਿੱਧੂ ਨੂੰ ਕਿਹਾ ਸੀ, "ਅਸੀਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਮੌਕੇ ਕਰਤਾਰਪੁਰ ਵਾਲਾ ਲਾਂਘਾ ਖੋਲ੍ਹਣ ਲਈ ਤਿਆਰ ਹਾਂ।" ਪਹਿਲਾਂ ਭਾਰਤ ਸਰਕਾਰ ਨੇ ਹੁੰਗਾਰਾ ਨਹੀਂ ਭਰਿਆ ਪਰ ਹੁਣ ਤਕ ਪੁਲਾਂ ਹੇਠੋਂ ਬਹੁਤ ਸਾਰਾ ਪਾਣੀ ਵਹਿ ਚੁੱਕਾ ਹੈ। ਪਾਕਿਸਤਾਨ ਅਤੇ ਭਾਰਤ ਦੋਵੇਂ ਦੇਸ਼ ਲਾਂਘਾ ਖੋਲ੍ਹਣ ਲਈ ਬਹੁਤ ਸਾਰੀ ਪਹਿਲਕਦਮੀ ਕਰ ਚੁੱਕੇ ਹਨ। ਲਾਂਘਾ ਖੋਲ੍ਹਣ ਲਈ ਸੜਕਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖੇ ਜਾ ਚੁੱਕੇ ਹਨ।

ਇੰਜ ਜਾਪਦਾ ਹੈ, ਗੁਰੂ ਨਾਨਕ ਸਾਹਿਬ ਨੇ ਦੋਵਾਂ ਦੇਸ਼ਾਂ ਦੇ ਹਾਕਮਾਂ ਨੂੰ ਸੁਮੱਤ ਬਖ਼ਸ਼ੀ ਹੈ। ਹਾਲਾਤ ਖੁਸ਼ਗਵਾਰ ਬਣ ਰਹੇ ਹਨ। ਅਸਲ ਵਿਚ ਸੰਨ 2019 ਵਿਚ ਬਿਹਤਰ ਮਾਹੌਲ ਬਣਨ ਦੀ ਸੰਭਾਵਨਾ ਹੀ ਗੁਰੂ ਨਾਨਕ ਜੀ ਦੇ ਆ ਰਹੇ 550 ਸਾਲਾ ਗੁਰਪੁਰਬ ਨੇ ਬਣਾਈ ਹੈ। ਖ਼ਬਰ ਹੈ, ਪਾਕਿਸਤਾਨ ਆਪਣੇ ਪਾਸੇ ਬਣ ਰਹੀ ਸੜਕ ਦੇ ਨੇੜੇ ਆਪਣਾ ਇੰਮੀਗ੍ਰੇਸ਼ਨ ਦਫ਼ਤਰ ਖੋਲ੍ਹ ਰਿਹਾ ਹੈ। ਇਹ ਲਾਂਘਾ ਹੁਸੈਨੀਵਾਲਾ ਤੇ ਵਾਹਗਾ ਬਾਰਡਰ ਤੋਂ ਬਾਅਦ ਦੋਵਾਂ ਪੰਜਾਬਾਂ ਵਿਚਕਾਰ ਤੀਜਾ ਰਾਹ ਬਣ ਜਾਏਗਾ।ਯਾਦ ਰਹੇ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਲਾਨਾ ਵਪਾਰ ਸੰਭਾਵੀ ਤੌਰ 'ਤੇ 37 ਬਿਲੀਅਨ ਡਾਲਰ (2 ਲੱਖ 60 ਹਜ਼ਾਰ ਕਰੋੜ ਭਾਰਤੀ ਰੁਪਏ) ਹੋਣਾ ਚਾਹੀਦਾ ਹੈ ਪਰ ਗ਼ੈਰ-ਕੁਦਰਤੀ ਰੁਕਾਵਟਾਂ ਕਾਰਨ ਇਹ ਘਟ ਕੇ ਸਿਰਫ਼ 2 ਬਿਲੀਅਨ ਡਾਲਰ (ਆਈਐਨਆਰ 140 ਅਰਬ) ਤਕ ਹੀ ਹੁੰਦਾ ਹੈ। ਇਨ੍ਹਾਂ ਅੰਕੜਿਆਂ ਬਾਰੇ ਇਸ ਮਹੀਨੇ ਵਿਸ਼ਵ ਬੈਂਕ ਵੱਲੋਂ ਜਾਰੀ ਇਕ ਅਧਿਐਨ ਵਿਚ ਇਹ ਖੁਲਾਸਾ ਹੋਇਆ ਹੈ। ਇਸ ਅਧਿਐਨ ਨੂੰ 'ਏ ਗਲਾਸ ਹਾਫ-ਫੁੱਲ, ਦਿ ਪਰੋਮਿਸ ਆਫ਼ ਰਿਜ਼ਨਲ ਟਰੇਡ ਇਨ ਸਾਊਥ ਏਸ਼ੀਆ' ਦੇ ਸਿਰਲੇਖ ਹੇਠ ਜਾਰੀ ਕੀਤਾ ਗਿਆ ਹੈ। ਭਾਰਤ ਅਤੇ ਪਾਕਿਸਤਾਨ ਦੀ ਕੌਮਾਂਤਰੀ ਸਰਹੱਦ 'ਤੇ ਵਾਹਗਾ/ਅਟਾਰੀ ਇੰਟੇਗਰੇਟਿਡ ਚੈੱਕ ਪੋਸਟ (ਆਈਸੀਪੀ.) 'ਤੇ ਬੇਤਹਾਸ਼ਾ ਘਟ ਜਾਂ ਵਧ ਰਿਹਾ ਵਪਾਰ ਵਿਸ਼ਵ ਬੈਂਕ ਦੇ ਨਿਰੀਖਣ ਦੀ ਗਵਾਹੀ ਦਿੰਦਾ ਹੈ। ਇੰਟੇਗਰੇਟਿਡ ਚੈੱਕ ਪੋਸਟ ਦੋਹਾਂ ਦੇਸ਼ਾਂ ਵਿਚਾਲੇ ਹੁੰਦੇ ਵਪਾਰ ਨਾਲ ਜੁੜੇ ਕੰਮਕਾਜ ਲਈ ਬਣਾਈ ਗਈ ਹੈ। ਘੱਟ ਮਿਆਦ ਵਾਲੀਆਂ ਵਸਤਾਂ 'ਤੇ ਪਾਬੰਦੀ ਕਾਰਨ ਭਾਰਤੀ ਕਿਸਾਨ ਆਪਣੇ ਉਤਪਾਦਾਂ ਨੂੰ ਬੇਹੱਦ ਘੱਟ ਭਾਅ 'ਤੇ ਵੇਚਣ ਲਈ ਮਜਬੂਰ ਹਨ ਜਦਕਿ ਪਾਕਿਸਤਾਨੀ ਖਪਤਕਾਰ ਸਰਹੱਦ ਦੇ ਉਸ ਪਾਰ ਉਸੇ ਉਤਪਾਦ ਲਈ ਬੇਹੱਦ ਮਹਿੰਗੀ ਕੀਮਤ ਅਦਾ ਕਰ ਰਹੇ ਹਨ। ਵਿੱਤੀ ਸਾਲ 20 17-18 ਵਿਚ ਪਾਕਿਸਤਾਨ ਵੱਲੋਂ ਭਾਰਤ ਤੋਂ ਆਉਂਦੀਆਂ ਘੱਟ ਮਿਆਦੀ ਵਸਤਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਪਾਬੰਦੀ ਦਾ ਸੰਤਾਪ ਭਾਰਤ ਦੇ ਕਿਸਾਨਾਂ ਤੇ ਵਪਾਰੀਆਂ ਨੂੰ ਝੱਲਣਾ ਪੈ ਰਿਹਾ ਹੈ।ਵਿਸ਼ਵ ਬੈਂਕ ਵੱਲੋਂ ਜਾਰੀ ਇਸ ਅਧਿਐਨ ਵਿਚ ਖੁਲਾਸਾ ਹੋਇਆ ਹੈ ਕਿ ਭਾਰਤ-ਪਾਕਿਸਤਾਨ ਵਿਚਕਾਰ ਵਪਾਰ ਘਟਿਆ ਹੈ।

ਭਾਰਤ ਨੇ 13 ਅਪਰੈਲ 2012 ਨੂੰ ਗੁਆਂਢੀ ਮੁਲਕਾਂ ਵਿਚਾਲੇ ਵਪਾਰ ਨੂੰ ਹੁਲਾਰਾ ਦੇਣ ਲਈ (ਆਈਸੀਪੀ.) ਦਾ ਉਦਘਾਟਨ ਕੀਤਾ ਸੀ। ਸਾਲ 2015-16 ਵਿਚ ਭਾਰਤ ਵੱਲੋਂ 338 ਕਰੋੜ ਰੁਪਏ ਅਤੇ ਸਾਲ 2016-17 ਵਿਚ 369 ਕਰੋੜ ਰੁਪਏ ਦੀਆਂ ਫਲਾਂ-ਸਬਜ਼ੀਆਂ ਦੀ ਬਰਾਮਦਗੀ ਕੀਤੀ ਗਈ ਸੀ।ਭਾਰਤ ਵੱਲੋਂ ਪਾਕਿਸਤਾਨ ਨੂੰ ਸਾਲ 2015-16 ਦੌਰਾਨ ਕੁੱਲ 273.26 ਕਰੋੜ ਰੁਪਏ ਦੀਆਂ 1,24,277 ਮੀਟ੍ਰਿਕ ਟਨ ਫਲ਼-ਸਬਜ਼ੀਆਂ ਦੀ ਬਰਾਮਦਗੀ ਕੀਤੀ ਗਈ ਸੀ। ਇਨ੍ਹਾਂ ਨੂੰ 60 57 ਟਰੱਕਾਂ ਵਿਚ ਭੇਜਿਆ ਗਿਆ ਸੀ।ਇਸੇ ਸਾਲ 646 ਟਰੱਕ 65.27 ਕਰੋੜ ਰੁਪਏ ਦੀ 20,608 ਮੀਟ੍ਰਿਕ ਟਨ ਸੋਇਆਬੀਨ ਦੀ ਬਰਾਮਦਗੀ ਕਰਨ ਲਈ (ਆਈਸੀਪੀ.) ਰਾਹੀਂ ਭਾਰਤ ਤੋਂ ਪਾਕਿਸਤਾਨ ਗਏ ਸਨ। ਸਾਲ 20 16-17 ਵਿੱਚ ਭਾਰਤ ਨੇ 3606.7 ਕਰੋੜ ਰੁਪਏ ਦੀਆਂ 1,86,149 ਮੀਟ੍ਰਿਕ ਟਨ ਸਬਜ਼ੀਆਂ ਬਰਾਮਦ ਕਰਨ ਲਈ ਕੁੱਲ 10495 ਟਰੱਕ ਪਾਕਿਸਤਾਨ ਵੱਲ ਗਏ ਸਨ।ਉਸ ਤੋਂ ਬਾਅਦ ਸੋਇਆਬੀਨ ਦੀ ਬਰਾਮਦਗੀ ਕਾਫੀ ਘਟ ਗਈ। ਸਿਰਫ਼ 94 ਟਰੱਕਾਂ ਵਿਚ 30 56 ਮੀਟ੍ਰਿਕ ਟਨ ਸੋਇਆਬੀਨ ਹੀ ਬਰਾਮਦ ਕੀਤੀ ਗਈ ਜਿਸ ਦੀ ਕੀਮਤ 147.9 ਕਰੋੜ ਰੁਪਏ ਸੀ।ਪਾਕਿਸਤਾਨ (ਆਈਸੀਪੀ.) ਰਾਹੀਂ ਸੁੱਕੇ ਮੇਵੇ, ਸੀਮੇਂਟ, ਜਿਪਸਮ, ਗਲਾਸ, ਸੋਡਾ, ਚੂਨਾ, ਨਮਕ, ਅਲਮੀਨੀਅਮ ਅਤੇ ਹੋਰ ਚੀਜ਼ਾਂ ਬਰਾਮਦ ਕਰਦਾ ਹੈ।

ਸਾਲ 2015-16 ਦੌਰਾਨ ਕੁੱਲ 248.08 ਕਰੋੜ ਰੁਪਏ ਦੇ 18,43,600 ਮੀਟ੍ਰਿਕ ਟਨ ਵਸਤਾਂ ਨਾਲ ਭਰੇ ਹੋਏ ਕੁੱਲ 39,823 ਟਰੱਕ (ਆਈਸੀਪੀ.) ਰਾਹੀਂ ਭੇਜੇ ਗਏ। ਸਾਲ 2017-18 ਵਿਚ ਪਾਕਿਸਤਾਨ ਵੱਲੋਂ ਕੀਤੀ ਗਈ ਬਰਾਮਦਗੀ ਵਿਚ ਵਾਧਾ ਹੋਇਆ।(ਆਈਸੀਪੀ.) ਰਾਹੀਂ 22,97,932 ਮੀਟਰਿਕ ਟਨ ਵਸਤਾਂ ਦੇ 44,890 ਟਰੱਕ ਭਾਰਤ ਵਿੱਚ ਦਾਖਲ ਹੋਏ ਜਿਸ ਦੀ ਕੀਮਤ 3,403.95 ਕਰੋੜ ਰੁਪਏ ਸੀ।ਸਾਲ 2018-19 ਵਿਚ ਨਵੰਬਰ ਤਕ ਕੁੱਲ 34,009 ਟਰੱਕ ਭਾਰਤੀ ਬਜ਼ਾਰਾਂ ਵਿਚ (ਆਈਸੀਪੀ.) ਰਾਹੀਂ ਆਏ। ਇਨ੍ਹਾਂ ਵਿਚ ਕੁੱਲ 17, 00715 ਮੀਟ੍ਰਿਕ ਟਨ ਸੁੱਕੇ ਫਲ, ਸੀਮੇਂਟ, ਜਿਪਸਮ, ਚੂਨਾ-ਪੱਥਰ ਸੀ। ਇਨ੍ਹਾਂ ਦੀ ਕੀਮਤ 24,71. 72 ਕਰੋੜ ਰੁਪਏ ਸੀ।

**ਵਪਾਰ 'ਤੇ ਰੋਕ ਦੇ ਕਾਰਨ :** ਅੰਮ੍ਰਿਤਸਰ ਵਿਚ ਭਾਰਤ-ਪਾਕਿਸਤਾਨ ਐਕਸਪੋਰਟਰਜ਼ ਦੇ ਮੁਖੀ ਰਾਜਦੀਪ ਉੱਪਲ ਨੇ ਦੱਸਿਆ ਕਿ ਗ਼ੈਰ-ਸਰਕਾਰੀ ਤੌਰ 'ਤੇ ਤਾਜ਼ੀਆਂ ਸਬਜ਼ੀਆਂ ਦੇ ਕਾਰੋਬਾਰ 'ਤੇ ਪਾਬੰਦੀ ਦਾ ਫੈਸਲਾ ਤਕਨੀਕੀ ਕਾਰਨਾਂ ਨਾਲੋਂ ਜ਼ਿਆਦਾ ਸਿਆਸੀ ਕਾਰਨਾਂ ਕਰਕੇ ਲਿਆ ਗਿਆ ਹੈ। ਮਾਹਿਰ ਵੀ ਪਾਬੰਦੀ ਦਾ ਫੈਸਲਾ ਤਕਨੀਕੀ ਕਾਰਨਾਂ ਨਾਲੋਂ ਜ਼ਿਆਦਾ ਸਿਆਸੀ ਮੰਨਦੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਜਦੋਂ ਪਾਕਿਸਤਾਨ ਵਿਚ ਟਮਾਟਰ ਸੰਕਟ ਖੜ੍ਹਾ ਹੋਇਆ ਸੀ ਤਾਂ ਉਦੋਂ ਪਾਕਿਸਤਾਨ ਵਿਚ ਟਮਾਟਰ 300 ਰੁਪਏ ਪ੍ਰਤੀ ਕਿਲੋਗ੍ਰਾਮ ਮਿਲ ਰਹੇ ਸਨ ਜਦਕਿ ਲਾਹੌਰ ਤੋਂ ਮਹਿਜ਼ 40 ਕਿਲੋਮੀਟਰ ਦੂਰ ਅੰਮ੍ਰਿਤਸਰ ਵਿਚ ਟਮਾਟਰ ਦੀ ਕੀਮਤ ਸਿਰਫ਼ 20 ਰੁਪਏ ਪ੍ਰਤੀ ਕਿਲੋਗ੍ਰਾਮ ਸੀ।ਉਨ੍ਹਾਂ ਅੱਗੇ ਕਿਹਾ, "ਸਰਹੱਦ ਵਪਾਰ 'ਤੇ ਨਾਜਾਇਜ਼ ਪਾਬੰਦੀਆਂ ਨੇ ਪਾਕਿਸਤਾਨ ਵਿਚ ਖਪਤਕਾਰਾਂ ਲਈ ਮੁਸ਼ਕਿਲ ਖੜ੍ਹੀ ਕਰ ਦਿੱਤੀ ਹੈ।"

ਪੂਰਬੀ ਏਸ਼ੀਆ ਅਤੇ ਪੈਸੀਫਿਕ ਵਿਚ ਕੁੱਲ ਵਪਾਰ ਦਾ 50 ਫੀਸਦੀ ਹਿੱਸਾ ਅੰਤਰ-ਖੇਤਰੀ ਵਪਾਰ ਦਾ ਹੈ।ਵਿਸ਼ਵ ਬੈਂਕ ਦਾ ਅਧਿਐਨ ਰਾਜਦੀਪ ਉੱਪਲ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ। ਜੋ ਅਧਿਐਨ ਇਹ ਕਹਿੰਦਾ ਹੈ ਕਿ ਗ਼ੈਰ-ਭਰੋਸਗੀ ਅਤੇ ਪਾਰਦਰਸ਼ਿਤਾ ਦੀ ਕਮੀ ਭਾਰਤ ਤੇ ਪਾਕਿਸਤਾਨ ਵਿਚਾਲੇ ਵਪਾਰ ਦੀਆਂ ਵੱਡੀਆਂ ਸੰਭਾਵਨਾਵਾਂ ਦਾ ਲਾਹਾ ਨਾ ਚੁੱਕਣ ਪਿੱਛੇ ਜ਼ਿੰਮੇਵਾਰ ਹਨ। ਰਾਜਦੀਪ ਉੱਪਲ ਅਨੁਸਾਰ ਟਮਾਟਰ ਅਤੇ ਪਿਆਜ਼ ਉਗਾਉਣ ਲਈ ਢੁਕਵੇਂ ਹਾਲਾਤ ਨਹੀਂ ਹਨ ਪਰ ਪਾਕਿਸਤਾਨ ਹੋਰਨਾਂ ਦੇਸ਼ਾਂ ਤੋਂ ਟਮਾਟਰ ਦਰਾਮਦ ਕਰਨਾ ਚਾਹੁੰਦਾ ਹੈ, ਨਾ ਕਿ ਭਾਰਤ ਤੋਂ। ਵਿਸ਼ਵ ਬੈਂਕ ਵੀ ਇਸੇ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਦੱਖਣੀ ਏਸ਼ੀਆਈ ਮੁਲਕ ਦੂਜੇ ਖੇਤਰਾਂ ਤੋਂ ਦਰਾਮਦ ਕਰਨਾ ਚਾਹੁੰਦੇ ਹਨ ਨਾ ਕਿ ਆਪਣੇ ਹੀ ਖੇਤਰ ਦੇ ਦੂਜੇ ਦੇਸ਼ਾਂ ਤੋਂ। ਦੱਖਣੀ ਏਸ਼ੀਆਈ ਮੁਲਕ ਦੂਜੇ ਖੇਤਰਾਂ ਤੋਂ ਦਰਾਮਦ ਕਰਨਾ ਚਾਹੁੰਦੇ ਹਨ। ਅਧਿਐਨ ਵਿਚ ਇਹ ਵੀ ਕਿਹਾ ਗਿਆ ਹੈ ਕਿ 'ਪੂਰਬੀ ਏਸ਼ੀਆ ਅਤੇ ਪੈਸੀਫਿਕ ਵਿਚ ਕੁੱਲ ਵਪਾਰ ਦਾ 50 ਫੀਸਦੀ ਹਿੱਸਾ ਅੰਤਰੱ-ਖੇਤਰੀ ਵਪਾਰ ਦਾ ਹੈ। ਸਬ-ਸਹਾਰਾ ਅਫਰੀਕਾ 'ਚ ਇਹ ਹਿੱਸਾ 22 ਫੀਸਦੀ ਹੈ ਜਦਕਿ ਦੱਖਣੀ ਏਸ਼ੀਆ ਵਿਚ ਕੁੱਲ ਵਪਾਰ ਦਾ 5 ਫੀਸਦੀ ਤੋਂ ਥੋੜ੍ਹਾ ਵੱਧ ਹੀ ਹਿੱਸਾ ਅੰਤਰ-ਖੇਤਰੀ ਵਪਾਰ ਦਾ ਬਣਦਾ ਹੈ।ਭਾਰਤੀ ਪ੍ਰਸ਼ਾਸਨ ਅਤੇ ਭਾਰਤੀ ਆਬਕਾਰੀ ਵਿਭਾਗ ਦੇ ਜੁਆਇੰਟ ਕਮਿਸ਼ਨਰ ਦੀਪਕ ਕੁਮਾਰ ਨੇ ਮੰਨਿਆ ਕਿ ਆਈਸੀਪੀ ਰਾਹੀਂ ਘੱਟ ਮਿਆਦੀ (ਫਲ, ਸਬਜ਼ੀ, ਮੱਛੀਆਂ ਆਦਿ) ਵਸਤਾਂ ਦੀ ਪਾਕਿਸਤਾਨ ਨੂੰ ਕੀਤੀ ਜਾਂਦੀ ਬਰਾਮਦਗੀ ਵਿਚ ਕਮੀ ਆਈ ਹੈ।ਉਨ੍ਹਾਂ ਨੇ ਦੱਸਿਆ ਕਿ ਪਾਕਿਸਤਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਕੋਈ ਅਧਿਕਾਰਤ ਕਾਰਨ ਨਹੀਂ ਦੱਸਿਆ ਹੈ ਕਿ ਆਖਿਰ ਕਿਉਂ ਭਾਰਤ ਦੀਆਂ ਘੱਟ ਮਿਆਦੀ ਵਸਤਾਂ 'ਤੇ ਪਾਬੰਦੀ ਲਾਈ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤ ਨੇ ਸੰਨ 1998 ਵਿਚ ਪਾਕਿਸਤਾਨ ਨੂੰ 'ਮੋਸਟ ਫੇਵਰਡ ਨੇਸ਼ਨ' ਦਾ ਦਰਜਾ ਦਿੱਤਾ ਗਿਆ ਸੀ ਜਦਕਿ ਪਾਕਿਸਤਾਨ ਨੇ ਭਾਰਤ ਲਈ ਅਜਿਹਾ ਕੁਝ ਨਹੀਂ ਕੀਤਾ। ਇਸ ਤੋਂ ਇਲਾਵਾ ਪਾਕਿਸਤਾਨ ਨੇ ਭਾਰਤੀ ਟਰੱਕਾਂ ਨੂੰ ਅਫਗਾਨਿਸਤਾਨ ਵਿਚ ਮਾਲ ਲਿਜਾਣ ਲਈ ਟ੍ਰਾਂਜਿਟ ਪਰਮਿਟ ਵੀ ਅਜੇ ਤੱਕ ਨਹੀਂ ਦਿੱਤਾ ਹੈ। ਹਾਲਾਂਕਿ ਉਹ ਕਈ ਅਫਗਾਨੀ ਸਮਾਨ ਨੂੰ (ਆਈਸੀਪੀ.) ਰਾਹੀਂ ਭਾਰਤ ਭੇਜਣ ਦੀ ਇਜਾਜ਼ਤ ਦਿੰਦਾ ਹੈ। ਭਾਰਤ ਦੀਆਂ ਘੱਟ ਮਿਆਦੀ ਵਸਤਾਂ 'ਤੇ ਪਾਕਿਸਤਾਨ ਵੱਲੋਂ ਪਾਬੰਦੀ ਲਾਏ ਜਾਣ ਦੀ ਕਿਸਾਨ ਆਗੂ ਸਰਵਨ ਸਿੰਘ ਪੰਧੇਰ ਵੱਲੋਂ ਨਿਖੇਧੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜੇ ਪਾਕਿਸਤਾਨ ਸਬਜ਼ੀਆਂ ਦੀ ਦਰਾਮਦ ਕਰਦਾ ਹੈ ਤਾਂ ਇਸ ਨਾਲ ਨਾ ਕੇਵਲ ਭਾਰਤੀ ਕਿਸਾਨਾਂ ਨੂੰ ਲਾਭ ਹੋਵੇਗਾ ਸਗੋਂ ਪਾਕਿਸਤਾਨੀ ਘਰੇਲੂ ਬਾਜ਼ਾਰਾਂ ਵਿਚ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵੀ ਘਟਣਗੀਆਂ। 6 ਦਸੰਬਰ, 2018 ਨੂੰ ਪਾਕਿਸਤਾਨ ਦੇ ਅਖ਼ਬਾਰ ਡਾਅਨ ਵਿਚ ਵਿਸ਼ਵ ਬੈਂਕ ਦੀ ਉੱਪਰ ਦਿੱਤੀ ਹੋਈ ਰਿਪੋਰਟ ਦੇ ਲੇਖਕ ਸੰਜੇ ਕਥੂਰੀਆ ਦਾ ਬਿਆਨ ਛਪਿਆ ਸੀ। ਉਨ੍ਹਾਂ ਨੇ ਕਿਹਾ ਸੀ, "ਵਿਸ਼ਵਾਸ ਨਾਲ ਵਪਾਰ ਵਧਦਾ ਹੈ ਅਤੇ ਵਪਾਰ ਨੂੰ ਵਧਾਉਣ ਨਾਲ ਭਰੋਸਾ, ਅੰਤਰ-ਨਿਰਭਰਤਾ ਅਤੇ ਸ਼ਾਂਤੀ ਵਧਦੀ ਹੈ।"

ਇਸ ਸੰਦਰਭ ਵਿਚ ਉਹ ਹਾਲ ਹੀ ਵਿਚ ਰੱਖੇ ਗਏ ਕਰਤਾਰਪੁਰ ਲਾਂਘੇ ਨੂੰ ਇਕ ਪਹਿਲਕਦਮੀ ਮੰਨਦੇ ਹਨ ਜਿਸ ਨਾਲ ਭਰੋਸੇ ਦੀ ਘਾਟ ਨੂੰ ਘਟਾਉਣ 'ਚ ਮਦਦ ਮਿਲੇਗੀ।

**ਕੀ ਕਹਿੰਦੇ ਹਨ ਬਾਬਾ ਬੇਦੀ :** ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਆਖਦੇ ਹਨ ਕਿ ਪੰਜਾਬ ਨੂੰ ਬਚਾਉਣ ਅਤੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢਣ ਲਈ ਵਾਹਗਾ ਬਾਰਡਰ ਰਾਹੀਂ ਵਿਉਪਾਰ ਖੋਲ੍ਹਿਆ ਜਾਵੇ ਤਾਂ ਜੋ ਕਿਸਾਨ ਆਪਣੀਆਂ ਜਿਣਸਾਂ ਸੈਂਟਰਲ ਏਸ਼ੀਆ ਦੀ ਮੰਡੀ ਵਿਚ ਵੇਚ ਸਕਣ।ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਵਾਹਗਾ ਬਾਰਡਰ ਰਾਹੀਂ ਖੁੱਲ੍ਹਾ ਵਪਾਰ ਸ਼ੁਰੂ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੌਜੂਦਾ ਸਮੇ ਅੰਦਰ ਮੁੰਬਈ ਅਤੇ ਗੁਜਰਾਤ ਪੋਰਟ ਰਾਹੀਂ ਹੀ ਪਾਕਿਸਤਾਨ ਅਤੇ ਹੋਰਨਾਂ ਸੈਂਟਰਲ ਏਸ਼ੀਆ ਮੁਲਕਾਂ ਨਾਲ ਵਪਾਰ ਹੋ ਰਿਹਾ ਹੈ। ਉਹਨਾਂ ਕਿਹਾ ਕਿ ਵਾਹਗਾ ਬਾਰਡਰ ਦੇ ਖੋਲਣ ਨਾਲ ਪੰਜਾਬ ਦਾ ਕਿਸਾਨ ਆਪਣੀਆਂ ਜਿਣਸਾਂ ਅੰਤਰਰਾਸ਼ਟਰੀ ਮੰਡੀ ਵਿੱਚ ਚੰਗੇ ਦਾਮਾਂ ਤੇ ਵੇਚ ਸਕੇਗਾ।



### ਲਗਦੇ ਹੱਥ ਹੁਣ ਵਾਹਗਾ ਬਾਰਡਰ ਵੀ ਖੋਲ੍ਹ ਦਿਉ ਸਰਕਾਰ ਜੀ-ਖਹਿਰਾ

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਭਾਰਤ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਹੁਣ ਜਦੋਂ ਕਰਤਾਰਪੁਰ ਲਾਘਾਂ ਖੋਲ੍ਹਣ ਦੀ ਗੱਲ ਤੁਰ ਹੀ ਪਈ ਹੈ ਤਾਂ ਹੁਣ ਲੱਗੇ ਹੱਥ ਭਾਰਤ ਸਰਕਾਰ ਵਾਹਗਾ ਬਾਰਡਰ ਵੀ ਦੋਵੇਂ ਦੇਸ਼ਾਂ ਦੇ ਲੋਕਾਂ ਲਈ ਖੋਲ੍ਹ ਦੇਵੇ ਤਾਂ ਕਿ ਆਸਥਾ ਦੇ ਨਾਲ-ਨਾਲ ਲੋਕਾਂ ਦੇ ਵਪਾਰਕ ਮੰਤਵ ਵੀ ਪੂਰੇ ਹੋ ਸਕਣ।



# ਭਾਰਤ-ਪਾਕਿ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਸਮਝੌਤੇ ਦੀ ਕਾਰਵਾਈ ਸ਼ੁਰੂ

## ਯਾਤਰਾ ਦਾ ਲਾਭ ਪਰਵਾਸੀ ਭਾਰਤੀ ਨਹੀਂ ਲੈ ਸਕਣਗੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਲਈ ਦੋਵੇਂ ਪਾਸੇ ਦੀਆਂ ਸਰਕਾਰਾਂ ਵਲੋਂ ਆਪਸ 'ਚ 'ਮੈਮੋਰੰਡਮ ਆਫ਼ ਅੰਡਰਸਟੈਡਿੰਗ' ਭਾਵ ਆਪਸੀ ਲਿਖਤੀ ਸਮਝੌਤੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੇ ਚਲਦਿਆਂ ਪਾਕਿਸਤਾਨ ਵਲੋਂ 14 ਸ਼ਰਤਾਂ ਤੇ ਨਿਯਮਾਂ ਦਾ ਪ੍ਰਸਤਾਵ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ। ਇਸ ਪ੍ਰਸਤਾਵ 'ਚ ਦਰਜ ਸ਼ਰਤਾਂ ਮੁਤਾਬਿਕ ਕਰਤਾਰਪੁਰ ਲਾਂਘੇ ਦੀ ਮਾਰਫ਼ਤ ਭਾਰਤੀ ਸ਼ਰਧਾਲੂ ਬਿਨਾਂ ਵੀਜ਼ਾ ਪਰਮਿਟ ਰਾਹੀਂ ਇਹ ਯਾਤਰਾ ਕਰ ਸਕਣਗੇ। ਦੋਵਾਂ ਦੇਸ਼ਾਂ ਨੂੰ ਆਪਣੇ-ਆਪਣੇ ਪਾਸੇ ਜਾਂਚ ਤੇ ਸੁਰੱਖਿਆ ਚੌਕੀਆਂ, ਸੜਕਾਂ, ਇੰਮੀਗ੍ਰੇਸ਼ਨ ਦਫ਼ਤਰ ਤੇ ਹੋਰ ਬੁਨਿਆਦੀ ਢਾਂਚੇ ਕਾਇਮ ਕਰਨੇ ਹੋਣਗੇ। ਸ਼ਰਧਾਲੂਆਂ ਦੀ ਗਿਣਤੀ ਤੇ ਉਨ੍ਹਾਂ ਸਬੰਧੀ ਹੋਰ ਜਾਣਕਾਰੀ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇਗਾ। ਇਸ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਆਉਣ ਵਾਲੇ ਭਾਰਤੀ ਸ਼ਰਧਾਲਆਂ ਨੂੰ ਚਾਰ ਪ੍ਰਮੁੱਖ ਸ਼ਰਤਾਂ ਦਾ ਪਾਲਣ ਕਰਨਾ ਹੋਵੇਗਾ, ਜਿਸ ਅਧੀਨ ਸ਼ਰਧਾਲੂ ਘੱਟੋ-ਘੱਟ 15 ਮੈਂਬਰਾਂ ਦੇ ਸਮੂਹ 'ਚ ਆਉਣਗੇ, ਹਰ ਇਕ ਦੇ ਕੋਲ ਭਾਰਤੀ ਪਾਸਪੋਰਟ ਤੇ ਸਕਿਉਰਿਟੀ ਕਲੀਅਰੈਂਸ ਸਰਟੀਫ਼ਿਕੇਟ ਹੋਣਾ ਲਾਜ਼ਮੀ ਰਹੇਗਾ, ਯਾਤਰਾ 'ਤੇ ਆਉਣ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਸੂਚਨਾ ਦੇਣੀ ਹੋਵੇਗੀ ਅਤੇ ਸ਼ਰਧਾਲੂ ਗੁਰਦੁਆਰਾ ਸਾਹਿਬ 'ਚ ਆਉਣ ਤੋਂ ਬਾਅਦ ਉੱਥੋਂ ਬਾਹਰ ਨਹੀਂ ਜਾ ਸਕਣਗੇ। ਯਾਤਰੂ ਉੱਥੇ ਰਾਤ ਨਹੀਂ ਰੁਕ ਸਕਣਗੇ ਅਤੇ ਨਿਰਧਾਰਤ ਕੀਤੇ ਸਮੇਂ ਦੇ ਅੰਦਰ ਉਨ੍ਹਾਂ ਨੂੰ ਵਾਪਸ ਪਰਤਣਾ ਹੋਵੇਗਾ। ਇਸ ਤੋਂ ਇਲਾਵਾ ਲਾਂਘੇ ਦੀ ਮਾਰਫ਼ਤ ਰੋਜ਼ਾਨਾ 500 ਸ਼ਰਧਾਲੂ ਹੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ 'ਚ ਪਹੁੰਚ ਸਕਣਗੇ ਤੇ ਉਨ੍ਹਾਂ ਨੂੰ ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ 9 ਘੰਟੇ ਲਈ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਮਨਜ਼ੂਰੀ ਹੋਵੇਗੀ । ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਸ਼ਰਧਾਲੂਆਂ ਨੂੰ ਆਉਣ ਤੋਂ ਇਨਕਾਰ ਕਰਨ ਜਾਂ ਯਾਤਰਾ ਲਈ ਦਿੱਤਾ ਸਮਾਂ ਘੱਟ ਕਰਨ ਦਾ ਪਾਕਿਸਤਾਨ ਸਰਕਾਰ ਨੂੰ ਪੂਰਾ ਹੱਕ ਹੋਵੇਗਾ। ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਇਹ ਸਮਝਾਉਣਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਸ਼ਰਧਾਲੂ ਪਾਕਿਸਤਾਨ ਆਉਣ 'ਤੇ ਕਿਸੇ ਪ੍ਰਕਾਰ ਦਾ ਕੋਈ ਨਿਯਮ ਭੰਗ ਨਾ ਕਰਨ। ਇਸ ਲਾਂਘੇ ਨੂੰ ਲੈ ਕੇ ਜੇਕਰ ਭਵਿੱਖ 'ਚ ਕੋਈ ਵਿਵਾਦ ਉੱਠਦਾ ਹੈ ਤਾਂ ਦੋਵਾਂ ਦੇਸ਼ਾਂ ਦੇ ਕੂਟਨੀਤਕ ਸਾਂਝੇ ਤੌਰ 'ਤੇ ਉਸ ਨੂੰ ਹੱਲ ਕਰਨ ਦੇ ਉਪਰਾਲੇ ਕਰਨਗੇ । ਪਾਕਿਸਤਾਨ ਸਰਕਾਰ ਨੇ ਇਹ ਵੀ ਸ਼ਰਤ ਰੱਖੀ ਹੈ ਕਿ ਉਕਤ ਸਮਝੌਤੇ ਦਾ ਕੋਈ ਵੀ ਅਸਰ ਭਾਰਤ-ਪਾਕਿਸਤਾਨ ਵਿਚਾਲੇ ਹੋਏ ਪੁਰਾਣੇ ਦੁਵੱਲੇ ਸਮਝੌਤਿਆਂ 'ਤੇ ਨਹੀਂ ਪਵੇਗਾ ਅਤੇ ਭਵਿੱਖ 'ਚ ਜਦੋਂ ਵੀ ਦੋਵੇਂ ਦੇਸ਼ਾਂ 'ਚੋਂ ਕਿਸੇ ਨੇ ਵੀ ਸ੍ਰੀ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਲਾਂਘੇ ਨੂੰ ਲੈ ਕੇ ਕੀਤਾ ਸਮਝੌਤਾ ਤੋੜਨਾ ਹੋਵੇ ਤਾਂ ਉਹ ਦੂਜੇ ਦੇਸ਼ ਨੂੰ ਘੱਟੋ-ਘੱਟ ਇਕ ਮਹੀਨਾ ਪਹਿਲਾਂ ਲਿਖਤੀ ਨੋਟਿਸ ਦੇਵੇਗਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਭਾਰਤ ਸਰਕਾਰ ਵਲੋਂ ਇਸ ਲਾਂਘੇ ਲਈ ਜੋ ਸ਼ਰਤਾਂ ਰੱਖੀਆਂ ਗਈਆਂ, ਉਨ੍ਹਾਂ ਅਨੁਸਾਰ ਕੋਈ ਵੀ ਭਾਰਤੀ ਸ਼ਰਧਾਲੂ ਸਾਲ 'ਚ ਸਿਰਫ਼ ਇਕ ਵਾਰ ਹੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਲਈ ਜਾ ਸਕੇਗਾ। ਯਾਤਰਾ ਦਾ ਕੋਈ ਖ਼ਰਚ ਨਹੀਂ ਲਿਆ ਜਾਵੇਗਾ। ਯਾਤਰਾ 'ਤੇ ਜਾਣ ਦੇ ਇੱਛੁਕ ਆਨ-ਲਾਈਨ ਰਜਿਸਟਰੇਸ਼ਨ ਕਰਨਗੇ, ਉਪਰੰਤ ਉਨ੍ਹਾਂ ਲਈ ਪੁਲਿਸ ਜਾਂਚ ਜ਼ਰੂਰੀ ਹੋਵੇਗੀ। ਇਸ ਯਾਤਰਾ ਦਾ ਲਾਭ ਪ੍ਰਵਾਸੀ (ਐਨਆਰਆਈ.) ਭਾਰਤੀ ਨਹੀਂ ਲੈ ਸਕਣਗੇ ਅਤੇ ਇੰਮੀਗ੍ਰੇਸ਼ਨ ਸਬੰਧੀ ਕਾਰਵਾਈ ਤੇ ਬਾਇਓਮੀਟ੍ਰਿਕ ਮਸ਼ੀਨਾਂ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਹੀ ਸ਼ਰਧਾਲੂ ਪਾਕਿਸਤਾਨ ਜਾ ਸਕਣਗੇ।

# ਯੂਪੀ : ਮੁਸਲਮਾਨਾਂ ਨੂੰ ਪੁਲੀਸ ਦੇ ਡੰਡੇ ਨਾਲ ਦਬਾਇਆ ਜਾਣ ਲੱਗਾ

• ਚੋਣਾਂ ਨੇੜੇ ਹੋਣ ਕਰਕੇ ਭਾਜਪਾ ਵਲੋਂ ਹਿੰਦੂ-ਮੁਸਲਿਮ ਦਾ ਰਾਗ ਅਲਾਪਣਾ ਸ਼ੁਰੂ

• ਮੁਸਲਮਾਨਾਂ ਦੇ ਕਾਤਲਾਂ ਨੂੰ ਭਾਜਪਾ ਆਗੂਆਂ ਨੇ ਦਿਤੀ ਸਰਪ੍ਰਸਤੀ

**ਲਖਨਊ/ਬਿਊਰੋ ਨਿਊਜ਼ :**

ਜਿਉਂ-ਜਿਉਂ ਲੋਕ ਸਭਾ ਦੀਆਂ ਸੰਨ 2019 ਵਿੱਚ ਹੋਣ ਵਾਲੀਆਂ ਚੋਣਾਂ ਨਜ਼ਦੀਕ ਆ ਰਹੀਆਂ ਹਨ, ਭਾਜਪਾ ਨੇ ਹਿੰਦੂ-ਮੁਸਲਿਮ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਮੋਦੀ ਰਾਜ ਦੇ ਬੀਤੇ ਸਾਢੇ ਚਾਰ ਸਾਲਾਂ ਦੌਰਾਨ ਮੁਸਲਮਾਨ ਤਬਕੇ ਨੇ ਜੋ ਸੰਤਾਪ ਹੰਢਾਇਆ, ਉਹ ਬਿਆਨੋਂ ਬਾਹਰਾ ਹੈ। ਖ਼ਾਸ ਤੌਰ 'ਤੇ ਜਿਨ੍ਹਾਂ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਸਨ, ਉੱਥੇ ਹਿੰਦੁਤਵੀ ਗੁੰਡਾ ਅਨਸਰਾਂ ਵੱਲੋਂ ਨਿਹੱਥੇ ਮੁਸਲਮਾਨਾਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਉੱਤਰ ਪ੍ਰਦੇਸ਼ ਵਿਚ ਮੁਹੰਮਦ ਅਖ਼ਲਾਕ, ਰਾਜਸਥਾਨ ਵਿਚ ਪਹਿਲੂ ਖ਼ਾਂ ਤੇ ਹਰਿਆਣੇ ਵਿਚ ਨਾਬਾਲਗ ਜੁਨੈਦ ਖ਼ਾਂ ਵਰਗੇ ਦਰਜਨਾਂ ਮੁਸਲਮਾਨ ਵਿਅਕਤੀਆਂ ਨੂੰ ਗਊ ਹੱਤਿਆ ਦਾ ਬਹਾਨਾ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੱਥੇ ਹੀ ਬਸ ਨਹੀਂ, ਇਹਨਾਂ ਹੈਵਾਨੀਅਤ ਭਰੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਕਾਤਲਾਂ ਨੂੰ ਭਾਜਪਾ ਆਗੂਆਂ ਦੀ ਸਰਪ੍ਰਸਤੀ ਮਿਲਦੀ ਰਹੀ ਤੇ ਭਾਜਪਾ ਦੇ ਕੇਂਦਰੀ ਮੰਤਰੀ ਤੇ ਸਥਾਨਕ ਵਿਧਾਇਕ ਉਹਨਾਂ ਨੂੰ ਸਨਮਾਨਤ ਕਰਨ ਦੇ ਸ਼ਰਮਨਾਕ ਕਾਰਿਆਂ ਵਿਚ ਸ਼ਾਮਲ ਹੁੰਦੇ ਰਹੇ। ਮੁਸਲਮਾਨਾਂ ਵਿਚ ਦਹਿਸ਼ਤ ਇਸ ਕਦਰ ਭਰ ਦਿੱਤੀ ਗਈ ਕਿ ਉਹ ਘਰਾਂ ਵਿਚ ਠਠੰਬਰ ਕੇ ਦਿਨ ਕੱਟਣ ਲਈ ਮਜਬੂਰ ਹੋ ਗਏ। ਉਹਨਾਂ ਦੀ ਇਸ ਚੁੱਪ ਨੇ ਹੀ ਭਾਜਪਾ ਦੀ ਹਿੰਦੂ-ਮੁਸਲਿਮ ਦੰਗੇ ਕਰਵਾ ਕੇ ਵੋਟਾਂ ਬਟੋਰਨ ਦੀ ਚਾਲ ਨੂੰ ਕਾਮਯਾਬ ਨਾ ਹੋਣ ਦਿੱਤਾ। ਅਜਿਹੀ ਹਾਲਤ ਭਾਜਪਾ ਨੂੰ ਰਾਸ ਆਉਣ ਵਾਲੀ ਨਹੀਂ ਸੀ। ਇਸੇ ਕਾਰਨ ਹੁਣ ਉਹਨਾਂ ਸਮੁੱਚੇ ਤੌਰ 'ਤੇ ਮੁਸਲਿਮ ਧਰਮ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਪੁਲਸ ਨੇ ਨੋਇਡਾ ਦੇ ਸੈਕਟਰ 58 ਵਿਚਲੇ ਪਾਰਕ ਵਿਚ ਨੇੜਲੀਆਂ ਕੰਪਨੀਆਂ ਵਿਚ ਕੰਮ ਕਰਦੇ ਮੁਸਲਿਮ ਮੁਲਾਜ਼ਮਾਂ ਉੱਤੇ ਜੁੰਮੇ ਦੀ ਨਮਾਜ਼ ਅਦਾ ਕਰਨ ਉੱਤੇ ਰੋਕ ਲਾ ਦਿੱਤੀ ਹੈ। ਸੈਕਟਰ 58 ਵਿਚਲੇ ਥਾਣੇ ਦੇ ਇੰਸਪੈਕਟਰ ਪੰਕਜ ਰਾਏ ਵੱਲੋਂ ਇਸ ਸੈਕਟਰ ਵਿਚਲੀਆਂ ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਮੁਸਲਿਮ ਕਰਮਚਾਰੀਆਂ ਨੂੰ ਪਾਰਕ ਵਿਚ ਨਮਾਜ਼ ਪੜ੍ਹਨ ਤੋਂ ਰੋਕਣ। ਜੇਕਰ ਤੁਹਾਡੀ ਕੰਪਨੀ ਦੇ ਮੁਸਲਿਮ ਕਰਮਚਾਰੀ ਪਾਰਕ ਵਿਚ ਨਮਾਜ਼ ਪੜ੍ਹਨ ਆਉਂਦੇ ਹਨ ਤਾਂ ਸਮਝਿਆ ਜਾਵੇਗਾ ਕਿ ਤੁਸੀਂ ਉਹਨਾਂ ਨੂੰ ਪਾਰਕ ਵਿੱਚ ਆਉਣੋਂ ਨਹੀਂ ਰੋਕਿਆ। ਇਸ ਲਈ ਕੰਪਨੀ ਜ਼ਿੰਮੇਵਾਰ ਹੋਵੇਗੀ। ਇਸ ਨੋਟਿਸ ਰਾਹੀਂ ਕੰਪਨੀਆਂ ਦੇ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਕਾਰਵਾਈ ਉਹਨਾਂ ਉੱਤੇ ਹੋਵੇਗੀ। ਇਸ ਦਾ ਸਿੱਧਾ ਮਤਲਬ ਹੈ ਕਿ ਜਾਂ ਤਾਂ ਮਾਲਕ ਮੁਸਲਿਮ ਕਰਮਚਾਰੀਆਂ ਦੇ ਨਮਾਜ਼ ਪੜ੍ਹਨ ਲਈ ਥਾਂ ਦਾ ਪ੍ਰਬੰਧ ਕਰਨ ਜਾਂ ਫਿਰ ਉਹਨਾਂ ਨੂੰ ਨੌਕਰੀ ਤੋਂ ਜਵਾਬ ਦੇ ਦੇਣ। ਨੋਇਡਾ ਵਰਗੇ ਮਹਿੰਗੇ ਏਰੀਏ ਵਿਚ ਥਾਂ ਦਾ ਪ੍ਰਬੰਧ ਕਰਨਾ ਕਿਸੇ ਵੀ ਕੰਪਨੀ ਲਈ ਸੌਖਾ ਨਹੀਂ, ਇਸ ਲਈ ਉਹਨਾਂ ਨੂੰ ਦੂਜਾ ਰਾਹ ਨੌਕਰੀ ਤੋਂ ਕੱਢ ਦੇਣ ਵਾਲਾ ਚੁਣਨਾ ਪਵੇਗਾ।

ਇਸ ਤੋਂ ਪਹਿਲਾਂ ਇਸੇ ਸਾਲ ਅਪ੍ਰੈਲ ਮਹੀਨੇ ਵਿਚ ਹਰਿਆਣੇ ਦੇ ਗੁਰੂਗਰਾਮ ਵਿਚ ਵੀ ਸ਼ੁੱਕਰਵਾਰ ਦੀ ਨਮਾਜ਼ ਅਦਾ ਕਰ ਰਹੇ ਮੁਸਲਿਮ ਕਰਮਚਾਰੀਆਂ ਉੱਤੇ ਹਿੰਦੂਵਾਦੀ ਸੰਗਠਨਾਂ ਦੀ ਭੀੜ ਵੱਲੋਂ ਹਮਲਾ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ, ਹਿੰਦੂ ਜਾਗਰਣ ਮੰਚ ਤੇ ਭਾਰਤੀਆ ਹਿੰਦੂ ਕਰਾਂਤੀ ਦਲ ਸਮੇਤ 12 ਹਿੰਦੂ ਸੰਗਠਨਾਂ ਨੇ ਸੰਯੁਕਤ ਹਿੰਦੂ ਸੰਘਰਸ਼ ਸੰਮਤੀ ਬਣਾ ਕੇ ਖੁੱਲ੍ਹੇ ਤੌਰ 'ਤੇ ਨਮਾਜ਼ ਪੜ੍ਹਨ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਦਿੱਤੀ। ਉਹਨਾਂ ਇਹ ਰੌਲਾ ਪਾ ਕੇ, ਕਿ ਇਹ ਮੁਸਲਮਾਨ ਬੰਗਲਾਦੇਸ਼ੀ ਹਨ ਤੇ ਸਰਕਾਰੀ ਥਾਂਵਾਂ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ, 10 ਥਾਂਵਾਂ ਉੱਤੇ ਨਮਾਜ਼ ਅਦਾ ਕਰਨ ਵਿਚ ਰੁਕਾਵਟ ਪਾਈ। ਇਸ ਤੋਂ ਬਾਅਦ ਹਰਿਆਣੇ ਦੇ ਭਾਜਪਾਈ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਹ ਬਿਆਨ ਦਾਗ਼ ਦਿੱਤਾ ਕਿ ਨਮਾਜ਼ ਮਸਜਿਦਾਂ, ਈਦਗਾਹਾਂ ਜਾਂ ਨਿੱਜੀ ਸਥਾਨਾਂ ਉੱਤੇ ਹੀ ਪੜ੍ਹੀ ਜਾਣੀ ਚਾਹੀਦੀ ਹੈ। ਮੁੱਖ ਮੰਤਰੀ ਦਾ ਇਹ ਬਿਆਨ ਉਹਨਾਂ ਨੂੰ ਹਿੰਦੂਤਵੀ ਸੰਗਠਨਾਂ ਦੀ ਪਾਲ ਵਿਚ ਖੜ੍ਹੇ ਕਰਦਾ ਸੀ।

ਸਵਾਲ ਪੈਦਾ ਹੁੰਦਾ ਹੈ ਕਿ ਧਾਰਮਿਕ ਪਾਬੰਦੀਆਂ ਸਿਰਫ਼ ਮੁਸਲਮਾਨਾਂ ਉੱਤੇ ਹੀ ਕਿਉਂ ਲੱਗਣ? ਸਾਡਾ ਸੰਵਿਧਾਨ ਕਿਸੇ ਵਿਅਕਤੀ ਨਾਲ ਉਸ ਦੇ ਧਾਰਮਿਕ ਵਿਸ਼ਵਾਸਾਂ ਦੇ ਕਾਰਨ ਪੱਖਪਾਤ ਦੀ ਇਜਾਜ਼ਤ ਨਹੀਂ ਦਿੰਦਾ ਪਰ ਭਾਜਪਾ ਦੀ ਸੱਤਾ ਵਾਲੇ ਰਾਜਾਂ ਵਿਚ ਇਹ ਖੁੱਲ੍ਹੇਆਮ ਹੋ ਰਿਹਾ ਹੈ। ਨੋਇਡਾ ਦੀ ਪੁਲਸ ਦਾ ਕੰਪਨੀਆਂ ਨੂੰ ਨੋਟਿਸ ਇਸ ਦਾ ਤਾਜ਼ਾ ਸਬੂਤ ਹੈ। ਜੇਕਰ ਇਹ ਪੱਖਪਾਤ ਨਹੀਂ ਤਾਂ ਫਿਰ ਸਭ ਤਰ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਨੂੰ ਨੋਟਿਸ ਦੇ ਦਾਇਰੇ ਵਿਚ ਲਿਆਉਣਾ ਚਾਹੀਦਾ ਸੀ ਅਤੇ ਮੁਹੱਰਮ ਦੇ ਜਲੂਸ, ਗਣੇਸ਼ ਵਿਸਰਜਨ ਯਾਤਰਾ, ਸੜਕਾਂ ਮੱਲ ਕੇ ਹੁੰਦੇ ਸਾਰੀ-ਸਾਰੀ ਰਾਤ ਦੇ ਜਾਗਰਣ ਤੇ ਸ਼ੋਭਾ ਯਾਤਰਾਵਾਂ ਉੱਤੇ ਵੀ ਪਾਬੰਦੀ ਲਾਉਣੀ ਚਾਹੀਦੀ ਸੀ।

ਪੂਰਾ ਮਹੀਨਾ ਚੱਲਣ ਵਾਲੀ ਕਾਂਵੜੀਆਂ ਦੀ ਯਾਤਰਾ ਤੋਂ ਯੂਪੀ ਪ੍ਰਸ਼ਾਸਨ ਨੂੰ ਕੋਈ ਦਿੱਕਤ ਨਹੀਂ ਹੁੰਦੀ। ਹਫ਼ਤਿਆਂ-ਬੱਧੀ ਉਹਨਾਂ ਦੀ ਸਹੂਲਤ ਲਈ ਰੂਟ ਬੰਦ ਕਰ ਦਿੱਤੇ ਜਾਂਦੇ ਹਨ। ਜਿਨ੍ਹਾਂ ਸੜਕਾਂ ਉੱਤੇ ਚੱਲਣ ਲਈ ਨਾਗਰਿਕਾਂ ਨੇ ਟੈਕਸ ਭਰਿਆ ਹੁੰਦਾ ਹੈ, ਉਹ ਕਾਂਵੜੀਆਂ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਹਨ। ਪਿਛਲੀ ਵਾਰ ਤਾਂ ਯੋਗੀ ਸਰਕਾਰ ਦੀ ਮਿਹਰਬਾਨੀ ਨਾਲ ਪੁਲਸ ਵੱਲੋਂ ਹੈਲੀਕਾਪਟਰ ਰਾਹੀਂ ਕਾਂਵੜੀਆਂ ਉੱਤੇ ਫੁੱਲ ਵੀ ਬਰਸਾਏ ਗਏ। ਇਸ ਉੱਤੇ ਸਰਕਾਰ ਦਾ 14 ਲੱਖ ਰੁਪਏ ਖ਼ਰਚਾ ਆਇਆ। ਸਪੱਸ਼ਟ ਹੈ ਕਿ ਪ੍ਰਸ਼ਾਸਨ ਭਾਜਪਾ ਸਰਕਾਰਾਂ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ। ਮੰਨੇ-ਪ੍ਰਮੰਨੇ ਪੱਤਰਕਾਰ ਦਲੀਪ ਮੰਡਲ ਨੇ ਨੋਇਡਾ ਪੁਲਸ ਦੇ ਉਪਰੋਕਤ ਆਦੇਸ਼ ਬਾਰੇ ਲਿਖਿਆ ਹੈ ਕਿ ਪਾਰਕ ਵਿਚ ਸੱਤੇ ਦਿਨ ਲਾਠੀਆਂ ਲੈ ਕੇ ਆਰਐੱਸਐੱਸ ਦੀਆਂ ਸ਼ਾਖਾਵਾਂ ਲੱਗ ਸਕਦੀਆਂ ਹਨ, ਜਿਨ੍ਹਾਂ ਵਿਚ ਦਲਿਤਾਂ ਤੇ ਘੱਟ-ਗਿਣਤੀਆਂ ਵਿਰੁੱਧ ਨਫ਼ਰਤ ਕਰਨਾ ਸਿਖਾਇਆ ਜਾਂਦਾ ਹੈ, ਪ੍ਰੰਤੂ ਹਫ਼ਤੇ ਦੇ ਇਕ ਦਿਨ ਦਸ ਮਿੰਟਾਂ ਤੱਕ ਚੱਲਣ ਵਾਲੀ ਨਮਾਜ਼ ਕਿਉਂ ਨਹੀਂ ਹੋ ਸਕਦੀ, ਜਿਸ ਵਿਚ ਇਕ ਛੜੀ ਵੀ ਨਹੀਂ ਹੁੰਦੀ? ਅਸਲ ਵਿਚ ਭਾਜਪਾਈ ਆਗੂ ਇਹ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਅਜਿਹੇ ਹਾਲਾਤ ਪੈਦਾ ਹੋਣ, ਜੋ ਹਿੰਦੂ-ਮੁਸਲਮਾਨਾਂ ਵਿਚ ਫ਼ਸਾਦ ਦਾ ਕਾਰਨ ਬਣਨ ਤੇ ਉਹ ਹਿੰਦੂ ਵੋਟਰਾਂ ਨੂੰ ਆਪਣੇ ਪਿੱਛੇ ਲਾਮਬੰਦ ਕਰ ਸਕਣ।

## ਨੋਇਡਾ ਪਾਰਕ ਵਿਚ ਨਮਾਜ਼ ਅਦਾ ਕਰਨ ਉੱਤੇ ਲਗਾਈ ਰੋਕ



# ਪਹਾੜੀ ਰਾਜ ਹਿਮਾਚਲ ਭਗਵੇਂਵਾਦੀਆਂ ਦੀ ਦਹਿਸ਼ਤ ਦਾ ਸ਼ਿਕਾਰ

## ਇਕ ਵੱਛੇ ਦਾ ਕੱਟਿਆ ਸਿਰ ਮਿਲਣ ਤੋਂ ਬਾਅਦ ਭਗਵੇਂਵਾਦੀਆਂ ਦੀ ਭੀੜ ਨੇ ਮੁਸਲਮਾਨਾਂ ਦੀਆਂ ਦੁਕਾਨਾਂ ਤੋੜੀਆਂ



**ਰੋਹੜੂ (ਹਿਮਾਚਲ ਪ੍ਰਦੇਸ਼)/ਬਿਊਰੋ ਨਿਊਜ਼ :**

ਹਿਮਾਚਲ ਪ੍ਰਦੇਸ਼ ਹਮੇਸ਼ਾ ਅਮਨ ਸ਼ਾਂਤੀ ਵਾਲਾ ਸੂਬਾ ਰਿਹਾ ਹੈ ਅਤੇ ਇੱਥੇ ਫ਼ਿਰਕੂ ਹਿੰਸਾ ਤੇ ਤਣਾਅ ਦੀਆਂ ਘਟਨਾਵਾਂ ਬਹੁਤ ਘੱਟ ਜਾਂ ਨਾਂਹ ਦੇ ਬਰਾਬਰ ਹੋਈਆਂ ਹਨ। ਇਸ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਇੱਥੇ ਦੇਸ਼ ਦੀ ਵੱਡੀ ਘੱਟਗਿਣਤੀ ਨਾਲ ਸਬੰਧਤ ਲੋਕਾਂ ਦੀ ਵਸੋਂ ਬਹੁਤ ਘੱਟ ਹੈ। ਪਰ ਹੁਣੇ ਹੁਣੇ ਰੋਹੜੂ ਵਿਚ ਭਗਵੇਂਵਾਦੀਆਂ ਦੀ ਹਿੰਸਾ ਭੜਕੀ ਜਦੋਂ ਇਕ ਵੱਛੇ ਦਾ ਸਿਰ ਇਕ ਇਮਾਰਤ ਦੀ ਛੱਤ ਦੇ ਉੱਤੇ ਪਿਆ ਮਿਲਿਆ। ਗੁੱਸੇ ਵਿਚ ਆਈ ਭੀੜ ਨੇ ਸ਼ਹਿਰ ਵਿਚ ਭੰਨਤੋੜ ਕੀਤੀ ਅਤੇ ਘੱਟਗਿਣਤੀ ਨਾਲ ਸਬੰਧਤ ਲੋਕਾਂ ਦੀਆਂ ਦੁਕਾਨਾਂ ਤੋੜ ਦਿੱਤੀਆਂ। ਦੁਕਾਨਾਂ ਦੇ ਸ਼ਟਰ ਤੋੜੇ ਗਏ ਅਤੇ ਸਾਰਾ ਸਾਮਾਨ ਸੜਕਾਂ 'ਤੇ ਸੁੱਟ ਦਿੱਤਾ ਗਿਆ। ਭਾਵੇਂ ਸੁਪਰੀਮ ਕੋਰਟ ਨੇ ਇਹੋ ਜਿਹੀਆਂ ਭੀੜਾਂ 'ਤੇ ਕਾਬੂ ਪਾਉਣ ਲਈ ਸਖ਼ਤ ਨਿਰਦੇਸ਼ ਦਿੱਤੇ ਹੋਏ ਹਨ ਪਰ ਫਿਰ ਵੀ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਗਵੇਂਵਾਦੀਆਂ ਦੀ ਹਿੰਸਾ ਨੂੰ ਉਤਸ਼ਾਹ ਦੇਣ ਪਿੱਛੇ ਭਗਵੀਂ ਰਾਜਨੀਤੀ ਕੰਮ ਕਰ ਰਹੀ ਹੈ ਜਿਸ ਅਧੀਨ ਬਹੁਗਿਣਤੀ ਨਾਲ ਸਬੰਧਿਤ ਲੋਕਾਂ ਵਿਚਲੇ ਧਾਰਮਿਕ ਜਜ਼ਬਿਆਂ ਨੂੰ ਭੜਕਾਇਆ ਜਾ ਰਿਹਾ ਹੈ।

ਇਸ ਤਰ੍ਹਾਂ ਦੀਆਂ ਘਟਨਾਵਾਂ ਕਰਾ ਕੇ ਇਕ ਇਹੋ ਜਿਹੀ ਵਿਚਾਰਕ ਬਣਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਅਨੁਸਾਰ ਬਹੁਗਿਣਤੀ ਨਾਲ ਸਬੰਧਤ ਲੋਕ ਇਹ ਸਮਝਣ ਕਿ ਘੱਟ-ਗਿਣਤੀ ਨਾਲ ਸਬੰਧਤ ਲੋਕ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਜਾਣਬੁੱਝ ਕੇ ਖੇਡ ਰਹੇ ਹਨ। ਇਸ ਤਰ੍ਹਾਂ ਦੀ ਸਮਾਜਿਕ ਸਮਝ ਬਣਾਉਣ ਪਿੱਛੇ ਵੋਟਾਂ ਲੈਣ ਦੀ ਸਿਆਸਤ ਹੈ ਅਤੇ ਜਜ਼ਬਾਤ ਭੜਕਾਉਣ ਵਾਲੇ ਲੋਕ ਸਮਝਦੇ ਹਨ ਕਿ ਉਹ ਬਹੁ-ਗਿਣਤੀ ਦੇ ਲੋਕਾਂ ਦੀਆਂ ਵੋਟਾਂ ਲੈਣ ਵਾਲੀਆਂ ਪਾਰਟੀਆਂ ਦੀ 'ਸੇਵਾ' ਕਰ ਰਹੇ ਹਨ।

ਹਜੂਮੀ ਹਿੰਸਾ ਦੀਆਂ ਅਜਿਹੀਆਂ ਕਾਰਵਾਈਆਂ ਵਿਚ ਬਹੁਤਾ ਨੁਕਸਾਨ ਆਮ ਲੋਕਾਂ ਦਾ ਹੁੰਦਾ ਹੈ। ਇਹ ਕਾਰਵਾਈਆਂ ਉਨ੍ਹਾਂ ਲੋਕਾਂ ਨੂੰ ਉਤਸ਼ਾਹ ਦੇ ਰਹੀਆਂ ਹਨ ਜੋ ਆਪਣੇ ਆਪ ਨੂੰ ਗਊ ਰਕਸ਼ਕ ਕਹਾਉਂਦੇ ਹਨ। ਜੇ ਇਨ੍ਹਾਂ ਕਾਰਵਾਈ ਕਰਨ ਵਾਲਿਆਂ 'ਤੇ ਨਕੇਲ ਨਹੀਂ ਪਾਈ ਜਾਂਦੀ ਤਾਂ ਹਜੂਮੀ ਹਿੰਸਾ ਕਰਨ ਵਾਲੇ ਤੱਤਾਂ ਨੂੰ ਇਹ ਲੱਗੇਗਾ ਕਿ ਉਨ੍ਹਾਂ ਨੂੰ ਪੁਲੀਸ ਤੇ ਕਾਨੂੰਨ ਤੋਂ ਕੋਈ ਖ਼ਤਰਾ ਨਹੀਂ। ਭਾਵੇਂ ਰੋਹੜੂ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਇਸ ਘਟਨਾ ਕਾਰਨ ਸਮਾਜਿਕ ਸਾਂਝੀਵਾਲਤਾ ਵਿਚ ਤਰੇੜਾਂ ਜ਼ਰੂਰ ਆਈਆਂ ਹਨ। ਹਿਮਾਚਲ ਪ੍ਰਦੇਸ਼ ਪੁਲੀਸ ਨੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਹੈ। ਪੁਲੀਸ ਤਾਂ ਹੀ ਕਾਰਵਾਈ ਕਰ ਸਕਦੀ ਹੈ ਜੇ ਉਸ ਦੇ ਕੰਮਕਾਜ ਵਿਚ ਦਖ਼ਲ ਨਾ ਦਿੱਤਾ ਜਾਏ।

# ਕੇਜਰੀਵਾਲ ਵੱਲੋਂ ਭਾਜਪਾ ਨੂੰ ਰਾਖਸ਼ ਜਾਤੀ ਕਹਿਣ ਉਤੇ ਵਿਵਾਦ ਪੈਦਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਹ ਕਹਿ ਕੇ ਵੱਡਾ ਵਿਵਾਦ ਪੈਦਾ ਕਰ ਦਿੱਤਾ ਹੈ ਕਿ ਭਾਜਪਾ ਵਾਲੇ ਸੱਤਿਆਨਾਸੀ ਹਨ ਤੇ ਇਨ੍ਹਾਂ ਦੀ ਜਾਤ ਰਾਖਸ਼ਸੀ ਹੈ। ਜਿਉਂ ਹੀ ਕੇਜਰੀਵਾਲ ਨੇ ਸਟੇਜ ਤੋਂ ਖੜ੍ਹੇ ਹੋ ਕੇ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਖ਼ਿਲਾਫ਼ ਇਹ ਫਿਕਰੇ ਕਸੇ ਉੱਥੇ ਮੌਜੂਦ ਲੋਕ ਕਿਲਕਾਰੀਆਂ ਮਾਰ-ਮਾਰ ਕੇ, ਤਾੜੀਆਂ ਮਾਰਨ ਲੱਗੇ ਤੇ ਇਹ ਸਾਰਾ ਵਾਕਿਆ ਕੈਮਰਿਆਂ ਵਿਚ ਕੈਦ ਹੋ ਗਿਆ। ਕੇਜਰੀਵਾਲ ਦਾ ਇਹ ਬਿਆਨ ਬਾਹਰ ਆਉਣ ਤੋਂ ਬਾਅਦ



ਹੁਣ ਭਾਰਤੀ ਜਨਤਾ ਵਾਲੇ ਆਮ ਆਦਮੀ ਪਾਰਟੀ ਵਾਲਿਆਂ ਦੇ ਖ਼ਿਲਾਫ਼ ਮੁੱਠੀਆਂ 'ਚ ਥੁੱਕੀਂ ਫਿਰਦੇ ਹਨ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵਲੋਂ ਸੂਬੇ ਦੇ ਅੰਬੇਡਕਰ ਨਗਰ ਵਾਸੀ ਨਿਧੀ ਅਤੇ ਨੀਰਜ ਨਾਮ ਦੇ ਖਿਡਾਰੀਆਂ ਨੂੰ ਸਨਮਾਨਿਤ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਇੱਥੇ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਜਿਉਂ ਹੀ ਆਪਣਾ ਭਾਸ਼ਣ ਸ਼ੁਰੂ ਕੀਤਾ ਤਾਂ ਪੰਡਾਲ ਦੇ ਪਿਛਲੇ ਪਾਸੇ ਮੌਜੂਦ ਭਾਰਤੀ ਜਨਤਾ ਪਾਰਟੀ ਦੇ ਕੁਝ ਲੋਕਾਂ ਵਲੋਂ ਅਰਵਿੰਦ ਕੇਜਰੀਵਾਲ ਦਾ ਵਿਰੋਧ ਕੀਤਾ ਜਾਣ ਲੱਗ ਪਿਆ ਜਿਨ੍ਹਾਂ ਨੂੰ ਦੇਖ ਕੇ ਕੇਜਰੀਵਾਲ ਨੇ ਫਿਕਰੇ ਕਸਦਿਆਂ ਕਿਹਾ ਕਿ ਇਨ੍ਹਾਂ ਨੂੰ ਬੋਲ ਲੈਣ ਦਿਉ, ਅੱਗੇ ਚੋਣਾਂ ਆਉਣ ਵਾਲੀਆਂ ਹਨ ਤੇ ਇਨ੍ਹਾਂ ਨੂੰ ਕਹੋ ਕਿ ਲੋਕ ਇਨ੍ਹਾਂ ਨੂੰ ਜੁੱਤੇ ਮਾਰਨਗੇ। ਕੇਜਰੀਵਾਲ ਦਾ ਕਹਿਣਾ ਸੀ ਕਿ ਜੇਕਰ ਇਹੋ ਹਾਲ ਰਿਹਾ ਤਾਂ ਦਿੱਲੀ ਅੰਦਰ ਮੋਦੀ ਦੇ ਆਗੂਆਂ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ।

## ਪਾਕਿਸਤਾਨ ਚਲਾਵੇਗਾ ਅੱਤਵਾਦ ਖਿਲਾਫ ਮੁਹਿੰਮ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਸਰਕਾਰ ਨੇ ਅੱਤਵਾਦ ਖਿਲਾਫ ਲੜਨ ਤੇ ਉਨ੍ਹਾਂ ਨੂੰ ਖਤਮ ਕਰਨ ਦੀ ਵਿਆਪਕ ਮੁਹਿੰਮ ਨੂੰ ਅਗਲੇ ਸਾਲ ਮਾਰਚ ਚ ਅੰਜ਼ਾਮ ਦੇਣ ਦਾ ਐਲਾਨ ਕੀਤਾ ਹੈ। ਗ੍ਰਹਿ ਰਾਜ ਮੰਤਰੀ ਸ਼ਹਿਰਯਾਰ ਖਾਨ ਅਫਰੀਦੀ ਨੇ ਦੱਸਿਆ ਕਿ ਸਰਕਾਰ ਨੇ ਅੱਤਵਾਦ ਨੂੰ ਖਤਮ ਕਰਨ ਤੇ ਚੱਲ ਰਹੀਆਂ ਅੱਤਵਾਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਵਿਆਪਕ ਰਾਸ਼ਟਰੀ ਕਾਰਵਾਈ ਯੋਜਨਾ ਲਾਂਚ ਕਰਨ ਦਾ ਫੈਸਲਾ ਕੀਤਾ ਹੈ।ਇਹ ਫੈਸਲਾ ਸਾਬਕਾ ਸੰਸਦ ਤੇ ਸੀਨੀਅਰ ਸਾਈਦ ਅਲੀ ਰਜਾ ਆਬਿਦੀ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀ ਮਾਰਕੇ ਹੱਤਿਆ ਕਰਨ ਦੇ ਬਾਅਦ ਕੀਤਾ ਗਿਆ ਹੈ। ਇਕ ਮਹੀਨੇ ਦੌਰਾਨ ਸ੍ਰੀ ਆਬਿਦੀ ਚੌਥੇ ਵਿਅਕਤੀ ਹਨ ਜੋ ਅੱਤਵਾਦੀ ਹਮਲੇ ਦਾ ਸ਼ਿਕਾਰ ਹੋਏ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES
02 ਜਨਵਰੀ 2019 ਤੋਂ 08 ਜਨਵਰੀ 2019

*ਪਾਪ ਦਾ ਘੜਾ ਭਰ ਕੇ ਫੁੱਟਿਆ*

## ਸਿੱਖਾਂ ਦੇ ਕਾਤਲ ਸੱਜਣ ਕੁਮਾਰ ਨੂੰ ਸਜ਼ਾ

ਆਖਿਰ 34 ਸਾਲ ਬੀਤ ਜਾਣ ਬਾਅਦ ਸਿੱਖਾਂ ਦੇ ਸਬਰ ਤੇ ਸਿਦਕ ਨੇ ਇਕ "ਵੱਡਾ-ਦਰੱਖਤ" ਡੇਗ ਲਿਆ। ਨਵੰਬਰ 1984 ਦੇ ਸਿੱਖ ਕਤਲੇਆਮ ਦਾ ਇਕ ਸੱਜਣ ਕੁਮਾਰ ਨਾਂ ਦਾ ਅਹਿਮ ਮੋਹਰਾ ਉਮਰ ਭਰ ਲਈ ਜੇਲ੍ਹ ਵਿਚ ਡੱਕਿਆ ਗਿਆ ਹੈ। ਭਾਵੇਂ ਹਿੰਦੁਸਤਾਨੀ ਕਾਨੂੰਨ ਦੀ ਸਿੱਖ ਕਤਲੇਆਮ ਦੇ ਇਸ ਘਿਨਾਉਣੇ ਕਾਂਡ ਉਤੇ ਹੁਣ ਤਕ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਹਾਲਾਂ ਨਿੱਠ ਕੇ ਇਹ ਕਹਿਣਾ ਵੀ ਦਰੁੱਸਤ ਨਹੀਂ ਲਗਦਾ ਕਿ ਹਾਲ ਹੀ 'ਚ ਜੇਲ੍ਹ ਦੀਆਂ ਸਲਾਖਾਂ ਪਿਛੇ ਗਿਆ ਸੱਜਣ ਕੁਮਾਰ ਨਾਂ ਦਾ ਇਹ ਸਾਬਕਾ ਕਾਂਗਰਸੀ ਆਗੂ ਤਾ-ਉਮਰ ਇਥੇ ਰਹੇਗਾ ਵੀ ਕਿ ਨਹੀਂ। ਸਾਡੇ ਕੋਲ ਸੋਲ੍ਹਾਂ ਬੇਦੋਸ਼ ਸਿੱਖਾਂ ਦੇ ਕਾਤਲ ਕਿਸ਼ੋਰੀ ਦਾ ਵਾਕਿਆ ਸਾਹਮਣੇ ਹੈ ਕਿ ਕਿਵੇਂ ਪਹਿਲਾਂ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਗਿਆ ਤੇ ਬਾਅਦ ਵਿਚ "ਚੰਗੇ ਚਾਲ-ਚੱਲਣ" ਦੀ ਸਿਰਫ ਇਕ ਖਾਸ ਤਬਕੇ ਲਈ ਰਾਖਵੀਂ ਚੋਰ-ਮੋਰੀ ਰਾਹੀਂ ਉਹ ਜੇਲ੍ਹ ਵਿਚੋਂ ਬਾਹਰ ਵੀ ਆ ਜਾਂਦਾ ਹੈ। ਫਿਰ ਵੀ ਆਸ ਤੇ ਉਮੀਦ ਦਾ ਪੱਲਾ ਨਾ ਛੱਡਦਿਆਂ ਸਾਢੇ ਤਿੰਨ ਦਹਾਕੇ ਲੰਮੇ ਸਿੱਖ ਪੀੜਤਾਂ ਦੇ ਸੰਘਰਸ਼ ਨੂੰ ਸਿਜਦਾ ਕਰਦਿਆਂ "ਦੇਰ ਆਇਦ-ਦਰੁੱਸਤ ਆਇਦ" ਮੁਤਾਬਕ ਕਹਿਣਾ ਬਣਦਾ ਹੈ ਕਿ ਸੱਜਣ ਕੁਮਾਰ ਆਪਣੀ ਬਣਦੀ ਥਾਂ ਉਤੇ ਪਹੁੰਚਿਆ ਹੈ। ਇਸ ਦੇ ਬਾਵਜੂਦ ਅਸੀਂ ਇਸ ਸਚਾਈ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਦੇਰ ਨਾਲ ਹੋਇਆ ਇਨਸਾਫ਼, ਇਨਸਾਫ਼ ਨਹੀ ਮੰਨਿਆ ਜਾਂਦਾ, ਇਨਸਾਫ਼ ਦਾ ਕਤਲ ਮੰਨਿਆ ਜਾਂਦਾ ਹੈ। ਇਕ ਵੱਡੀ ਸਿਆਸੀ ਜਮਾਤ ਨਾਲ ਸਬੰਧਿਤ ਬਾਹੂਬਲੀ, ਧਨਾਢ ਤੇ ਸ਼ਕਤੀਸ਼ਾਲੀ ਖੂੰਖਾਰ ਦਰਿੰਦਿਆਂ ਨਾਲ ਕਾਨੂੰਨੀ ਲੜਾਈ ਲੜ ਕੇ ਇਨਸਾਫ ਲੈਣ ਦੇ ਸਫਰ ਦੌਰਾਨ ਪੀੜਤਾਂ ਨੇ ਕਿੰਨਾ ਸੰਤਾਪ ਤੇ ਖੌਫ ਭੋਗਿਆ ਹੋਵੇਗਾ, ਉਹ ਸ਼ਾਇਦ ਇਸ ਦੇਸ਼ ਦੇ ਅੰਨ੍ਹੇ-ਬੋਲੇ ਹਾਕਮਾਂ ਤੇ ਅਦਾਲਤਾਂ ਦੇ ਚਿੱਤ-ਚੇਤੇ ਵੀ ਨਹੀਂ ਹੋਵੇਗਾ। 34 ਸਾਲ ਬਾਅਦ ਦਿੱਲੀ ਦੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ 'ਚੋਂ ਇੱਕ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਹੋਣਾ, ਸਿੱਖਾਂ ਦੇ ਵਲੂੰਧਰੇ ਹਿਰਦਿਆਂ ਉਤੇ ਥੋੜ੍ਹੀ ਬਹੁਤੀ ਮੱਲ੍ਹਮ ਜ਼ਰੂਰ ਲਾਉਂਦਾ ਹੈ। ਸਿੱਖਾਂ ਨੂੰ ਇਸ ਗੱਲ ਦਾ ਸਕੂਨ ਤਾਂ ਜ਼ਰੂਰ ਮਿਲਿਆ ਹੈ ਕਿ ਘੱਟੋ-ਘੱਟ ਅਦਾਲਤ ਨੇ ਸੱਜਣ ਕੁਮਾਰ ਵਰਗਿਆਂ ਨੂੰ ਕਿਸੇ ਮੋੜ ਉਤੇ ਆ ਕੇ ਸਿੱਖਾਂ ਦੇ ਕਾਤਲ ਤਾਂ ਮੰਨਿਆ।

ਤੱਥ ਗਵਾਹ ਹਨ ਕਿ ਨਵੰਬਰ-1984 ਵਿਚ ਹੋਇਆ ਸਿੱਖ ਕਤਲੇਆਮ ਗਿਣੀ ਮਿੱਥੀ ਸਿੱਖ ਨਸਲਕੁਸ਼ੀ ਸੀ ਜਿਸ ਨੂੰ ਕਾਂਗਰਸ ਪਾਰਟੀ, ਰਾਜੀਵ ਗਾਂਧੀ ਤੇ ਉਸ ਦੇ ਗੁਰਗਿਆਂ ਨੇ ਸ਼ਰੇਆਮ ਅੰਜ਼ਾਮ ਦਿੱਤਾ। ਪੁਲਿਸੀਆ ਤੰਤਰ ਦੀ ਖੁੱਲ੍ਹੀ ਮਦਦ ਨਾਲ ਗੁੰਡਿਆਂ ਵੱਲੋਂ ਗਲਾਂ 'ਚ ਟਾਇਰ ਪਾ ਕੇ ਵਹਿਸ਼ੀਆਨਾ ਢੰਗ ਨਾਲ ਸਿੱਖਾਂ ਦੇ ਕਤਲ ਕੀਤੇ ਗਏ, ਉਨ੍ਹਾਂ ਦੇ ਘਰਾਂ, ਦੁਕਾਨਾਂ ਨੂੰ ਲੁੱਟਿਆ ਗਿਆ ਤੇ ਸਿੱਖ ਔਰਤਾਂ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਗਿਆ। ਨਵੰਬਰ-1984 ਦੇ ਇਸ ਕਤਲੇਆਮ ਦੌਰਾਨ ਕੁੱਲ ਕਿੰਨੇ ਸਿੱਖ ਮਾਰੇ ਗਏ ਸਨ ਅਤੇ ਕਿੰਨੀ ਜਾਇਦਾਦ ਤਬਾਹ ਹੋਈ, ਉਸ ਦਾ ਮੁਕੰਮਲ ਲੇਖਾ ਜੋਖਾ ਕਦੇ ਵੀ ਨਹੀਂ ਕੀਤਾ ਗਿਆ।

ਅਖਬਾਰੀ ਰਿਪੋਰਟਾਂ ਮੁਤਾਬਕ ਭਾਰਤ ਦੀ ਰਾਜਧਾਨੀ ਦਿੱਲੀ ਤੋਂ ਇਲਾਵਾ ਦੇਸ਼ ਦੇ 122 ਵੱਡੇ ਸ਼ਹਿਰਾਂ 'ਚ ਵੱਧ ਜਾਂ ਘੱਟ ਰੂਪ ਵਿਚ ਸਿੱਖਾਂ ਦਾ ਤਿੰਨ ਦਿਨ ਤਕ ਕਤਲੇਆਮ ਹੁੰਦਾ ਰਿਹਾ। ਇਹ ਵੀ ਤੱਥ ਧਿਆਨ ਦੀ ਮੰਗ ਕਰਦਾ ਹੈ ਕਿ ਉਸ ਵੇਲੇ ਜਿਸ ਵੀ ਰਾਜ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਸੀ, ਉਥੇ ਹੀ ਸਿੱਖਾਂ ਨੂੰ ਸਭ ਤੋਂ ਵੱਧ ਕੋਹਿਆ ਗਿਆ। ਇਹ ਜ਼ੁਲਮ ਹੀ ਇੰਨਾ ਵੱਡਾ ਹੈ ਕਿ ਸਿਰਫ਼ ਕੁਝ ਉਮਰ ਕੈਦ ਦੀਆਂ ਸਜ਼ਾਵਾਂ ਜਾਂ ਇਕ-ਦੋ ਫਾਂਸੀਆਂ (ਜਿਸ ਦੀ ਉਮੀਦ ਘੱਟ ਹੀ ਹੈ) ਨਾਲ ਭਰਪਾਈ ਨਹੀਂ ਹੋ ਸਕਦੀ। 34 ਵਰ੍ਹੇ ਬਾਅਦ ਅਜਿਹੇ ਫੈਸਲੇ ਆਉਣੇ ਕਿਤੇ ਨਾ ਕਿਤੇ ਖਾਨਾਪੂਰਤੀ ਵੀ ਲਗਦੇ ਹਨ। ਇਹ ਵੀ ਗੌਰ ਕਰਨ ਵਾਲੀ ਗੱਲ ਹੈ ਕਿ ਜਿਥੇ ਇਕ ਪਾਸੇ ਕੋਈ ਸੱਜਣ ਕੁਮਾਰ ਜੇਲ੍ਹ ਦੀਆਂ ਸਲਾਖਾਂ ਪਿਛੇ ਜਾਂਦਾ ਹੈ ਤਾਂ ਦੂਜੇ ਪਾਸੇ ਕੋਈ ਕਮਲ ਨਾਥ ਇਕ ਰਾਜ ਦਾ ਮੁੱਖ ਮੰਤਰੀ ਵੀ ਬਣਦਾ ਹੈ। ਇਸੇ ਤਰ੍ਹਾਂ ਕਦੇ ਕੋਈ ਜਗਦੀਸ਼ ਟਾਈਟਲਰ ਮੰਤਰੀ ਬਣ ਜਾਂਦਾ ਰਿਹਾ ਹੈ ਤੇ ਕਦੇ ਕੋਈ ਹੋਰ ਮੈਂਬਰ ਪਾਰਲੀਮੈਂਟ।

ਕਾਂਗਰਸ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸ਼ਰੇਆਮ ਆਪਣੀ ਰਾਜਸੀ ਤਾਕਤ ਨਾਲ ਲੰਮਾ ਸਮਾਂ ਨਾ ਸਿਰਫ ਬਚਾਇਆ ਸਗੋਂ ਉਨ੍ਹਾਂ ਨੂੰ ਸਮੇਂ-ਸਮੇਂ ਉਤੇ ਵੱਡੇ ਅਹੁਦਿਆਂ ਨਾਲ ਵੀ ਨਿਵਾਜਿਆ। ਇਹ ਸਿੱਖਾਂ ਦੀ ਜ਼ਖ਼ਮੀ ਹਿੱਕ ਉਤੇ ਮੂੰਗ ਦਲਣ ਵਾਂਗ ਹੀ ਹੈ। ਇਕ ਭਲੇ ਜੱਜ ਦੀਆਂ ਇਹ ਟਿੱਪਣੀਆਂ ਵੀ ਇਸ ਸਿਆਸੀ ਜਮਾਤ ਨੂੰ ਸ਼ਰਮਸ਼ਾਰ ਨਾ ਕਰ ਸਕੀਆਂ ਕਿ "ਨਵੰਬਰ 1984 ਦਾ ਸਿੱਖ ਕਤਲੇਆਮ ਸੰਨ ਸੰਤਾਲੀ ਦੇ ਕਤਲੇਆਮ ਵਰਗਾ ਹੀ ਸੀ।" ਹਾਈਕੋਰਟ ਨੇ ਆਪਣੇ ਫੈਸਲੇ 'ਚ ਸਾਫ਼ ਲਿਖਿਆ ਹੈ ਕਿ ਸਿੱਖ ਕਤਲੇਆਮ ਸਿਆਸਤ ਤੋਂ ਪ੍ਰੇਰਿਤ ਸੀ। ਕਾਤਲਾਂ ਨੂੰ ਸਿਆਸੀ ਥਾਪੜਾ ਸੀ ਅਤੇ ਪੁਲਿਸ ਵੀ ਕਿਸੇ 'ਉਚ ਹੁਕਮਾਂ' ਅਧੀਨ ਉਨ੍ਹਾਂ ਦਾ ਸਾਥ ਦੇ ਰਹੀ ਸੀ। ਕਾਂਗਰਸ ਨੇ ਆਪਣੇ ਬੀਤੇ ਵਿਚ ਕੀਤੇ ਗੁਨਾਹਾਂ ਦੀ ਜਨਤਕ ਮਾਫ਼ੀ ਤਾਂ ਕੀ ਮੰਗਣੀ ਹੈ, ਸਗੋਂ ਇਹ ਹਾਲਾਂ ਵੀ ਸਿੱਖਾਂ ਦੇ ਕਥਿਤ ਕਾਤਲਾਂ ਨੂੰ ਵੱਡੇ-ਵੱਡੇ ਅਹੁਦਿਆਂ ਨਾਲ ਨਿਵਾਜ ਰਹੀ ਹੈ।

ਸਿੱਖ ਕਤਲੇਆਮ ਦੇ ਸੈਂਕੜਿਆਂ ਦੀ ਗਿਣਤੀ 'ਚ ਕੇਸ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ 'ਚ ਅਜੇ ਤਕ ਲਮਕੇ ਹੋਏ ਹਨ। ਪੀੜਤਾਂ ਤੇ ਗਵਾਹਾਂ ਨੂੰ ਡਰਾਉਣ-ਧਮਕਾਉਣ ਤੇ ਪੈਸਿਆਂ ਆਦਿ ਦਾ ਲਾਲਚ ਦੇਣ ਦੇ ਕਿੰਨੇ ਹੀ ਕਿੱਸੇ ਸਾਹਮਣੇ ਆ ਚੁੱਕੇ ਹਨ ਪਰ ਹਿੰਦੁਸਤਾਨ ਦਾ ਕਾਨੂੰਨ ਇਨ੍ਹਾਂ ਮਾਮਲਿਆਂ ਵਿਚ ਹਮੇਸ਼ਾ "ਘੋਘਲਕੰਨਾ" ਬਣਿਆ ਆ ਰਿਹਾ ਹੈ। ਸੱਜਣ ਕੁਮਾਰ ਵਾਲੇ ਕੇਸ ਦੀਆਂ ਪ੍ਰਮੁੱਖ ਗਵਾਹ ਬੀਬੀਆਂ ਜਗਦੀਸ਼ ਕੌਰ ਤੇ ਨਿਰਪ੍ਰੀਤ ਕੌਰ ਨੂੰ ਵੀ ਬੜੇ ਲਾਲਚ ਦਿੱਤੇ ਗਏ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਸ ਕਾਰਨ ਹੀ ਬਾਕੀ ਦੇ ਕੇਸਾਂ ਦੀ ਹੋਣੀ ਤੇ ਹਾਲ ਹੀ ਵਿਚ ਸੱਜਣ ਕੁਮਾਰ ਦੀ ਸਜ਼ਾ ਦੇ ਫੈਸਲੇ ਨੂੰ ਵੀ ਬਹੁਤ ਸਾਰੇ ਸ਼ੱਕ-ਸ਼ੁਬਹਿਆਂ ਨੇ ਘੇਰਿਆ ਹੋਇਆ ਹੈ।

ਸਿੱਖ ਕਤਲੇਆਮ ਬਾਰੇ ਭਾਰਤੀ ਕਾਨੂੰਨ ਤੇ ਸਰਕਾਰਾਂ ਦੀ ਦੋਗਲੀ ਨੀਤੀ ਤੇ ਪਹੁੰਚ ਨੂੰ ਦੇਖਦਿਆਂ ਸੱਜਣ ਕੁਮਾਰ ਨੂੰ ਹੋਈ ਉਮਰ ਕੈਦ ਦੀ ਸਜ਼ਾ ਦੇ ਇਸ ਮੌਕੇ ਉਤੇ ਇਹ ਕਹਿਣਾ ਵਾਜਿਬ ਹੈ ਕਿ ਕਤਲੇਆਮ ਪੀੜਤ ਸਿੱਖਾਂ ਲਈ ਇਨਸਾਫ ਦਾ ਪੰਧ ਭਾਵੇਂ ਲੰਮੇਰਾ ਤੇ ਬਿਖਮ ਹੈ ਪਰ ਇਹ ਨਾ-ਮੁਮਕਿਨ ਨਹੀਂ ਹੈ। ਇਸ ਕਰਕੇ ਇਨ੍ਹਾਂ ਮਾਮਲਿਆਂ ਵਿਚ ਲੜਾਈ ਲੜ ਰਹੀਆਂ ਇਨਸਾਫ ਪਸੰਦ ਧਿਰਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਮਦਦ ਕਰਨ ਦੀ ਲੋੜ ਦੇ ਨਾਲ-ਨਾਲ ਇਨ੍ਹਾਂ ਦੇ ਹੌਸਲੇ ਦੀ ਵੀ ਦਾਦ ਦੇਣੀ ਬਣਦੀ ਹੈ।

*ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼*

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ



**ਬਿਕਰਮਜੀਤ ਸਿੰਘ ਜੀਤ**
(ਮੋ: 87278-00372)

ਦਸਵੇਂ ਗੁਰੂ, ਬਾਦਸ਼ਾਹ ਦਰਵੇਸ਼, ਹੱਕ-ਸੱਚ ਤੇ ਨਿਆਂ ਦੇ ਰਾਖੇ, ਸਰਬੰਸਦਾਨੀ, ਸਾਹਿਬ-ਏ-ਕਮਾਲ, ਮਹਾਨ ਬਾਣੀਕਾਰ, ਨਿਡਰ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਨਿਰਮਲ ਜੋਤ ਦੇ ਦਸਵੇਂ ਵਾਰਸ ਵਜੋਂ ਜ਼ੁਲਮ ਅਤੇ ਜਾਲਮ ਦਾ ਖਾਤਮਾ ਕਰਨ ਹਿੱਤ ਸ੍ਰੀ ਪਟਨਾ ਸਾਹਿਬ, ਬਿਹਾਰ ਦੀ ਧਰਤੀ 'ਤੇ 1666 ਈ. ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗ੍ਰਿਹ ਮਾਤਾ ਗੁਜਰੀ ਜੀ ਦੀ ਪਾਵਨ ਕੁੱਖੋਂ ਪ੍ਰਕਾਸ਼ ਧਾਰਿਆ।
ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਦੌਰਾਨ ਜੋ ਮਹਾਨ ਕਾਰਜ ਕੀਤੇ ਉਨ੍ਹਾਂ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਇਹ ਮਿਸਾਲੀ ਕਾਰਜ ਗੁਰੂ ਜੀ ਵੱਲੋਂ ਆਪਣੇ 42 ਸਾਲਾਂ ਦੇ ਜੀਵਨ ਵਿਚ ਕੀਤੇ ਅਜਿਹੇ ਪਰਉਪਕਾਰ ਸਨ, ਜਿਨ੍ਹਾਂ ਨੇ ਸੰਸਾਰ ਦੇ ਇਤਿਹਾਸ ਵਿਸ਼ੇਸ਼ ਕਰਕੇ ਧਾਰਮਿਕ ਜਗਤ ਅੰਦਰ ਅਜਿਹੀਆਂ ਉਦਾਹਰਨਾਂ ਪੈਦਾ ਕੀਤੀਆਂ ਜਿਨ੍ਹਾਂ ਨੇ ਧਰਮ ਨੂੰ ਕੇਵਲ ਦਿੱਬਤਾ ਜਾਂ ਦੈਵੀ ਅਨੁਭਵ ਨਾਲ ਹੀ ਨਹੀਂ ਜੋੜਿਆ, ਸਗੋਂ ਜਨ-ਸਧਾਰਨ ਅੰਦਰ ਸਮਾਜਿਕ ਕਲਿਆਣ ਦੀ ਭਾਵਨਾ ਪੈਦਾ ਕਰ ਕੇ, ਭਗਤੀ ਤੋਂ ਸ਼ਕਤੀ ਦਾ ਸੁਮੇਲ ਕਰ ਕੇ ਹਾਕਮਾਂ ਦੀ ਦੱਬੀ-ਕੁਚਲੀ ਅਤੇ ਸ਼ੋਸ਼ਣ ਦਾ ਸ਼ਿਕਾਰ ਜਨਤਾ ਨੂੰ ਆਪਣੇ ਪੈਰੀਂ ਖੜ੍ਹੇ ਹੋਣਾ ਸਿਖਾਇਆ। ਗੁਰੂ ਸਾਹਿਬ ਦੇ ਇਹ ਕਾਰਜ ਆਪਣੇ ਤੋਂ ਪਹਿਲਾਂ ਦੇ ਨੌਂ ਗੁਰੂ ਸਾਹਿਬਾਨ ਦੀ ਸਿਧਾਂਤਕ ਲੀਹ 'ਤੇ ਗੁਰਮਤਿ ਵਿਚਾਰਧਾਰਾ ਨੂੰ ਵਿਹਾਰਕਤਾ ਵਿਚ ਮੋੜਨ ਦਾ ਉਪਰਾਲਾ ਸੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਉਪਰੰਤ ਲੀਹੇ ਚਾੜ੍ਹਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੇਵਲ 33 ਸਾਲਾਂ ਦੀ ਉਮਰ ਵਿਚ ਸੰਨ 1699 ਈ. ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕੀਤੀ ਖਾਲਸਾ ਪੰਥ ਦੀ ਸਿਰਜਣਾ ਕੇਵਲ ਹਿੰਦੁਸਤਾਨ ਹੀ ਨਹੀਂ, ਬਲਕਿ ਦੁਨੀਆ ਦੀਆਂ ਉਨ੍ਹਾਂ ਤਮਾਮ ਪ੍ਰਭੂ-ਸੱਤਾ ਸੰਪੰਨ ਧਿਰਾਂ ਨੂੰ ਇਕ ਚੁਣੌਤੀ ਸੀ ਅਤੇ ਅੱਜ ਵੀ ਹੈ, ਜੋ ਰਾਜ ਗੱਦੀ 'ਤੇ ਬੈਠ ਕੇ ਆਮ ਜਨਤਾ ਅਤੇ ਮਜ਼ਲੂਮ ਧਿਰਾਂ ਦੀ ਹੱਕ-ਸੱਚ ਦੀ ਰਾਖੀ ਦੀ ਬਜਾਏ, ਉਨ੍ਹਾਂ ਉੱਪਰ ਇਕ ਵਿਸ਼ੇਸ਼ ਅਤੇ ਆਪਣੀ ਮਰਜ਼ੀ ਦਾ ਸਿਸਟਮ ਥੋਪ ਕੇ, ਸਭ ਨੂੰ ਇੱਕੋ ਗੁਲਾਮੀ ਦੇ ਜੂਲੇ ਹੇਠ ਰੱਖਣਾ ਚਾਹੁੰਦੀਆਂ ਹਨ।

ਗੁਰੂ ਜੀ ਵੱਲੋਂ 'ਖਾਲਸਾ ਪੰਥ' ਦੀ ਸਿਰਜਣਾ ਨੇ ਇਹ ਸਿੱਧ ਕੀਤਾ ਕਿ ਮਨੁੱਖੀ ਹੱਕ ਕੇਵਲ ਹਕੂਮਤਾਂ ਤੇ ਉਨ੍ਹਾਂ ਦੀ ਰਾਜ-ਸੱਤਾ ਅਧੀਨ ਸਵੈ-ਸੁਆਰਥ ਵਿਚ ਵਿਚਰਦੇ ਚੰਦ ਕੁ ਲੋਕਾਂ ਦੇ ਮੁਥਾਜ ਨਹੀਂ, ਬਲਕਿ ਧਰਤੀ 'ਤੇ ਵਿਚਰ ਰਿਹਾ ਹਰ ਮਨੁੱਖ ਭਾਵੇਂ ਉਹ ਕਿਸੇ ਵੀ ਖਿੱਤੇ, ਧਰਮ, ਜਾਤ, ਨਸਲ ਦਾ ਕਿਉਂ ਨਾ ਹੋਵੇ, ਵੀ ਉਨ੍ਹਾਂ ਹੱਕਾਂ ਨੂੰ ਪੂਰੀ ਖੁੱਲ੍ਹ ਅਤੇ ਅਜ਼ਾਦੀ ਨਾਲ ਮਾਣਨ ਦਾ ਹੱਕਦਾਰ ਹੈ।

ਔਰੰਗਜ਼ੇਬ ਦੇ ਕੱਟੜ ਰਵੱਈਏ ਨੇ ਪੂਰੇ ਹਿੰਦੁਸਤਾਨ ਵਿਚ ਇਸਲਾਮ ਨੂੰ ਕਬੂਲਣ ਦਾ ਆਦੇਸ਼ ਦਿੱਤਾ ਹੋਇਆ ਸੀ। ਜੋ ਲੋਕ ਦੀਨ-ਏ-ਇਲਾਹੀ ਭਾਵ ਇਸਲਾਮ ਧਰਮ ਨੂੰ ਕਬੂਲ ਨਹੀਂ ਸਨ ਕਰ ਰਹੇ, ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਦੌਰ ਜਾਰੀ ਕੀਤਾ ਗਿਆ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੁਗਲ ਹਾਕਮਾਂ ਦੀ ਇਸ ਕੱਟੜ ਅਤੇ ਇਸਲਾਮ ਤੋਂ ਇਲਾਵਾ ਕਿਸੇ ਦੂਜੇ ਧਰਮ ਨੂੰ ਬਰਦਾਸ਼ਤ ਨਾ ਕੀਤੇ ਜਾਣ ਦੀ ਨੀਤੀ ਤਹਿਤ ਹੀ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤਤਕਾਲੀ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਨਾਲ ਸ਼ਹੀਦੀ ਹੋਈ ਸੀ। ਇਸ ਤੋਂ ਬਾਅਦ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀ ਨੀਤੀ ਅਪਨਾ ਕੇ ਸਿੱਖਾਂ ਵਿਚ ਇਕ ਨਵੀਂ ਸਪਿਰਟ ਭਰੀ, ਜਿਸ ਦੀ ਸਿਖਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ 'ਖਾਲਸੇ' ਦੇ ਰੂਪ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕੀਤੀ। ਔਰੰਗਜ਼ੇਬ ਵੱਲੋਂ ਵੀ ਇਸੇ ਤਰ੍ਹਾਂ ਇਸਲਾਮ ਤੋਂ ਛੁਟ ਦੂਜੇ ਧਰਮਾਂ ਵਿਸ਼ੇਸ਼ਕਰ ਬ੍ਰਾਹਮਣ (ਹਿੰਦੂ) ਵਰਗ ਦਾ ਜੋ ਹਾਲ ਕੀਤਾ ਗਿਆ, ਉਸ ਦੀ ਸਥਿਤੀ ਇੰਨੀ ਤਰਸਯੋਗ ਸੀ ਕਿ ਬਿਆਨ ਤੋਂ ਵੀ ਬਾਹਰ ਹੈ। ਗੈਰ-ਇਸਲਾਮੀ ਧਾਰਮਿਕ ਕੇਂਦਰਾਂ ਨੂੰ ਢਾਹ ਕੇ ਉਨ੍ਹਾਂ ਉੱਪਰ ਮਸੀਤਾਂ ਬਣਵਾਈਆਂ ਜਾਣ ਲੱਗੀਆਂ। ਵਿਸ਼ੇਸ਼ਕਰ ਉੱਤਰ-ਭਾਰਤ ਦੇ ਖੇਤਰ ਪੰਜਾਬ ਤੇ ਕਸ਼ਮੀਰ ਇਸ ਤਹਿਤ ਵੱਡਾ ਸੰਤਾਪ ਭੋਗਣ ਲੱਗੇ।

ਕਸ਼ਮੀਰੀ ਪੰਡਤਾਂ ਨੂੰ ਜਦ ਆਪਣੇ ਧਰਮ ਦਾ ਬਚਾਅ ਕਰਨ ਲਈ ਕੋਈ ਹੋਰ ਰਾਹ ਨਾ ਲੱਭਾ ਤਾਂ ਉਸ ਸਮੇਂ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਆਪਣੇ ਧਰਮ ਦੀ ਰੱਖਿਆ ਖਾਤਰ ਸ੍ਰੀ ਅਨੰਦਪੁਰ ਸਾਹਿਬ (ਚੱਕ ਨਾਨਕੀ) ਦੇ ਰਾਹੇ ਪੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਆਇਆ। ਇਸ ਦਾ ਜ਼ਿਕਰ 'ਭੱਟ ਵਹੀ' ਵਿਚ ਇਉਂ ਮਿਲਦਾ ਹੈ:
ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ
ਖੋੜਸ ਮੁਖੀ ਬ੍ਰਾਹਮਣ ਕਾ ਸੰਗ ਲੈ ਕੇ ਚੱਕ ਨਾਨਕੀ ਆਇਆ।

ਬਸ ਫਿਰ ਕੀ ਸੀ, ਇੱਥੋਂ ਹੀ ਇਤਿਹਾਸ ਅੰਦਰ ਉਹ ਮੋੜ ਮੁੜਿਆ ਜਿਸ ਤਹਿਤ ਜਿੱਥੇ ਸਿੱਖ ਧਰਮ ਦੇ ਗੁਰੂ-ਸਾਹਿਬਾਨ ਨੇ ਆਪਣੇ ਧਰਮ 'ਤੇ ਅਟੱਲ ਰਹਿਣ ਲਈ ਜੋ ਕੁੱਲ ਦੁਨੀਆ ਨੂੰ ਸੁਨੇਹਾ ਦਿੱਤਾ ਸੀ, ਉਸੇ ਸਿਧਾਂਤ 'ਤੇ ਖ਼ੁਦ ਚੱਲਦਿਆਂ ਇਹ ਗੱਲ ਵਿਹਾਰਕ ਤੌਰ 'ਤੇ ਸਪੱਸ਼ਟ ਵੀ ਕਰ ਦਿੱਤੀ ਕਿ ਮਜ਼ਲੂਮ ਦੀ ਅਤੇ ਧਾਰਮਿਕ ਸੁਤੰਤਰਤਾ ਦੀ ਰੱਖਿਆ ਲਈ ਕਿਵੇਂ ਤਤਪਰ ਰਹਿਣਾ ਹੈ।

ਸੋ ਇਸੇ ਤਹਿਤ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਮ ਭਾਰਤੀ ਲੋਕਾਂ ਦੇ ਧਰਮ ਅਤੇ ਉਨ੍ਹਾਂ ਦੇ ਤਿਲਕ-ਜੰਞੂ ਦੀ ਰੱਖਿਆ ਖਾਤਰ ਸ੍ਰੀ ਅਨੰਦਪੁਰ ਸਾਹਿਬ (ਚੱਕ ਨਾਨਕੀ) ਤੋਂ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਭੇਜਿਆ। ਗੁਰੂ ਜੀ ਦੀ ਦਿੱਲੀ ਵਿਖੇ ਇਸ ਸ਼ਹਾਦਤ ਦਾ ਇਕ ਵੱਖਰਾ ਗੌਰਵਮਈ ਇਤਿਹਾਸ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਉਦੋਂ ਸਦਾ ਲਈ ਅਮਰ ਕਰ ਦਿੱਤਾ, ਜਦ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਈ ਲੋਕਾਈ ਵਿੱਚੋਂ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਅਤੇ ਖ਼ੁਦ ਉਨ੍ਹਾਂ ਤੋਂ ਅੰਮ੍ਰਿਤ ਛਕ ਕੇ 'ਖਾਲਸਾ' ਭਾਵ ਉਸ ਸ਼ੁੱਧਤਾ ਦਾ ਰੂਪ ਦਿੱਤਾ, ਜਿਸ ਅੰਦਰ ਨਾ ਤਾਂ ਡਰ ਸੀ, ਨਾ ਹੀ ਕਿਸੇ ਦੀ ਅਧੀਨਗੀ ਨੂੰ ਕਬੂਲ ਕਰਨ ਦੀ ਭਾਵਨਾ, ਬਲਕਿ ਖਾਲਸਾ ਮਜ਼ਲੂਮਾਂ ਦੀ ਢਾਲ ਬਣ ਕੇ, ਜਬਰ ਅਤੇ ਜ਼ੁਲਮ ਦੀ ਜੜ੍ਹ ਨੂੰ ਮੁੱਢੋਂ ਹੀ ਪੁੱਟ ਦੇਣ ਦਾ ਜਜ਼ਬਾ ਰੱਖਦਾ ਸੀ। ਇਸ ਨੇ ਵਾਕਈ ਇਹ ਸਭ ਕੁਝ ਕਰ ਦਿਖਾਇਆ। ਇਸ ਜਜ਼ਬੇ ਦਾ ਗਵਾਹ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਬਣਿਆ।

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਅਤੇ ਉਸ ਵਿਚਲੀ ਸ਼ਕਤੀ ਦਾ ਜਜ਼ਬਾ ਹੀ ਸੀ, ਜਿਸ ਨੇ 'ਸਵਾ ਲਾਖ ਸੇ ਏਕ ਲੜਾਊਂ' ਦਾ ਹੌਂਸਲਾ ਪੈਦਾ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸਾ ਪੰਥ ਦੀ ਸਾਜਣਾ ਤੋਂ ਬਾਅਦ ਸਦੀਆਂ ਤੋਂ ਚੱਲਦੀਆਂ ਆ ਰਹੀਆਂ ਉਨ੍ਹਾਂ ਪਰੰਪਰਾਵਾਂ ਨੂੰ ਵੀ ਇਕ ਨਵੀਂ ਦਿਸ਼ਾ ਅਤੇ ਨਵਾਂ ਰੂਪ ਦਿੱਤਾ, ਜੋ ਕਿ ਲੋਕਾਂ ਅੰਦਰ ਬੁਜ਼ਦਿਲੀ ਅਤੇ ਫਜ਼ੂਲ ਦੇ ਕਰਮ-ਕਾਂਡਾਂ ਨੂੰ ਉਤਸ਼ਾਹਿਤ ਕਰਦੀਆਂ ਸਨ।

ਦਸਵੇਂ ਪਾਤਸ਼ਾਹ ਨੇ ਇਕ ਨਵੀਂ 'ਰਹਿਤ ਮਰਯਾਦਾ' ਸਥਾਪਿਤ ਕਰ ਕੇ, ਖਾਲਸੇ ਨੂੰ ਪੰਜ ਬਾਣੀਆਂ ਅਤੇ ਪੰਜ ਕਕਾਰ ਬਖ਼ਸ਼ ਕੇ, ਭਗਤੀ ਅਤੇ ਸ਼ਕਤੀ ਦਾ ਸੁਮੇਲ ਦਿੱਤਾ। ਹੋਲੀ ਵਰਗੇ ਇਕ-ਦੂਜੇ ਉੱਪਰ ਰੰਗ ਤੇ ਗੰਦ ਪਾਉਣ ਵਾਲੇ ਤਿਉਹਾਰਾਂ ਨੂੰ ਬਦਲ ਕੇ 'ਹੋਲਾ ਮਹੱਲਾ' ਦਾ ਰੂਪ ਦੇ ਕੇ ਇੱਕ ਅਕਾਲ ਦੇ ਪੁਜਾਰੀ ਬਣਾ ਕੇ ਸੂਰਬੀਰਤਾ ਅਤੇ ਅਧਿਆਤਮਕ ਦੇ ਰੰਗ ਵਿਚ ਰੰਗਿਆ।

ਬਾਕੀ ਸਫ਼ਾ 28 'ਤੇ

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ

- ਪ੍ਰੋ.ਪੂਰਨ ਸਿੰਘ



ਇਹ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਕੰਮ ਹੈ ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਉਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਉਦੇਂ ਹਨ ਅਤੇ ਨਾ ਹੀ ਮੁਕਤੀ, ਕੇਵਲ ਮਨ ਪ੍ਰੀਤ ਚਰਨ ਕਮਲਾਰੇ ਦੀ ਧਾਰਨੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸਨਾ ਪੂਰਨ ਖ਼ੁਸ਼ੀ ਦੇ ਇੱਛੁਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਬ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਨ੍ਹਾਂ ਦੀ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤਿ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖ਼ੌਲਾਂ ਕਰਦੀ, ਮੌਤ ਨੂੰ ਜੱਫੀਆਂ ਪਊਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ , ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਉਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗਮਾਂ ਤੋਂ ਉਪਰ ਉਠੀ, ਸਰਬਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਦੇ ਖਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ ਮੰਦਰ ਵਿਚ , ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ, ਹੁੰਦੀ ਹੈ। ਜਿਸ ਦੇ ਮਨ ਮੰਦਰ ਵਿਚ ਅਜਿਹੀ ਸ਼ਮ੍ਹਾਂ ਨਿਸਬਾਸਰ ਬਲਦੀ ਰਹੇ, ਉਹ ਸੱਚਾ ਖਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ ਰੋਮ ਵਿਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਹਨਾਂ ਸਾਰਿਆਂ ਦੀ ਨੂੰ ਜੋ ਉਸ ਦੀ ਜ਼ਦ ਵਿਚ ਆਉਂਦੇ ਹਨ। ਖ਼ਾਲਸ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁੱਤੇ ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਜ਼ਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਹੀ ਸਿੱਧ ਕਰਨ ਦਾ ਵੀ ਨਹੀਂ। ਉਹ, ਆਪਣੀ ਪਵਿੱਤਰ ਨਿਸ਼ਕਾਮਤਾ ਕਾਰਨ, ਕੁਦਰਤ ਦੀ ਰੂਹ ਨਾਲ ਇਕ ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖ਼ੁਸ਼ਬੂ ਆਲੇ-ਦੁਆਲੇ ਆਪਣੇ ਆਪ ਖਲੇਰ ਦਿੰਦਾ ਹੈ। ਖਾਲਸਾ ਆਪਣੀ ਰੂਹਾਨੀ ਮਿਠਤ ਨੂੰ ਧਰਤੀ ਦੇ ਜਿਸ ਕੋਨੇ ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਆਪਣੇ ਆਪ ਨਿਕਲ ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜ਼ਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ ਤੇ ਕੀਤਾ ਵਿਰਲਾਪ ਨਹੀਂ ਸਨ ਸੁਣ ਸਕਦੇ। ਅਤੇ ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿਚ ਉਨ੍ਹਾਂ ਦੇ ਸਮੇਂ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਗੁਰੂ ਤੇਗ਼ ਬਹਾਦਰ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ; ਉਨ੍ਹਾਂ ਦੀ ਬਾਣੀ ਅੱਥਰੂ ਭਿੱਜੀ, ਅਸੀਮ ਵੈਰਾਗਮਈ ਹੈ, ਜੋ ਉਸ ਨਾਲ ਦੁੱਖੀ ਮਨੁੱਖ ਨੂੰ ਖ਼ੁਸ਼ੀ ਅਤੇ ਮੁਕਤੀ ਮਿਲ ਸਕੇ। ਗੁਰੂ ਗੋਬਿੰਦ ਸਿੰਘ ਦਾ ਭਾਰਤ ਦੇ ਗੁਲਾਮਾਂ ਪ੍ਰਤਿ ਭਰਮ ਭਾਵਨਾ ਕਾਰਨ ਤਿਆਗ ਵੀ ਅਸੀਮ ਹੈ। ਉਹ ਤਾਂ ਦੁਖੀਆਂ ਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਰੱਬ ਦੀ ਕੁਰਬਾਨੀ ਵੀ ਦੇ ਦਿੰਦੇ ਹਨ। ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵੱਡਕਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਣਾ ਅਨੁਸਾਰ ਖਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਿਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਵਿਚ ਸਹਿਜੇ ਹੀ ਉਸ ਦੇ ਨਾਮ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਖਾਲਸਾ ਆਪਣੇ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖੁਸ਼ੀ ਨਾਲ ਖੇੜੇ ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉੱਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਸਰਵਸਵ ਦੇ ਦਿੰਦਾ ਹੈ, ਮੇਰੀ ਅਧਿਆਤਮਕ ਕਰਨੀ ਲਈ, ਮੈਂ ਨਹੀਂ, ਉਹ ਜਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ ਭੇਦ ਪਾ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਬੱਦਲ ਦੀ ਟੁੱਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖ਼ੁਸ਼ੀ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿਚ ਸੈੱਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ-ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲੱਗਦਾ ਹੈ ਅਤੇ ਜਿਨ੍ਹਾਂ ਤੋਂ ਵੀ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ ਮਨੁੱਖਤਾ ਦੇ ਇਤਿਹਾਸ ਵਿਚ ਵਿਰਲੇ ਹੀ ਹਨ ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ ਪਰ ਅੰਦਰੋਂ ਰੂਹਾਨੀ ਤੌਰ ਤੇ, ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ ਤੇ ਗੁਰੂ ਦੇ ਨਹੀਂ ਹਨ, ਦਾ ਨਾਂ ਸੂਚੀ ਵਿਚੋਂ ਕਟ ਦਿੱਤਾ ਗਿਆ ਹੈ। ਉਹਨਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗ੍ਰੰਥ ਦੀ ਜੈ ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤਿ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ ਹੈ, ਜੋ ਕਿਸੇ ਇਕੱਲੇ ਵਿਚ ਨਹੀਂ; ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿਚੋਂ ਨਿਕਲਦਾ ਹੈ। ਇਹਨਾਂ ਸਾਰਿਆਂ ਵਿਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀ ਜਾਂਦਾ ਹੈ।

ਭਾਈ ਵੀਰ ਦੇ ਸ਼ਬਦਾਂ ਵਿਚ ,ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।

ਨਾਮ- ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉੱਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਨਾਮ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿਚ ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਂਹੀ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰਾਂ ਇਸ ਸੰਘਰਸ਼ ਮਈ ਭੌਤਿਕ ਸੰਸਾਰ ਵਿਚ ਸਰੀਰਤ ਉੱਦਮ ਰਾਂਹੀ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

**ਦਾਨ:** ਦੇਣਾ, ਆਪਣਾ ਸਭ ਕੁਝ ਦੇਣਾ, ਕੁਦਰਤੀ ਹਮਦਰਦੀ ਕਾਰਨ, ਜੀਵਨ ਪ੍ਰਤਿ ਅਸੀਮ ਵਿਚ ਪਰੰਤੂ ਚੁੱਪ ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਉ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ ਨਿਰਸੰਦੇਹ, ਗੁਰੂ ਗੋਬਿੰਦ ਦੇ ਪੰਥ ਵਿਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। ਸਭ ਕੁਝ ਗੁਰੂ ਦਾ ਹੈ ਇਸੇ ਤਰਾਂ ਖ਼ਾਲਸਾ ਮਹਿਸੂਸਦਾ ਹੈ. 'ਮੇਰਾ ਮੁਝ ਮੇ ਕਿਛ ਨਹੀਂ ਜੋ ਕੁਛ ਹੈ ਤੇਰਾਂ'। ਅਜਿਹੀ ਸਨੇਹ ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖ਼ਾਲਸੇ ਦੀ ਖ਼ੈਰਾਤ ਦਰਿਆਂਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

**ਇਸ਼ਨਾਨ:-** ਸਰੀਰ ਦਾ ਠੰਡੇ ਪਾਣੀ ਨਾਲ ਨਹਾਉਣਾ , ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿਚ ਅਤੇ ਰੂਹ ਦਾ ਉਸ ਦੇ ਪਿਆਰ ਵਿਚ ਗੋਤਾ ਲਾਉਂਣਾ, ਇਸ਼ਨਾਨ ਹੈ।

**ਕਿਰਤ ਕਰਨਾ:** ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾ ਦੀ ਸਾਰੀ ਲੋਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿਚ ਕੋਈ ਵਿਹਲੜ ਅਮੀਰ ਨਹੀਂ ਉਸ ਲਈ ਤਾਂ ਕੋਈ ਥਾਂ ਨਹੀਂ ਨਹੀਂ , ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ, ਲੋਹੇ, ਲਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਨੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਤਿਆਗ। ਅਤੇ ਇਸ ਸੁਤੇ ਸਿੱਧ ਤਿਆਗ ਕਾਰਣ ਗੁਰੂ ਅਤੇ ਅੱਜ ਦੇ ਕਾਮਗਾਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

**ਵੰਡ ਛਕਣਾ** : ਕਿਰਤ ਕਮਾਈ ਦੀ ਇਕਸਾਰ ਵੰਡ। ' ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨਹੀਂ ਵੰਡੀ।

ਗੁਰੂ ਗੋਬਿੰਦ ਸਿੰਘ ਵਰਤਮਾਨ ਯੁਗ ਦੇ ਗੁਰੂ ਹਨ । ਉਹ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖੀ ਸਮਾਜ ਦੀ ਨਾਮ , ਦਾਨ , ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਅਧਾਰ ਤੇ ਪੰਥ ਦੇ ਰੂਪ ਵਿਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ, ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ , ਕਿਰਤ ਕਰਨਾ, ਪੈਦਾ ਕਰਨਾ, ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲ ਵਜੋਂ ਇਸ ਕਮਾਈ ਨੂੰ ਆਪਣੇ ਖ਼ਾਲਸਾ ਭਰਾਵਾਂ ਵਿਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ ਪੰਥ ਦੀ ਮਾੜੀ ਜਿਹੀ 'ਯਾਦ' ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂ ਕਿ ਸਾਰਾ ਸੰਸਾਰ ਅੰਦਰੋਂ ਅੰਦਰੇ ਇਸ ਨੂੰ ਅਪਣਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਪ੍ਰਤਿ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗੁਲਾਮਾਂ ਨੇ ਉਸ ਨੂੰ ਅਜੇ ਤਕ ਨਾ ਹੀ ਸਮਝਿਆ ਅਤੇ ਨਾ ਹੀ ਉਸਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖ਼ਸੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰ੍ਹੇ ਤਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ ਜਦੋਂ ਗੁਰੂ ਨੂੰ ਸਮਝਾਉਣ ਦਾ ਮਨ ਬਣਾਉਂਦੇ ਹਨ ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਹਨਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੋ ਉਹ ਗੁਰੂ ਗੋਬਿੰਦ ਸਿੰਘ ਵਿਚ ਗੁਰੂ ਨਾਨਕ ਦੇ ਉੱਚੇ ਅਤੇ ਚਮਕਦੇ ਸਿਖਰ ਨੂੰ ਨਹੀਂ ਵੇਖ ਸਕਦੇ। ਯਕੀਨਨ ਉਹ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ ਇਕ ਨਿਮਰਤਾ ਭਰੇ ਸ਼ਬਦ ਵਿਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁੱਟਦੀਆਂ ਹਨ, ਜੋ ਮਨੁੱਖੀ ਹਲੂਲ ਕਰ ਜਾਂਦੀਆਂ ਹਨ, ਨਾਮ ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਣ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸੱਭਿਆਚਾਰਕ ਵਿਕਾਸ ਵਿਚ ਵਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਂ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸੇ ਵਿਸ਼ੇਸ ਦੇਸੀ ਭਾਸ਼ਾ ਵਿਚ, ਆਪਣੇ ਵਿਚਾਰਾ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ ਤੇ ਪਈਆਂ ਪਰਸਪਰ ਕਟਦੀਆ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਨ ਵਿਚ ਅਤੇ ਪਿਆਰ ਅਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ , ਜੋ ਕਿ ਧਰਮ ਅਤੇ ਜੀਵਨ ਜਾਚ ਸੰਬੰਧੀ ਪੂਰਵੀ ਵਿਚਾਰਾਂ ਵਿਚ ਮੁਕੰਮਲਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿਚ ਬਿਆਨ ਕੀਤੇ ਜਾਣ ਤਾਂ ਗੁਰੂ ਸਾਹਿਬਾਂ ਦੀ ਚੇਤਨਤਾ ਸਗਰੇ ਮਨੁੱਖੀ ਸਭਿਆਚਾਰ ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈਦੀ ਸਾਖੀ ਮਨੁੱਖ ਦੀ ਬਹੁ-ਪੱਖੀ ਉੱਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਹੋਰ ਕਿਤੇ ਵਿਚਾਰ ਕਰਾਂਗਾ।

ਪਰ ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਂ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਿਮ ਦਿਮਾਗੀ ਧਾਰਣਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਂ ਦਾ ਮਜ਼ਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸੰਸਾ ਦੀ ਪ੍ਰਸੰਸਾ ਨਾਲ ਭਰਭੂਰ ਹੈ। ਇਸ ਵਿਚ ਅਸੀਮ ਖ਼ੁਸ਼ੀ ਹੈ। ਅਤੇ ਅਸੀਮ ਗ਼ਮ ਵੀ ਹਨ। ਗੁਰੂ ਪ੍ਰਣਾਲੀ ਵਿਚ ਖ਼ੁਸ਼ੀ ਜੀਵਨ ਦੇ ਗ਼ਮਾਂ ਦੇ ਰੁੱਖ ਤੇ ਖਿੜਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿਚ ਗ਼ਮ ਦਾ ਇਹਸਾਸ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਲਈ ਨਿਰੀ ਖ਼ੁਸ਼ੀ ਹਉਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤੱਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤਰੀਆਂ ਖੁਲ੍ਹਾ ਅਤੇ ਬਰਾਬਰ ਦਾ ਭਾਗ

ਬਾਕੀ ਸਫ਼ਾ 28 'ਤੇ

ੴ ਸਤਿਗੁਰ ਪ੍ਰਸਾਦਿ ॥

# ਗੁਰਦੁਆਰਾ ਸਿੰਘ ਸਭਾ ਮਿਲਪੀਟਸ

**680 East Calaveras Blvd. Milpitas CA 95036**



ਸਰਬੰਸਦਾਨੀ, ਪੰਥ ਦੇ ਵਾਲੀ, ਦਸਮ ਪਾਤਸ਼ਾਹ

## ਸ੍ਰੀ ਗੋਬਿੰਦ ਸਿੰਘ ਜੀ

ਦੇ 353ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਲੱਖ ਲੱਖ ਵਧਾਈਆਂ

**ਗੁਰਦੁਆਰਾ ਫਰੀਮੌਂਟ ਕੈਲੀਫੋਰਨੀਆ ਵਿਖੇ ਧੰਨ-ਧੰਨ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਦਾ**

## ਪਵਿੱਤਰ ਪ੍ਰਕਾਸ਼ ਦਿਹਾੜਾ

### 05 ਜਨਵਰੀ, 2019 ਦਿਨ ਸ਼ਨਿੱਚਰਵਾਰ

ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 03 ਜਨਵਰੀ, 2019 ਦਿਨ ਵੀਰਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ : 05 ਜਨਵਰੀ, 2019 ਦਿਨ ਸ਼ਨਿੱਚਰਵਾਰ ਸ਼ਾਮੀ 6:00 ਵਜੇ

ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ।

**ਜਾਰੀ ਕਰਤਾ :**

## ਗੁਰਦੁਆਰਾ ਸਾਹਿਬ ਸਿੰਘ ਸਭਾ, ਮਿਲਪੀਟਸ

**680 EAST CALAVERAS BLVD, MILPITAS, Phone (408) 898-7056**

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536



ਸਰਬੰਸਦਾਨੀ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ

## ਦਸਮ ਪਿਤਾ ਸ੍ਰੀ ਗੋਬਿੰਦ ਸਿੰਘ ਜੀ

ਦੇ 353ਵੇਂ ਪ੍ਰਕਾਸ਼ ਦਿਹਾੜੇ ਦੀਆਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ

## ਲੱਖ ਲੱਖ ਵਧਾਈਆਂ

ਗੁਰਦੁਆਰਾ ਫਰੀਮੌਂਟ ਕੈਲੀਫੋਰਨੀਆ ਵਿਖੇ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਦਾ

## ਪਵਿੱਤਰ ਪ੍ਰਕਾਸ਼ ਦਿਹਾੜਾ

### 05 ਜਨਵਰੀ, 2019 ਦਿਨ ਸ਼ਨਿੱਚਰਵਾਰ

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 03 ਜਨਵਰੀ, 2019 ਦਿਨ ਵੀਰਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ : 05 ਜਨਵਰੀ, 2019 ਦਿਨ ਸ਼ਨਿੱਚਰਵਾਰ ਸ਼ਾਮੀ 4:00 ਵਜੇ
ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਬੇਨਤੀ ਕਰਤਾ:**

ਰਿਲੀਜੀਅਸ ਅਤੇ ਸਟੇਜ ਕਮੇਟੀ ਮੈਂਬਰਜ਼, ਜਸਵਿੰਦਰ ਸਿੰਘ ਜੰਡੀ, ਸੁਪਰੀਮ ਕੌਂਸਲ ਮੈਂਬਰ ਹਰਿੰਦਰਪਾਲ ਸਿੰਘ, ਸੁਪਰੀਮ ਕੌਂਸਲ ਮੈਂਬਰ ਬਲਜੀਤ ਸਿੰਘ ਹੰਸਰਾ, ਜਸਦੇਵ ਸਿੰਘ, ਜਸਪ੍ਰੀਤ ਸਿੰਘ ਅਟਵਾਲ, ਅੰਮ੍ਰਿਤਪਾਲ ਸਿੰਘ, ਕੰਵਲਜੀਤ ਸਿੰਘ, ਕਮਲਜੀਤ ਸਿੰਘ ਅਟਵਾਲ ਅਤੇ ਹਰਦੇਵ ਸਿੰਘ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**300 Gurdwara Road Fremont CA 94536, Phone : 510-790-0177**



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders




Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536




# ਦਸਮ ਪਿਤਾ ਸ੍ਰੀ ਗੋਬਿੰਦ ਸਿੰਘ ਜੀ

ਦੇ 353ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ

# ਲੱਖ ਲੱਖ ਵਧਾਈਆਂ

ਗੁਰਦੁਆਰਾ ਫਰੀਮੌਂਟ ਕੈਲੀਫੋਰਨੀਆ ਵਿਖੇ ਧੰਨ-ਧੰਨ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਦਾ

# ਪਵਿੱਤਰ ਪ੍ਰਕਾਸ਼ ਦਿਹਾੜਾ

## 05 ਜਨਵਰੀ, 2019

ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 03 ਜਨਵਰੀ, 2019 ਦਿਨ ਵੀਰਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ : 05 ਜਨਵਰੀ, 2019 ਦਿਨ ਸ਼ਨਿੱਚਰਵਾਰ ਸ਼ਾਮੀ 4:00 ਵਜੇ

ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

# ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**

# ਸਿਆਟਲ ਵਿਚ ਨਵੇਂ ਸਾਲ ਦਾ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਸਵਾਗਤ



**ਸਿਆਟਲ /ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਵੱਖ ਵੱਖ ਗੁਰੂਘਰਾਂ, ਗੁਰਦੁਆਰਾ ਸਿੰਘ ਸਭਾ ਰੈਨਟਨ, ਗੁਰਦੁਆਰਾ ਸੱਚਾ ਮਾਰਗ ਐਬਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਤੋਂ ਇਲਾਵਾ ਗੁਰਦੁਆਰਾ ਬੋਥਲ, ਮੈਰੀਸਵੈਲ ਆਦਿ ਗੁਰਦੁਆਰਿਆਂ ਵਿਚ ਵਿਸ਼ੇਸ਼ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ 2018 ਨੂੰ ਅਲਵਿਦਾ ਅਤੇ 2019 ਦੇ ਸਾਲ ਦਾ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਭਾਈ ਜਰਨੈਲ ਸਿੰਘ ਅਤੇ ਭਾਈ ਵਰਿਆਮ ਸਿੰਘ ਦੇ ਕੀਰਤਨੀ ਜਥੇ ਨੇ ਸਾਂਝੇ ਤੌਰ 'ਤੇ ਕੀਰਤਨ ਕਰਕੇ ਨਵੇਂ ਸਾਲ 2019 ਵਿਚ ਸੁਖਸ਼ਾਂਤੀ, ਖੁਸ਼ਹਾਲੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ 'ਤੇ ਚੱਲਣ ਲਈ ਪ੍ਰੇਰਨਾ ਦਿੱਤੀ ਅਤੇ ਗੁਰੂ ਦਾ ਜਸ ਗਾਇਨ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਪਹੁੰਚ ਕੇ ਗੁਰੂਘਰਾਂ ਵਿਚ ਹਾਜ਼ਰੀ ਲਗਵਾਈ ਅਤੇ ਨਵਾਂ ਸਾਲ ਗੁਰਦੁਆਰਿਆਂ ਵਿਚ ਚੜ੍ਹਾਇਆ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਅਟਵਾਲ ਤੇ ਚੰਦੀ ਪਰਿਵਾਰ ਵਲੋਂ ਬੜੀ ਸ਼ਰਧਾ ਨਾਲ ਲੰਗਰਾਂ ਦੀ ਸੇਵਾ ਨਿਭਾਈ। ਸਟੇਜ ਦਾ ਸੰਚਾਲਨ ਕਰਦਿਆਂ ਅਵਤਾਰ ਸਿੰਘ ਆਦਮਪੁਰੀ ਨੇ ਕਵਿਤਾ ਰਾਹੀਂ ਨਵੇਂ ਸਾਲ ਦੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਕੀਤੀਆਂ। ਭਾਈ ਹਰਦੀਪ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।





We can help you find a home and get your mortgage financing !

Call Bina Today!
(317) 345-6337

We specialize in :
Self-Employed
Residential
New Construction
Commercial Properties




Mortgage Financing Provided By:
Tony Gregory
(317) 418-1022
tonylends1960@gmail.com

Approved Mortgage, A Winterwood Mortgage Group
NMLS ID: 254201 | NMLS CO ID: 122171

Personalized Service-Committed To Quality

Solutions Financial Mortgage Company

Purchase & Refinance Your Home Loans



Call: 312-608-0006

2700 Patriot Blvd., Suite 110
Glenview IL 60026.
Office: 847-834-0100, Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@gosfmc.com
Web: www.gosfmc.com

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

www.indiventy.com
indiventy

Indiventy Technologies




Our Services

Website Designing
Website Development
Desktop Application Development
Mobile Application Development
Graphic Designing
SEO (search Engine Optimiztation)

Plans

| Basic website | Custom websites | Softwares/Applications |
|---|---|---|
| Website + Domain + Hosting; Full Website with uptown 8 Pages; 5 Social Media Handles of Choice up to 4 Branded Emails accounts with 250mb storage each; Full Responsive Design; SEO friendly Structure; 200 Backlinks | Custom Web Solutions with Framework; Full Responsive Design; SEO friendly Structure; Online Branding including logo and Graphic Support; Virus Protection and Malware Scanning; SSL Certificate; 500 backlinks | Android and IOS applications; Desktop Applications; Online Offline Softwares |
| $300 | Starting $500 *Request Custom Quotation | Starting $500 *Request Custom Quotation |

More Information: 775-293-4666

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕਿਹਰ ਸਿੰਘ ਦੀ ਸ਼ਹਾਦਤ

**ਡਾ. ਅਮਰਜੀਤ ਸਿੰਘ**





ਯੂਨਾਨੀ ਮਿਥਿਹਾਸ ਅੰਦਰ ਇਕ ਫੀਨਿਕਸ ਪੰਛੀ ਦਾ ਜ਼ਿਕਰ ਆਉਂਦਾ ਹੈ। ਕਹਿੰਦੇ ਹਨ ਕਿ ਜਦੋਂ ਇਸ ਪੰਛੀ ਦਾ ਅੰਤ ਸਮਾਂ ਆਉਂਦਾ ਹੈ ਤਾਂ ਇਹ ਆਪ ਹੀ ਆਪਣੇ ਖੰਭਾਂ ਨੂੰ ਅੱਗ ਲਾ ਲੈਂਦਾ ਹੈ ਤੇ ਇਵੇਂ ਸੜ ਕੇ ਸੁਆਹ ਹੋ ਜਾਂਦਾ ਹੈ। ਜਦੋਂ ਉਸ ਦੀ ਸੁਆਹ ਨੂੰ ਫਰੋਲਿਆ ਜਾਂਦਾ ਹੈ ਤਾਂ ਉਸ ਵਿਚੋਂ ਇਕ ਅੰਡਾ ਨਿਕਲਦਾ ਹੈ ਜਿਸ ਵਿਚੋਂ ਫੀਨਿਕਸ ਪੰਛੀ ਨਿਕਲ ਕੇ ਅਕਾਸ਼ ਵਿਚ ਉਡਾਰੀ ਮਾਰ ਜਾਂਦਾ ਹੈ। ਇਹ ਕਹਾਣੀ ਤਾਂ ਮਿਥਿਹਾਸਕ ਹੈ ਪਰ ਦੁਨੀਆ ਦੇ ਇਤਿਹਾਸ ਅੰਦਰ ਇਕ ਜਿਊਂਦੀ ਜਾਗਦੀ ਕੌਮ-ਸਿੱਖ ਕੌਮ ਹੈ, ਜਿਸ ਦਾ ਜਨਮ ਹੀ ਖੰਡੇ ਦੀ ਧਾਰ ਤੋਂ ਹੋਇਆ ਹੈ। ਜਿਸ ਸਿੱਖੀ ਸਕੂਲ ਅੰਦਰ ਦਾਖਲੇ ਦੀ ਫੀਸ ਸੀਸ ਭੇਟ ਹੈ, ਭਾਵ ਜ਼ਿੰਦਗੀ ਦੀ ਕੁਰਬਾਨੀ ਦੇ ਸੰਕਲਪ 'ਚੋਂ ਹੀ ਸਿੱਖ ਦੀ ਅਸਲ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। ਵੈਸੇ ਤਾਂ ਵਰ੍ਹੇ ਦਾ ਕੋਈ ਦਿਨ, ਕੋਈ ਪਲ ਐਸਾ ਨਹੀਂ ਹੋਵੇਗਾ, ਜਿਸ ਸਮੇਂ ਕਿਸੇ ਨਾ ਕਿਸੇ ਸਿਘ-ਸਿਘਣੀ ਨੇ ਆਪਣੀ ਕੁਰਬਾਨੀ ਨਾ ਦਿੱਤੀ ਹੋਵੇ ਪਰ ਪਿਛਲੇ ਲਗਭਗ ਢਾਈ ਦਹਾਕਿਆਂ ਦੌਰਾਨ ਤਾਂ ਸੱਚ ਦੀ ਸ਼ਮ੍ਹਾ 'ਤੇ ਕੁਰਬਾਨ ਹੋਣ ਵਾਲੇ ਸਿੱਖ ਪਰਵਾਨਿਆਂ ਦੀ ਨਾ ਮੁੱਕਣ ਵਾਲੀ ਲੰਮੀ ਲਾਈਨ ਹੈ। ਜ਼ੁਲਮ ਕਰਨ ਵਾਲਿਆਂ ਨੇ ਜ਼ੁਲਮ ਦੀ ਅਖੀਰ ਕੀਤੀ ਹੋਈ ਹੈ ਪਰ ਧੰਨ ਹਨ ਗੁਰੂ ਕਲਗੀਧਰ ਦੇ ਲਾਡਲੇ ਸਪੁੱਤਰ-ਸਪੁੱਤਰੀਆਂ, ਜਿਨ੍ਹਾਂ ਨੇ ਕੇਸਰੀ ਨਿਸ਼ਾਨ ਸਾਹਿਬ ਨੂੰ ਉਚਾ ਹੀ ਉਚਾ ਰੱਖਿਆ ਹੋਇਆ ਹੈ। 31 ਅਕਤੂਬਰ, 1984 ਨੂੰ ਭਾਈ ਬੇਅੰਤ ਸਿੰਘ ਨੇ ਸ਼ਹੀਦੀ ਜਾਮ ਪੀਤਾ ਅਤੇ 6 ਜਨਵਰੀ, 1989 ਨੂੰ ਕੌਮ ਦੇ ਮਹਾਨ ਸੂਰਬੀਰਾਂ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੇ ਤਿਹਾੜ ਜੇਲ੍ਹ ਵਿਚ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲੇ ਵਿਚ ਪਾ ਕੇ, ਖਾਲਿਸਤਾਨ ਦੇ ਨਿਸ਼ਾਨੇ ਨੂੰ ਹੋਰ ਵੀ ਪ੍ਰਪੱਕ ਕੀਤਾ।

ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਦੀ ਜੋੜੀ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦੀ ਲੜੀ ਵਿਚ ਪਰੋਈ ਗਈ ਹੈ। ਜੂਨ 1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 37 ਹੋਰ ਇਤਿਹਾਸਕ ਗੁਰਧਾਮਾਂ 'ਤੇ ਟੈਂਕਾਂ-ਤੋਪਾਂ ਨਾਲ ਹਮਲੇ ਨੇ ਸਿੱਖ ਮਾਨਸਿਕਤਾ ਨੂੰ ਬੜਾ ਦੁਖਦਾਈ ਅਨੁਭਵ ਕਰਵਾਇਆ। ਸਿੱਖ ਕੌਮ ਦਾ ਬੱਚਾ-ਬੱਚਾ ਅੱਖਾਂ ਵਿਚੋਂ ਹੰਝੂ ਕੇਰਦਾ, ਇਸ ਸਿੱਖੀ ਅਪਮਾਨ ਦਾ ਬਦਲਾ ਲੈਣ ਦੇ ਰੌਅ ਵਿਚ ਸੀ। 31 ਅਕਤੂਬਰ ਨੂੰ ਗੁਰੂ ਕੇ ਲਾਲਾਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਦਿੱਲੀ ਸਾਮਰਾਜ ਦੀ ਪਟਰਾਣੀ ਇੰਦਰਾ ਗਾਂਧੀ ਨੂੰ ਉਸ ਦਾ ਬਣਦਾ ਹੱਕ ਅਦਾ ਕੀਤਾ। ਇੰਦਰਾ ਗਾਂਧੀ ਨੂੰ ਇਨਸਾਫ ਦੇਣ ਵਾਲੇ ਇਹ ਦੋ ਯੋਧੇ, ਸ਼ਾਂਤ-ਚਿੱਤ ਆਪਣੀ ਥਾਂ 'ਤੇ ਖੜ੍ਹੇ ਰਹੇ, ਗੁਰੂ ਦੀ ਸ਼ੁਕਰਗੁਜ਼ਾਰੀ ਵਿਚ, ਜਿਸ ਨੇ ਕਿ ਉਨ੍ਹਾਂ ਤੋਂ ਮਹਾਨ ਇਤਿਹਾਸਕ ਸੇਵਾ ਲਈ ਸੀ। ਇੰਦਰਾ ਗਾਂਧੀ ਦੇ ਨਾਲ ਜਾ ਰਹੇ ਕਿਸੇ ਨੂੰ ਕੋਈ ਗੋਲੀ ਨਹੀਂ ਲੱਗੀ, ਕਿਸੇ ਹੋਰ ਬੇਗੁਨਾਹ ਨੂੰ ਨਹੀਂ ਮਾਰਿਆ ਗਿਆ। ਇਹ ਸੀ ਸਿੱਖ ਇਨਸਾਫ਼ ਦਾ ਤਰਾਜੂ। ਦੋਨੋਂ ਸਿੰਘਾਂ ਨੂੰ ਕਮਰੇ ਅੰਦਰ ਲਿਜਾ ਕੇ, ਕਿਸੇ ਖਾਸ ਹੁਕਮ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਭਾਈ ਬੇਅੰਤ ਸਿੰਘ ਤਾਂ ਮੌਕੇ 'ਤੇ ਹੀ ਸ਼ਹੀਦੀ ਪਾ ਗਏ ਜਦੋਂਕਿ ਭਾਈ ਸਤਵੰਤ ਸਿੰਘ ਹੋਰਾਂ ਨੂੰ ਡਾਕਟਰਾਂ ਨੇ ਕਾਫੀ ਜੱਦੋਜਹਿਦ ਤੋਂ ਬਾਅਦ ਬਚਾ ਲਿਆ। ਇੱਕ ਗੋਲੀ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿਚ ਅਖੀਰ ਤਕ ਰਹੀ, ਜਿਸ ਨੂੰ ਜਾਣਬੁੱਝ ਕੇ ਨਹੀਂ ਕੱਢਿਆ ਗਿਆ ਤਾਂਕਿ ਉਸ ਦੀ ਪੀੜ ਲਗਾਤਾਰ ਬਣੀ ਰਹੇ।

ਫਿਰ ਇਨਸਾਫ ਦਾ ਜਨਾਜ਼ਾ ਕੱਢਣ ਵਾਲਾ, ਇੰਦਰਾ ਗਾਂਧੀ ਕਤਲ ਕਾਂਡ ਮੁਕੱਦਮਾ ਸ਼ੁਰੂ ਹੋਇਆ। ਬ੍ਰਾਹਮਣ ਸਰਕਾਰ ਨੂੰ ਲੱਗਾ ਕਿ ਸਿਰਫ ਦੋ ਸਧਾਰਨ ਜਿਹੇ ਪੁਲਿਸ ਮੁਲਾਜ਼ਮਾਂ ਦੇ ਹੱਥੋਂ ਮਾਰੇ ਜਾਣ ਨਾਲ ਇੰਦਰਾ ਗਾਂਧੀ ਦੀ 'ਮਹਾਨਤਾ' ਪ੍ਰਗਟ ਨਹੀਂ ਹੁੰਦੀ, ਇਸ ਲਈ ਇਸ ਨੂੰ ਡੂੰਘੀ ਸਾਜ਼ਿਸ਼ ਬਣਾਇਆ ਜਾਵੇ। ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ. ਨੂੰ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਬਜ਼ੁਰਗ ਕਿਹਰ ਸਿੰਘ, ਜੋ ਭਾਈ ਬੇਅੰਤ ਸਿੰਘ ਹੋਰਾਂ ਦੇ ਰਿਸ਼ਤੇਦਾਰ ਸਨ ਤੇ ਦਿੱਲੀ ਪੁਲਿਸ ਦੇ ਇੰਸਪੈਕਟਰ ਬਲਬੀਰ ਸਿੰਘ ਨੂੰ ਵੀ ਸਾਜ਼ਿਸ਼ 'ਚ ਸ਼ਾਮਲ ਕਰਕੇ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਵੀ ਸਜ਼ਾ-ਏ-ਮੌਤ ਸੁਣਾ ਦਿੱਤੀ। ਭਾਈ ਕੇਹਰ ਸਿੰਘ 'ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਭਾਈ ਬੇਅੰਤ ਸਿੰਘ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਉਹ ਦਹਿਸ਼ਤਗਰਦ ਬਣ ਗਿਆ। ਸਾਰੇ ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜਾਂ ਵਲੋਂ ਇੱਕ ਪਾਸੜ ਰੁਝਾਨ ਹੀ ਸੀ। ਸਫਾਈ ਪੱਖ ਦੇ ਵਕੀਲ ਨੂੰ ਉਸ ਵਲੋਂ ਮੰਗੀ ਗਈ ਜਾਣਕਾਰੀ ਕਦੇ ਵੀ ਮੁਹੱਈਆ ਨਹੀਂ ਕੀਤੀ ਗਈ। ਸੁਪਰੀਮ ਕੋਰਟ ਨੇ ਭਾਈ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ ਪਰ ਮੁੜ ਉਸ ਨੂੰ ਨੌਕਰੀ 'ਤੇ ਬਹਾਲ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਦੀ ਪਿਛਲੀ ਬਣਦੀ ਤਨਖਾਹ ਉਸ ਨੂੰ ਦਿੱਤੀ ਗਈ। ਦੁਨੀਆ ਦੇ ਪ੍ਰਮੁੱਖ ਕਾਨੂੰਨਦਾਨਾਂ ਦੀ ਰਾਇ ਸੀ ਕਿ ਭਾਈ ਕਿਹਰ ਸਿੰਘ ਨੂੰ ਫਾਂਸੀ ਬਿਲਕੁਲ ਨਜਾਇਜ਼ ਦਿੱਤੀ ਗਈ ਜਦੋਂ ਕਿ ਉਹਨਾਂ ਦਾ ਇੰਦਰਾ ਗਾਂਧੀ ਦੇ ਕਤਲ ਵਿਚ ਕੋਈ ਹੱਥ ਸਾਬਤ ਨਹੀਂ ਹੁੰਦਾ ਪਰ ਉਹ ਬ੍ਰਾਹਮਣਵਾਦ ਕਾਹਦਾ, ਜੇ ਉਹ ਬੇਗੁਨਾਹਾਂ ਨੂੰ ਫਾਹੇ ਨਾ ਲਾਏ। ਹਜ਼ਾਰਾਂ ਸਿੱਖਾਂ ਦੇ ਖ਼ੂਨ ਵਿੱਚ ਹੱਥ ਰੰਗਣ ਵਾਲੀ ਇੰਦਰਾ ਗਾਂਧੀ, ਬ੍ਰਾਹਮਣਾਂ ਲਈ 'ਦੁਰਗਾ ਮਾਤਾ' ਜੂ ਸੀ ਅਤੇ ਦੁਰਗਾ ਦੇ ਮਰ ਜਾਣ ਬਾਅਦ ਵੀ ਉਹਨੂੰ ਖ਼ੁਸ਼ ਕਰਨ ਲਈ 'ਨਰ ਬਲੀ' ਦੀ ਲੋੜ ਸੀ। ਭਾਈ ਕਿਹਰ ਸਿੰਘ ਨੇ ਕਮਾਲ ਦਾ ਸਿਦਕ, ਸਬਰ ਦਿਖਾਉਂਦਿਆਂ, ਗੁਰੂ ਦਾ ਭਾਣਾ ਸਮਝ ਕੇ ਹੱਸ ਕੇ ਮੌਤ ਨੂੰ ਗਲ ਨਾਲ ਲਾਇਆ।

ਭਾਈ ਸਤਵੰਤ ਸਿੰਘ ਆਪਣੇ ਜੇਲ੍ਹ ਵਿਚ ਬਿਤਾਏ ਸਮੇਂ ਦੌਰਾਨ, ਕੇਸਰੀ ਦਸਤਾਰ ਸਜਾ ਕੇ, ਖਾਲਿਸਤਾਨ ਦੀ ਲਹਿਰ ਦੇ ਥੰਮ੍ਹ ਬਣੇ। ਦਿਨ ਰਾਤ, ਨਾਮ-ਬਾਣੀ ਦਾ ਪ੍ਰਵਾਹ ਤਿਹਾੜ ਜੇਲ੍ਹ ਵਿੱਚ ਆਪ ਨੇ ਚਲਾਇਆ। ਗੁਰੂ ਉਹ ਸਮਾਂ ਲਿਆਵੇ ਜਦੋਂ ਦਿੱਲੀ ਸਰ ਕਰਕੇ ਸਿੰਘ ਤਿਹਾੜ ਜੇਲ੍ਹ ਨੂੰ ਆਪਣੇ ਪਵਿੱਤਰ ਇਤਿਹਾਸਕ ਥਾਂ ਦਾ ਦਰਜਾ ਦੇ ਸਕਣ। ਭਾਈ ਸਤਵੰਤ ਸਿੰਘ ਦਾ ਜ਼ਿਕਰ ਕਰਦਿਆਂ ਅਲੋਕਾਰ ਸੁਹਾਗਣ ਬੀਬੀ ਸੁਰਿੰਦਰ ਕੌਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਦੀ ਮੰਗਣੀ ਭਾਈ ਸਤਵੰਤ ਸਿੰਘ ਨਾਲ ਹੋਈ ਹੋਈ ਸੀ। ਜਦੋਂ ਸੂਰਮਿਆਂ ਨੇ ਇਹ ਇਤਿਹਾਸਕ ਕਾਰਨਾਮਾ ਕਰ ਵਿਖਾਇਆ ਤਾਂ ਮਾਤਾ-ਪਿਤਾ, ਸੱਸ-ਸਹੁਰਾ ਤੇ ਧਾਰਮਿਕ ਸ਼ਖ਼ਸੀਅਤਾਂ ਵਲੋਂ ਮਨ੍ਹਾ ਕਰਨ ਦੇ ਬਾਵਜੂਦ ਬੀਬੀ ਜੀ ਆਪਣੇ ਇਸ ਪ੍ਰਣ 'ਤੇ ਡਟੇ ਰਹੇ ਕਿ ਉਹ ਭਾਈ ਸਤਵੰਤ ਸਿੰਘ ਨੂੰ ਪਤੀ ਮੰਨਦੇ ਹਨ ਅਤੇ ਉਨ੍ਹਾਂ ਦੇ ਨਾਂ 'ਤੇ ਹੀ ਜ਼ਿੰਦਗੀ ਗੁਜ਼ਾਰਨਗੇ। ਜੇਲ੍ਹ ਅਧਿਕਾਰੀਆਂ ਵਲੋਂ ਵਿਆਹ ਦੀ ਆਗਿਆ ਨਾ ਮਿਲਣ 'ਤੇ ਬੀਬੀ ਜੀ ਨੇ ਭਾਈ ਸਤਵੰਤ ਸਿੰਘ ਦੀ ਫੋਟੋ ਨਾਲ ਚਾਰ ਲਾਵਾਂ ਲੈ ਕੇ ਸਿੱਖ ਇਤਿਹਾਸ ਅੰਦਰ 'ਅਲੋਕਾਰ ਸੁਹਾਗਣ' ਹੋਣ ਦਾ ਮਾਣ ਹਾਸਲ ਕੀਤਾ। ਬੀਬੀ ਸੁਰਿੰਦਰ ਕੌਰ ਵੀ ਕੈਂਸਰ ਦੀ ਬਿਮਾਰੀ ਨਾਲ ਜੱਦੋਜਹਿਦ ਕਰਦਿਆਂ ਗੁਰਪੁਰੀ ਸਿਧਾਰ ਚੁੱਕੇ ਹਨ।

ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, 'ਖਾਲਿਸਤਾਨ ਜ਼ਿੰਦਾਬਾਦ' ਦੇ ਅਕਾਸ਼ ਗੂੰਜਾਊ ਨਾਹਰਿਆਂ ਨਾਲ 6 ਜਨਵਰੀ, 1989 ਦੀ ਸਵੇਰ ਨੂੰ ਤਿਹਾੜ ਜੇਲ੍ਹ ਵਿਚਲੇ ਫਾਂਸੀ ਘਰ ਵੱਲ ਵਧੇ। ਉਹਨਾਂ ਦੀ ਦਲੇਰੀ ਤੇ ਨਿਰਭੈਅਤਾ ਦੇਖ ਕੇ ਜੇਲ੍ਹ ਅਧਿਕਾਰੀਆਂ ਨੇ ਮੂੰਹ ਵਿਚ ਉਂਗਲਾਂ ਪਾਈਆਂ। ਭਾਈ ਸਤਵੰਤ ਸਿੰਘ ਨੇ ਆਪਣੇ ਪਿਤਾ ਰਾਹੀਂ ਦਿੱਤੇ ਕੌਮ ਨੂੰ ਸੰਦੇਸ਼ ਵਿੱਚ ਇਹ ਇੱਛਾ ਜ਼ਾਹਿਰ ਕੀਤੀ ਕਿ ਮੈਂ ਮੁੜ ਸਿੱਖਾਂ ਦੇ ਘਰ ਜਨਮ ਲੈ ਕੇ, ਪੰਥ ਦੇ ਵੈਰੀਆਂ ਨੂੰ ਸੋਧਾਂ।ਕਿਸੇ ਅਜਬ ਮਸਤੀ ਵਿਚ ਦੋਨੋਂ ਸਿੰਘ ਗੁਰੂ ਚਰਨਾਂ ਵਿਚ ਜਾ ਬਿਰਾਜੇ। ਦਿੱਲੀ ਦਰਬਾਰ ਨੇ ਗੁਰੂ ਚਰਨਾਂ ਦੇ ਭੌਰਿਆਂ ਦਾ ਆਪ ਹੀ ਸਸਕਾਰ ਕਰਕੇ ਉਨ੍ਹਾਂ ਦੀ ਭਸਮ ਹਰਦਵਾਰ, ਗੰਗਾ ਨਦੀ ਵਿਚ ਪਾਈ ਜਦੋਂ ਕਿ ਰਿਸ਼ਤੇਦਾਰਾਂ ਵਲੋਂ ਕੀਰਤਪੁਰ ਸਾਹਿਬ ਦੀ ਬੇਨਤੀ ਕੀਤੀ ਗਈ ਸੀ। ਇਹਨਾਂ ਯੋਧਿਆਂ ਦੀ ਚਿਤਾ ਦੀ ਸਵਾਹ ਵੀ ਜ਼ਾਲਮ ਸਰਕਾਰ ਨੂੰ ਦੰਦਲਾਂ ਪਾ ਰਹੀ ਸੀ। ਸ਼ਹੀਦ ਭਾਈ ਕੇਹਰ ਸਿੰਘ ਤੇ ਸਤਵੰਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਖਾਲਸਾ ਪੰਥ ਆਪਣੇ ਮਹਾਨ ਸੂਰਬੀਰਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਾ ਹੈ।

"ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਿਆਤ (ਜ਼ਿੰਦਗੀ) ਹੈ,
ਹਿਆਤ ਤੋ ਹਿਆਤ ਹੈ, ਮੌਤ ਭੀ ਹਿਆਤ ਹੈ।"

# ਗੁਰਬਾਣੀ ਤੇ ਮਨੁੱਖ ਦੀ ਆਜ਼ਾਦੀ

**ਪ੍ਰੋ. ਕਿਸ਼ਨ ਸਿੰਘ ਦਿੱਲੀ**

ਜਦੋਂ ਇਕ ਵੇਰ ਹਉਮੈਂ ਵਾਲੀ ਬਣਤਰ ਬਣ ਜਾਵੇ, ਜਿੰਨਾ ਚਿਰ ਨਾਮ, ਮਾਇਆ ਦੇ ਨਿਜ਼ਾਮ ਦੀ ਵਿਰੋਧੀ ਇਨਕਲਾਬੀ ਚੇਤਨਾ ਉਸ ਨੂੰ ਬਦਲ ਨਾ ਦੇਵੇ, ਹਉਮੈਂ ਆਪਣਾ ਜ਼ਾਬਤਾ ਪਾਈ ਰੱਖਦੀ ਹੈ। ਮਨੁੱਖ ਹਉਮੈਂ ਦੇ ਅਧੀਨ ਕੀਤੇ ਕੰਮਾਂ ਤੋਂ ਬਣੇ ਸੁਭਾਅ ਤੇ ਆਦਤਾਂ ਅਨੁਸਾਰ ਖ਼ੁਦਗਰਜ਼ੀ ਵਾਲੀ ਲੀਹੇ ਹੀ ਤੁਰਿਆ ਜਾਂਦਾ ਹੈ। ਉਸ ਦੀ ਜ਼ਿੰਦਗੀ ਦਾ ਸਾਰਾ ਵਿਕਾਸ ਖ਼ੁਦਗਰਜ਼ੀ ਦੇ ਅਧੀਨ ਹੀ ਹੁੰਦਾ ਹੈ। ਉਸ ਦੀ ਕਿਰਤ ਨਾਲ ਮਾਇਆ ਦਾ ਨਿਜ਼ਾਮ ਤੇ ਉਸ ਤੋਂ ਪੈਦਾ ਹੁੰਦੀ ਉਸ ਦੀ ਆਪਣੀ ਗ਼ੁਲਾਮੀ ਹੋਰ ਪੱਕੀ ਹੁੰਦੀ ਹੈ। ਸੋ ਮਾਇਆ ਦੀ ਪਾਈ ਮਨੁੱਖ ਉਤੇ ਗ਼ੁਲਾਮੀ ਦੀ ਛੱਟ ਅਤੇ ਖ਼ੁਦਗਰਜ਼ੀ ਦਾ ਮਨ ਉਤੇ ਪਾਇਆ ਜਾਲ ਇੱਕੋ ਹੀ ਗੱਲ ਹੈ।

ਗੁਰਬਾਣੀ ਸਿਆਸੀ ਸਾਇੰਸ ਨਹੀਂ, ਸ਼ਾਇਰੀ ਹੈ। ਉਹ ਗ਼ੁਲਾਮ ਤੇ ਆਜ਼ਾਦ ਮਨੁੱਖ ਦਾ ਚਿਤਰ, ਮਨੁੱਖ ਦੀ ਗ਼ੁਲਾਮੀ ਤੇ ਉਸ ਦੀ ਆਜ਼ਾਦੀ ਦਾ ਸੰਕਲਪ, ਮਨੁੱਖੀ ਮਨੋਰਥਾਂ, ਉਨ੍ਹਾਂ ਤੋਂ ਉਪਜਦੇ ਕੰਮਾਂ, ਸਮਾਜਿਕ ਰਿਸ਼ਤਿਆਂ, ਸੰਸਥਾਵਾਂ, ਅਮਲੀ ਜ਼ਿੰਦਗੀ ਦੀ ਸ਼ਕਲ ਵਿਚ ਬਤੌਰ ਜ਼ਿੰਦਗੀ ਦੀ ਵਿਉਂਤ ਦੇ ਪੇਸ਼ ਕਰਦੀ ਹੈ, ਉਸ ਸ਼ਕਲ ਵਿਚ ਜਿਸ ਵਿਚ ਕਿ ਉਹ ਅਮਲੀ ਤੌਰ ਉਤੇ ਵਜੂਦ ਵਿਚ ਆ ਕੇ ਵਿਕਾਸ ਕਰਦੇ ਹਨ। ਖ਼ੁਦਗਰਜ਼ ਤੇ ਲਾਲਚੀ ਇਨਸਾਨ-ਮਨਮੁੱਖ, ਗ਼ੁਲਾਮ ਮਨੁੱਖ ਦਾ ਚਿਤਰ ਹੈ। ਸਰਬੱਤ ਦੇ ਪਿਆਰ ਦਾ ਪੁਤਲਾ ਹਉਮੈਂ ਤੋਂ ਪਾਕ, ਮਾਇਆ ਦੇ ਵਿਰੋਧੀ-ਗੁਰਮੁਖ, ਆਜ਼ਾਦ ਮਨੁੱਖ ਦਾ। ਜੋ ਮਨੁੱਖ ਖ਼ੁਦਗਰਜ਼ ਹੈ ਜਾਂ ਗਿਆਨ-ਵਿਹੂਣਾ ਹੋਣ ਕਰਕੇ ਕਿਸੇ ਦੀ ਖ਼ੁਦਗਰਜ਼ੀ ਦਾ ਸ਼ਿਕਾਰ ਹੈ, ਜੋ ਲਾਲਚੀ ਹੈ ਜਾਂ ਕਿਸੇ ਦੇ ਲਾਲਚ ਦਾ ਸ਼ਿਕਾਰ ਹੈ, ਜੋ ਕਿਸੇ ਉਤੇ ਡਰ ਪਾਉਂਦਾ ਹੈ ਜਾਂ ਕਿਸੇ ਦੇ ਡਰ ਤੋਂ ਭੈ-ਭੀਤ ਹੈ, ਜੋ ਆਪ ਕਾਮੀ ਹੈ ਜਾਂ ਕਿਸੇ ਦੇ ਕਾਮ ਦਾ ਸ਼ਿਕਾਰ ਹੈ, ਜੋ ਆਪ ਕ੍ਰੋਧੀ ਹੈ ਜਾਂ ਕਿਸੇ ਦੇ ਕ੍ਰੋਧ ਦਾ ਸ਼ਿਕਾਰ ਹੈ, ਜਿਸ ਦਾ ਮਾਇਆ ਵਾਲੀ ਜ਼ਿੰਦਗੀ ਦੀ ਵਿਉਂਤ ਨਾਲ ਮੋਹ ਹੈ ਜਾਂ ਕਿਸੇ ਦੇ ਐਸੇ ਮੋਹ ਦਾ ਸ਼ਿਕਾਰ ਹੈ, ਜੋ ਆਪ ਹੰਕਾਰੀ ਹੈ ਜਾਂ ਕਿਸੇ ਦੇ ਹੰਕਾਰ ਦਾ ਸ਼ਿਕਾਰ ਹੈ, ਉਹ ਗ਼ੁਲਾਮ ਹੈ। ਜੋ ਇਨ੍ਹਾਂ ਤੋਂ ਪਾਕ ਹੈ, ਸਰਬੱਤ ਦੇ ਪਿਆਰ ਦਾ ਵਜੂਦ ਹੈ, ਉਹ ਆਜ਼ਾਦ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥ (ਮ: 9)

ਮਾਇਆ ਦੀ ਸੱਭਿਅਤਾ ਦਾ ਜਿਸ ਪੱਧਰ, ਜਿਸ ਪਹਿਲੂ, ਜਿਸ ਸ਼ਕਲ ਵਿਚ ਜਿਹੜਾ ਵੀ ਕੰਮ ਹੋਵੇਗਾ, ਜਿਹੜਾ ਵੀ ਉਸਨੂੰ ਕਰੇਗਾ, ਜਿਨ੍ਹਾਂ ਵੀ ਕਰੇਗਾ, ਉਹ ਮਨੁੱਖ ਦੀ ਗ਼ੁਲਾਮੀ ਨੂੰ ਹੋਰ ਡੂੰਘਾ ਕਰੇਗਾ। ਹਉਮੈਂ, ਖ਼ੁਦਗਰਜ਼ੀ, ਲਾਲਚ ਆਦਿ ਮਨੋਰਥਾਂ ਨੂੰ, ਪੈਸੇ ਦੀ ਸਰਦਾਰੀ ਵਾਲਾ ਨਿਜ਼ਾਮ ਜਨਮ ਦੇਂਦਾ ਹੈ। ਇਨ੍ਹਾਂ ਮਨੋਰਥਾਂ ਦੇ ਅਧੀਨ ਕੀਤੇ ਕੰਮ ਕਿਸ ਵਾਸਤੇ ਮਨੁੱਖ ਦੀ ਗ਼ੁਲਾਮੀ ਨੂੰ ਹੋਰ ਪੱਕਿਆਂ ਕਰਦੇ ਹਨ? ਇਸ ਲਈ ਕਿਉਂਕਿ ਇਨ੍ਹਾਂ ਮਨੋਰਥਾਂ ਦੇ ਆਧਾਰ ਉਤੇ ਮਾਇਆ ਦੀ ਸੱਭਿਅਤਾ ਚੱਲਦੀ ਹੈ। ਸਮਾਜ ਵਿਚ ਪੈਸੇ ਤੇ ਜਾਇਦਾਦ ਦੀ ਸਰਦਾਰੀ ਬਰਕਰਾਰ ਰਹਿੰਦੀ ਹੈ। ਇਹ ਮਨੋਰਥ ਸਮਾਜਿਕ ਮਨੁੱਖੀ ਕਰਮ ਵਿਚ ਪ੍ਰਵੇਸ਼ ਨਾ ਕਰਨ ਤਾਂ ਜਾਇਦਾਦ ਦੀ ਸਰਦਾਰੀ ਰਹਿ ਨਹੀਂ ਸਕਦੀ। ਮਾਇਆ ਦੀ ਸਭਿਅਤਾ ਖੜੋ ਨਹੀਂ ਸਕਦੀ। ਇਸ ਵਾਸਤੇ ਹੀ ਗੁਰਬਾਣੀ ਇਨ੍ਹਾਂ ਮਨੋਰਥਾਂ ਨੂੰ ਹਉਮੈਂ ਤੇ ਮਾਇਆ ਕਰਾਰ ਦੇਂਦੀ ਹੈ ਅਤੇ ਮਾਇਆ ਦੇ ਨਿਜ਼ਾਮ ਦੇ ਸਾਰੇ ਕੰਮਾਂ ਨੂੰ ਧੰਧਾ ਦੱਸਦੀ ਹੈ। ਉਸ ਵਿਚ ਫਸਣੋਂ ਮਨੁੱਖ ਨੂੰ ਰੋਕਦੀ ਹੈ। ਮਨੁੱਖ ਨੂੰ ਉਸ ਦੀ ਸਫਲਤਾ ਦਾ ਰਾਹ ਸਤਿਗੁਰੂ ਦੀ ਸੇਵਾ, ਮਾਇਆ ਦੇ ਨਿਜ਼ਾਮ ਦੇ ਵਿਰੁੱਧ ;ਇਨਕਲਾਬ ਲਿਆਉਣ ਵਿਚ ਦੱਸਦੀ ਹੈ। ਉਹ ਮਨੁੱਖੀ ਸੱਭਿਅਤਾ ਦੀ ਉਸਾਰੀ ਨੂੰ ਨਹੀਂ ਰੋਕਦੀ। ਸਿਰਫ਼ ਮਾਇਆ ਦੀ ਸੱਭਿਅਤਾ ਜੋ ਕਿ ਮਨੁੱਖ ਨੂੰ ਗ਼ੁਲਾਮ ਬਣਾਉਂਦੀ ਹੈ, ਉਸ ਨੂੰ ਖ਼ਤਮ ਕਰਾਉਂਦੀ ਹੈ। ਮਨੁੱਖ ਦੀ ਗ਼ੁਲਾਮੀ, ਸਮਾਜਿਕ ਮਨੁੱਖੀ ਜ਼ਿੰਦਗੀ ਵਿਚ ਵਹਿਸ਼ਤ ਦੇ ਦੁੱਖ ਤੇ ਪ੍ਰਵੇਸ਼ ਦਾ ਦੂਜਾ ਨਾਂ ਹੈ ਅਤੇ ਆਜ਼ਾਦੀ, ਮਨੁੱਖ ਦੀ ਮਨੁੱਖਤਾ, ਸੰਪੂਰਨਤਾ ਤੇ ਉਸ ਦੇ ਸੁਖ ਦਾ ਨਾਂਅ।

ਸਭਿਅਤਾ ਮਾਇਆ ਦੀ ਹੋਵੇ ਜਾਂ ਸਰਬੱਤ ਦੇ ਪਿਆਰ ਉਤੇ ਆਧਾਰਿਤ, ਸਰਬੱਤ ਦੀ ਆਜ਼ਾਦੀ ਵਾਲੀ, ਚੱਲ ਉਹ ਤਾਂ ਹੀ ਸਕਦੀ ਹੈ ਜੇ ਉਸ ਦੇ ਸਭ ਪਖ-ਨੀਂਹ ਤੇ ਉਸਾਰੂ ਦੇ ਸਭ ਪਹਿਲੂ, ਪੂਰੇ ਹੋਣ-ਉਹ ਆਪਣੇ ਪੂਰੇ ਵਜੂਦ, ਪੂਰੇ ਫੇਰ ਵਿਚ ਹੋਵੇ। ਮਾਇਆ ਦੀ ਸੱਭਿਅਤਾ ਦੇ ਵੀ ਸਮਾਜਿਕ ਮਨੁੱਖੀ ਰਿਸ਼ਤੇ, ਸੰਸਥਾਵਾਂ, ਚੇਤਨਾ ਹੁੰਦੀ ਹੈ। ਕਿਉਂਕਿ ਇਹ ਮਾਇਆ ਦੀ ਸੱਭਿਅਤਾ ਦੇ ਹੁੰਦੇ ਹਨ, ਇਨ੍ਹਾਂ ਦਾ ਅਸਲਾ ਪੈਸੇ ਦੀ ਸਰਦਾਰੀ ਹੁੰਦਾ ਹੈ। ਇਹ ਹਉਮੈਂ, ਨਿਰਦਈ ਪੁਣੇ, ਖ਼ੁਦਗਰਜ਼ੀ 'ਤੇ ਆਧਾਰਿਤ ਹੁੰਦੇ ਹਨ, ਚੂੰਕਿ ਹਉਮੈਂ ਉਤੇ ਆਧਾਰਿਤ ਹੁੰਦੇ ਹਨ, ਪੈਸੇ ਦੀ ਸਰਦਾਰੀ ਪ੍ਰਗਟ ਕਰਦੇ ਹਨ ਇਸ ਵਾਸਤੇ ਜਿੰਨਾਂ ਵੀ ਮਨੁੱਖ ਇਨ੍ਹਾਂ ਵਿਚ ਉਲਝਦਾ, ਗ਼ਲਤਾਨ ਹੁੰਦਾ ਹੈ, ਉਹ ਇਨ੍ਹਾਂ ਨੂੰ ਹੀ ਹੋਰ ਮਜ਼ਬੂਤ ਬਣਾਉਂਦਾ ਹੈ। ਇਨ੍ਹਾਂ ਨੂੰ ਮਜ਼ਬੂਤ ਬਣਾ ਕੇ ਆਪਣੀ ਗ਼ੁਲਾਮੀ ਨੂੰ ਹੋਰ ਕਰੜੀ ਕਰਦਾ ਹੈ। ਜੇ ਮਨੁੱਖ ਮਾਇਆ ਦੇ ਨਿਜ਼ਾਮ ਦੀ ਘਰੋਗੀ ਜ਼ਿੰਦਗੀ ਵਿਚ ਮੋਹ ਪਾਉਂਦਾ ਹੈ, ਪਤਨੀ ਪੁੱਤਰ ਨਾਲ ਚੰਬੜਦਾ ਹੈ, ਤਾਂ ਇਹ ਮਾਇਆ ਦਾ ਮੋਹ ਹੈ। ਉਹ ਹਉਮੈਂ ਹੋਰ ਪੱਕੀ ਕਰਦਾ ਹੈ। ਨਾਮ ਤੋਂ ਬਗ਼ੈਰ ਜੇ ਉਹ ਬ੍ਰਾਹਮਣ, ਕਾਜ਼ੀ, ਜੋਗੀ, ਸਨਿਆਸੀ ਆਦਿ ਕਿਸੇ ਹੋਰ ਮਜ਼ਹਬੀ ਸੰਸਥਾ ਨੂੰ ਰਹਿਬਰ ਮੰਨਦਾ ਜਾਂ ਕਿਸੇ ਹੋਰ ਵਿਚਾਰਧਾਰਾ ਦਾ ਅਨੁਸਾਰੀ ਹੁੰਦਾ ਹੈ, ਜਾਂ ਪ੍ਰਚਲਿਤ ਨਿਜ਼ਾਮ ਦਾ ਸਦਾਚਾਰ ਗ੍ਰਹਿਣ ਕਰਦਾ ਹੈ, ਇਸ ਦੇ ਚੰਗੇ ਮਾੜੇ ਦੀ ਤਮੀਜ਼ ਮਗਰ ਜਾਂਦਾ ਹੈ, ਜਾਂ ਇਸ ਦੀ ਦਿੱਤੀ ਵਿਦਿਆ ਪ੍ਰਾਪਤ ਕਰਦਾ ਹੈ ਤਾਂ ਵੀ ਉਹ ਮਾਇਆ ਦਾ ਬੰਧਨ ਹੀ ਮਜ਼ਬੂਤ ਕਰਦਾ ਹੈ। ਜੇ ਉਹ ਇਸ ਨਿਜ਼ਾਮ ਦੇ ਰਸਮੋ ਰਿਵਾਜ ਦਾ ਤੋਰਿਆ ਤੁਰਦਾ ਹੈ ਤਾਂ ਵੀ ਉਹ ਹਉਮੈਂ ਨੂੰ ਹੀ ਪੱਠੇ ਪਾਉਂਦਾ ਹੈ। ਜੇ ਉਹ ਇਸ ਸੱਭਿਅਤਾ ਦੇ ਰਾਜ ਪ੍ਰਬੰਧ ਦਾ ਪੁਰਜ਼ਾ ਜਾਂ ਅੰਗ ਹੈ ਜਾਂ ਐਸੇ ਰਾਜ ਦੇ ਅਧੀਨ ਰਈਅਤ ਹੈ, ਤਾਂ ਵੀ ਉਹ ਹਉਮੈਂ ਤੇ ਪੈਸੇ ਦੀ ਸਰਦਾਰੀ ਨੂੰ ਹੀ ਪਾਣੀ ਦੇਂਦਾ ਹੈ। ਗੱਲ ਕੀ ਮਨੁੱਖ ਇਸ ਨਿਜ਼ਾਮ ਦੇ ਕਿਸੇ ਪਹਿਲੂ ਵਿਚ, ਕਿਸੇ ਤਰ੍ਹਾਂ ਵੀ ਉਸ ਦੇ ਅਨੁਸਾਰੀ ਹਰਕਤ ਵਿਚ ਆਵੇ, ਉਹ ਆਪਣੀ ਗ਼ੁਲਾਮੀ ਦੇ ਹੀ ਰੱਸੇ ਵੱਟਦਾ ਹੈ। ਜਦੋਂ ਗੁਰਬਾਣੀ ਇਸ ਸੱਭਿਅਤਾ ਦੇ ਹਰ ਪੱਖ ਦਾ, ਇਸ ਸਾਰੀ ਦੀ ਸਾਰੀ ਵਿਸਥਾਰ ਰੂਪ ਕਿਰੀਟੀਕ ਦੇਂਦੀ ਹੈ, ਇਸ ਦੀ ਹਰ ਚੀਜ਼, ਇਸ ਦੀ ਹਰ ਹਰਕਤ ਨੂੰ ਮਾਇਆ ਦਾ ਬੰਧਨ ਤੇ ਹਉਮੈਂ ਦੱਸਦੀ ਹੈ ਅਤੇ ਇਸ ਤੋਂ ਮਨੁੱਖ ਨੂੰ ਆਗਾਹ ਕਰਦੀ, ਇਸ ਵਿਚ ਗ਼ਲਤਾਨ ਹੋਣੋਂ ਰੋਕਦੀ ਹੈ ਤਾਂ ਉਹ ਇਕ ਤਾਂ ਇਸ ਸੱਭਿਅਤਾ ਤੇ ਇਸ ਵਿਚਲੇ ਮਨੁੱਖ ਬਾਬਤ ਸਾਇੰਟਿਫ਼ਿਕ ਸੱਚ ਬਿਆਨ ਕਰਦੀ ਹੈ ਅਤੇ ਦੂਜੇ ਇਸ ਬਿਆਨ ਨਾਲ ਮਾਇਆ ਦੇ ਵਿਰੁੱਧ ਇਨਕਲਾਬੀ ਚੇਤਨਾ ਦੀ ਪਾਠਕ ਦੇ ਦਿਲ ਦਿਮਾਗ਼ ਨੂੰ ਰੀਹਰਸਲ ਕਰਾਉਂਦੀ ਹੈ ਅਤੇ ਦਿੱਤੀ ਚੇਤਨਾ ਨੂੰ ਅਮਲ ਵਿਚ ਲਿਆਉਣ ਲਈ ਬਜ਼ਿੱਦ ਹੋ ਕੇ ਮਾਇਆ ਦੀ ਸਰਦਾਰੀ ਦੇ ਵਿਰੁੱਧ ਇਨਕਲਾਬ ਦੇ ਰਾਹ ਪਾਉਂਦੀ ਹੈ। ਪ੍ਰਚਲਿਤ ਸੱਭਿਅਤਾ ਦੀ ਹਰ ਚੀਜ਼ ਨੂੰ ਮਾਇਆ ਕਰਾਰ ਦੇਣ ਦਾ ਮਤਲਬ ਇਹ ਨਹੀਂ ਕਿ ਮਨੁੱਖ ਦੀ ਜ਼ਿੰਦਗੀ ਹੀ ਖ਼ਤਮ ਕਰ ਦੇਣੀ ਹੈ ਜਾਂ ਉਸ ਦਾ ਸੱਭਿਅਤਾ ਰਾਹੀਂ ਵਿਕਾਸ ਹੀ ਨਹੀਂ ਹੋਣ ਦੇਣਾ। ਮਤਲਬ ਹੈ ਕਿ ਜ਼ਿੰਦਗੀ ਦਾ ਪ੍ਰਚਲਿਤ ਪੈਟਰਨ ਰੋਗੀ ਹੈ। ਇਸ ਸਾਰੇ ਨੂੰ ਖ਼ਤਮ ਕਰਕੇ ਸਰਬੱਤ ਦੇ ਪਿਆਰ ਉਤੇ ਆਧਾਰਿਤ ਪੈਟਰਨ ਰਾਇਜ ਕਰਨਾ ਹੈ।

ਜਿਸ ਜ਼ਿੰਦਗੀ ਦੀ ਵਿਉਂਤ ਨੂੰ ਗੁਰਬਾਣੀ ਮਨੁੱਖ ਦੀ ਗ਼ੁਲਾਮੀ ਕਰਕੇ ਬਿਆਨ ਕਰਦੀ ਹੈ, ਸਾਡੀ ਬੋਲੀ ਵਿਚ ਉਸ ਦੀ ਅਸਲੀ ਕਰਤੂਤ ਕੀ ਹੈ? ਉਸ ਦੀ ਬਣਾਈ ਮਨੁੱਖੀ ਜ਼ਿੰਦਗੀ ਦਾ ਹੁਲੀਆ ਕੀ ਹੈ? ਪੈਸੇ ਦੀ ਗ਼ੁਲਾਮੀ ਦਾ ਅਮਲੀ ਕਰਤੱਵ ਕੀ ਹੈ? ਉਸ ਨੇ ਕੜ੍ਹੀ ਕੀ ਘੋਲੀ ਹੋਈ ਹੈ? ਸਮਾਜ ਵਿਚ ਪੈਸੇ ਤੇ ਜਾਇਦਾਦ ਦੀ ਸਰਦਾਰੀ ਗ਼ੁਲਾਮ ਤਾਂ ਸਾਰੇ ਮਨੁੱਖਾਂ ਨੂੰ ਬਣਾਉਂਦੀ ਹੈ ਪਰ ਇਹ ਗ਼ੁਲਾਮ ਦੋ ਕਿਸਮ ਦੇ ਹੁੰਦੇ ਹਨ। ਮਾਇਆ ਦੀ ਸੱਭਿਅਤਾ, ਸਮਾਜ ਵਿਚ "ਟੋਏ ਟਿੱਬੇ" ਬਣਾ ਧਰਦੀ ਹੈ, ਉਸ ਨੂੰ ਦੋ ਵਿਰੋਧੀ ਜਮਾਤਾਂ ਵਿਚ ਵੰਡ ਦੇਂਦੀ ਹੈ। ਇਕ ਪਾਸੇ 'ਸ਼ੀਹਾਂ'-ਉਨ੍ਹਾਂ ਦਾ ਅਮਲਾ-ਫੈਲਾ ਤੇ ਮਾਇਆਧਾਰੀ ਅਤੇ ਦੂਜੇ ਪਾਸੇ ਗਿਆਨ-ਵਿਹੂਣਾ ਵੱਗ-ਰਈਅਤ। ਬਤੌਰ ਮਨੁੱਖ ਤਾਂ 'ਸ਼ੀਹਾਂ' ਵੀ ਗ਼ੁਲਾਮ ਹੁੰਦੇ ਹਨ ਪਰ ਰਈਅਤ ਇਨ੍ਹਾਂ ਗ਼ੁਲਾਮਾਂ ਦੀ ਅੱਗੋਂ ਗ਼ੁਲਾਮ ਹੁੰਦੀ ਹੈ। ਸੱਭਿਅਤਾ ਤੇ ਉਸ ਵਿਚਲੇ ਮਨੁੱਖ ਦੀ ਕਿਸਮ ਅੰਤ ਸੱਭਿਅਤਾ ਦੇ ਕੰਮ ਦੀ ਕਿਸਮ ਉਤੇ ਆਧਾਰਿਤ ਹੁੰਦੇ ਹਨ। ਪੈਸੇ ਦੀ ਸਰਦਾਰੀ ਸੱਭਿਅਤਾ ਤੇ ਸਮਾਜ ਦੇ ਕੰਮ ਨੂੰ ਕੰਮ, ਮਨੁੱਖੀ ਕੰਮ ਨਹੀਂ ਰਹਿਣ ਦੇਂਦੀ, ਗ਼ੁਲਾਮ ਬਣਾ ਧਰਦੀ ਹੈ। ਗ਼ੁਲਾਮ (ਵਗਾਰ) ਕਰਦੇ ਮਨੁੱਖ ਕੁਦਰਤੀ ਗ਼ੁਲਾਮ ਹੋ ਜਾਂਦੇ ਹਨ। ਗਿਆਨ-ਵਿਹੂਣੀ ਰੱਈਅਤ ਦਾ ਕੰਮ ਤਾਂ ਸਿੱਧਾ ਹੈ ਹੀ ਗ਼ੁਲੱਮ ਹੈ। ਰਈਅਤ ਦੇ ਲੋਕ ਤਾਂ ਗੋਲੇ ਹੋਕੇ ਗ਼ੁਲੱਮ ਕਰਦੇ ਹਨ। ਸਰੀਰ ਹੱਡ-ਭੰਨ ਕੰਮ ਵਿਚ ਘਸਾਉਂਦੇ ਹਨ ਪਰ ਆਪਣੀ ਕੀਤੀ ਕਮਾਈ ਨਾਲੋਂ ਵਿਜੋਗੇ ਜਾਂਦੇ ਹਨ। ਕਮਾਉਂਦੇ ਇਹ ਹਨ ਪਰ ਲੈ ਕੋਈ ਹੋਰ ਜਾਂਦੇ ਹਨ। ਸਾਰੀ ਉਮਰ ਇਨ੍ਹਾਂ ਦੀ ਦੁਨੀਆਂ ਓਜਰੀ (ਢਿੱਡ) ਭਰਨ ਦੇ ਆਹਰ ਤਕ ਹੀ ਮਹਿਦੂਦ ਰਹਿੰਦੀ ਹੈ ਅਤੇ ਸੁਆਦ ਨਾਲ ਭਰਦੀ ਉਹ ਫੇਰ ਵੀ ਨਹੀਂ। ਪੂਰੀਆਂ ਇਨ੍ਹਾਂ ਦੀਆਂ ਸਰੀਰਿਕ ਲੋੜਾਂ ਫੇਰ ਵੀ ਨਹੀਂ ਹੁੰਦੀਆਂ। ਪਸ਼ੂਆਂ ਨੂੰ ਵੀ ਇਕ ਵੇਲੇ ਢਿੱਡ ਭਰ ਕੇ ਮਿਲ ਜਾਂਦਾ ਹੈ। ਕੋਈ ਧੁਪਿਓਂ ਛਾਵੇਂ ਹੀ ਕਰ ਦੇਂਦਾ ਹੈ। ਇਨ੍ਹਾਂ ਨੂੰ ਪਸ਼ੂ ਦੀ ਪੱਧਰ ਉਤੇ ਵੀ ਸੁਖੀ ਤੇ ਸੰਤੁਸ਼ਟ ਹੋਣ ਦਾ ਹੱਕ ਹਾਸਿਲ ਨਹੀਂ ਹੁੰਦਾ।

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹ ਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥(ਮ: 1)

ਇਨ੍ਹਾਂ ਦੀ ਜ਼ਿੰਦਗੀ ਮਨੁੱਖੀ ਪੱਧਰ ਉਤੇ ਕਦੀ ਆਉਂਦੀ ਹੀ ਨਹੀਂ। ਇਸ ਪੱਧਰ ਦੀਆਂ ਲੋੜਾਂ ਦੀ ਭਰਮਾਰ ਦਾ ਇਨ੍ਹਾਂ ਨੂੰ ਅਹਿਸਾਸ ਹੀ ਨਹੀਂ ਹੁੰਦਾ। ਕੁਦਰਤ ਨੇ ਇਨ੍ਹਾਂ ਨੂੰ ਵੀ ਮਨੁੱਖੀ ਸ਼ਕਤੀਆਂ ਦਿੱਤੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਵਿਕਾਸ ਨਾਲ ਇਨ੍ਹਾਂ ਦੀ ਜ਼ਿੰਦਗੀ ਮਨੁੱਖੀ ਪੱਧਰ ਉੱਤੇ ਆਉਣੀ ਹੁੰਦੀ ਹੈ। ਇਨ੍ਹਾਂ ਦੀਆਂ ਉਨ੍ਹਾਂ ਸ਼ਕਤੀਆਂ ਨੂੰ ਜਾਗਣ ਦਾ ਅਵਸਰ ਹੀ ਨਹੀਂ ਮਿਲਦਾ। ਉਹ ਘੂਕ ਸੁੱਤੀਆਂ ਸੁੱਤੀਆਂ ਹੀ ਮਰ ਜਾਂਦੀਆਂ ਹਨ। ਇਨ੍ਹਾਂ ਨੂੰ ਸਮਾਜ ਵਸੀਲੇ ਹੀ ਨਹੀਂ ਦੇਂਦਾ ਕਿ ਉਹ ਇਨ੍ਹਾਂ ਦੀ ਹੋਂਦ ਤੋਂ ਜਾਣੂ ਵੀ ਹੋ ਸਕਣ। ਇਨ੍ਹਾਂ ਨੂੰ ਸਾਰੀ ਉਮਰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਮਨੁੱਖੀ ਕੰਮ, ਆਜ਼ਾਦ ਮਨੁੱਖ ਦਾ ਕੰਮ, ਆਪਣੀ ਮਰਜ਼ੀ ਦਾ ਕੰਮ ਹੁੰਦਾ ਹੈ। ਅੰਦਰਲੇ ਮਨੁੱਖੀ ਅਸਲੇ ਦਾ ਇਜ਼ਹਾਰ ਹੁੰਦਾ ਹੈ, ਮਨੁੱਖਤਾ ਉਸਾਰਦਾ ਹੈ; ਕਰਨ ਵਾਲੇ ਨੂੰ ਵੀ ਤੇ ਹੋਰਨਾਂ ਨੂੰ ਵੀ ਸੰਪੂਰਨਤਾ ਤੇ ਸਫਲਤਾ ਦੇਂਦਾ ਹੈ; ਹੱਡਾਂ ਦਾ ਭੰਨ ਨਹੀਂ ਹੁੰਦਾ।

ਬਾਕੀ ਸਫ਼ਾ 28 'ਤੇ

# ਸਿੱਖ ਕੌਮ ਦੇ ਝਰੋਖੇ 'ਚੋਂ ਨਵਾਂ ਸਾਲ

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ**




ਹਰ ਸਾਲ ਰਵਾਇਤ ਵਾਂਗ, ਬੀਤੇ ਵਰ੍ਹੇ ਨੂੰ 'ਅਲਵਿਦਾ' ਕਹਿਣ ਤੇ ਨਵੇਂ ਵਰ੍ਹੇ ਨੂੰ 'ਜੀ ਆਇਆਂ ਨੂੰ' ਕਹਿਣ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਅੱਜਕਲ੍ਹ ਗਰੀਟਿੰਗ ਕਾਰਡਾਂ ਦੀ ਥਾਂ ਈ-ਮੇਲ ਗਰੀਟਿੰਗ ਕਾਰਡਾਂ ਨੇ ਲੈ ਲਈ ਹੈ।ਬਹੁਤ ਸਾਰੇ ਲੋਕ ਤਾਂ ਸੋਸ਼ਲ ਨੈੱਟਵਰਕਿੰਗ ਸਾਈਟਾਂ ਜਿਵੇਂ ਫੇਸਬੁੱਕ, ਟਵਿੱਟਰ ਆਦਿ ਰਾਹੀਂ ਹੀ ਸ਼ੁੱਭ ਇੱਛਾਵਾਂ ਦਾ ਆਦਾਨ-ਪ੍ਰਦਾਨ ਕਰਨ ਲੱਗ ਪਏ ਹਨ। ਇੱਕ ਮਸ਼ੀਨੀ ਯੁੱਗ ਦੇ 'ਮਸ਼ੀਨੀ ਮਨੁੱਖ' ਤੋਂ, 'ਦਿਲਾਂ ਦੀ ਧੜਕਣ' ਤੇ 'ਜਜ਼ਬਿਆਂ ਦੀ ਸਾਂਝ' ਦੀ ਤਵੱਕੋ ਕਰਨਾ ਵੀ ਅਲਾਦੀਨ ਦਾ ਚਿਰਾਗ ਮੰਗਣ ਵਾਲੀ ਗੱਲ ਹੀ ਹੋ ਗਈ ਹੈ। ਮਾਂ-ਪਿਓ, ਭੈਣ-ਭਰਾ, ਭਰਾ-ਭਰਾ, ਮਿੱਤਰ-ਸੱਜਣ ਰਿਸ਼ਤੇਦਾਰੀਆਂ ਆਦਿ ਦੇ ਦਿਲਾਂ ਨੂੰ ਧੂਹ ਪਾਉਣ ਵਾਲੇ ਰਿਸ਼ਤੇ ਵੀ ਤਿੜਕਦੇ-ਤਿੜਕਦੇ, 'ਹੈਪੀ ਨੀਊ ਈਅਰ' ਦੇ ਗਰੀਟਿੰਗ ਕਾਰਡ ਦੀ ਵਲਗਣ ਵਿੱਚ ਹੀ ਸਮਾ ਚੁੱਕੇ ਹਨ। ਦਿਲਾਂ ਦੇ ਖੇੜੇ, ਚਿਹਰਿਆਂ ਦੀ ਚਮਕ, ਰੂਹ ਦੀ ਸ਼ਾਂਤੀ ਆਦਿ 'ਬੀਤੇ ਪਿਛੜੇ ਯੁੱਗ' ਦੀਆਂ ਗੱਲਾਂ ਹੋ ਗਈਆਂ ਹਨ। ਹੁਣ ਤਾਂ 'ਭੱਜ ਲਓ-ਦੌੜ ਲਓ', 'ਉਹ ਅੱਗੇ ਲੰਘ ਗਿਆ,' 'ਜ਼ਮਾਨਾ ਬਹੁਤ ਐਡਵਾਂਸ ਹੈ-ਅਸੀਂ ਵੀ ਪੁਰਾਤਨਤਾ ਦਾ ਚੋਲਾ ਲਾਹੀਏ', 'ਟਾਈਮ ਕੀਹਦੇ ਕੋਲ ਹੈ' ਆਦਿ ਦੇ ਹਾਈ-ਟੈੱਕ ਨਾਹਰੇ ਹੀ ਫਿਜ਼ਾ ਵਿੱਚ ਗੂੰਜਦੇ ਸੁਣਾਈ ਦਿੰਦੇ ਹਨ। ਕਿਤੇ ਕਿਤੇ ਦੀਨ-ਵਿਚਾਰਗੀ ਵਿੱਚ ਵਿਚਰਦੇ ਵੈਰਾਗੀ ਚਿਹਰਿਆਂ ਦੀ ਗੁਣਗੁਣਾਹਟ ਜ਼ਰੂਰੀ ਸੁਣਾਈ ਦਿੰਦੀ ਹੈ - 'ਕਿਸ ਪੈ ਖੋਲਹੁੰ ਗੰਠੜੀ, ਦੂਖੀ ਭਰ ਆਇਆ।'

ਅਸੀਂ ਤਾਂ ਨਵੇਂ ਸਾਲ ਦੀ 'ਖੁਸ਼ੀ' ਮੌਕੇ, ਉਦਾਸੀਆਂ ਦੀ ਪੰਡ ਖੋਲ੍ਹ ਬੈਠੇ ਹਾਂ। ਬਹੁਤਿਆਂ ਲਈ ਤਾਂ ਇਹ ਸਮਾਂ 'ਫਨ ਕਰਨ' ਤੋਂ ਵੱਧ ਕੋਈ ਅਹਿਮੀਅਤ ਨਹੀਂ ਰੱਖਦਾ। ਫੇਰ 'ਬੇਘਰੀ ਕੌਮ' ਦੀ ਨੁਮਾਇੰਦਗੀ ਕਰਨ ਵਾਲੇ 'ਬੇ-ਸਿਰਨਾਵੇਂ' ਇਨਸਾਨਾਂ ਦੀ ਔਕਾਤ ਵੀ ਕੀ ਹੈ, ਜਿਨਾਂ ਨੂੰ 'ਰੰਗ 'ਚ ਭੰਗ ਪਾਉਣ' ਦੀ ਐਵੇਂ ਵਾਦੀ ਜਿਹੀ ਪਈ ਹੋਈ ਹੈ। ਪਰ ਇਸ ਮਾਹੌਲ ਦੀ ਬਣਾਉਟੀ ਚਮਕ-ਦਮਕ ਦੇ ਅਡੰਬਰ ਵਿੱਚ ਵੀ, ਤਾਂ ਕਿਸੇ ਨੇ ਖਰੀਆਂ-ਖਰੀਆਂ ਸੁਣਾਉਣੀਆਂ ਹੀ ਹਨ। ਕਿਸੇ ਐਸੇ ਮਾਹੌਲ ਦੇ ਸਾਹਵੇਂ ਹੀ ਬੁੱਲ੍ਹੇ ਸ਼ਾਹ ਨੇ ਕਿਹਾ ਹੋਵੇਗਾ -

'ਸੱਚ ਬੋਲਾਂ ਤਾਂ ਭਾਂਬੜ ਮੱਚਦਾ ਏ।
ਝੂਠ ਬੋਲਾਂ ਤਾਂ ਕੁਝ ਬਚਦਾ ਏ!
ਜੀਅ ਦੋਹਾਂ ਗੱਲਾਂ ਤੋਂ ਜਕਦਾ ਏ।
ਜਚ-ਜਚ ਕੇ ਜਿਹਵਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।'

30 ਮਿਲੀਅਨ ਸਿੱਖ ਕੌਮ, ਜਿਸ ਦਾ ਸਿੱਖ ਧਰਮ, ਦੁਨੀਆ ਦਾ ਸਭ ਤੋਂ ਵੱਡਾ 'ਪੰਜਵਾਂ ਧਰਮ' ਹੈ - ਵਰ੍ਹਾ 2018 ਦੀ 'ਗੁਲਾਮੀ' ਚੋਂ ਵਰ੍ਹਾ 2019 ਦੀ ਗੁਲਾਮੀ ਵਿੱਚ ਪ੍ਰਵੇਸ਼ ਕਰ ਰਹੀ ਹੈ। ਸੰਸਾਰ ਪੱਧਰ 'ਤੇ ਅੱਡ-ਅੱਡ ਚੈਲੰਜਾਂ ਦਾ ਬੜੀ ਬਹਾਦਰੀ ਨਾਲ ਟਾਕਰਾ ਕਰਨ ਦੇ ਬਾਵਜੂਦ, ਆਪਣੇ 'ਹੋਮਲੈਂਡ' ਵਿੱਚ ਹਾਲਤ, ਦਿਨ ਪ੍ਰਤੀ ਦਿਨ ਨਿੱਘਰਦੀ ਜਾ ਰਹੀ ਹੈ।

ਬਾਦਲ ਕੋੜਮਾ, ਹਿੰਦੂਤਵੀਆਂ ਦਾ 'ਟਾਇਮ ਟੈਸਟਿਡ ਹੱਥਠੋਕਾ' ਬਣ ਕੇ, ਸਿੱਖੀ ਕਦਰਾਂ ਕੀਮਤਾਂ, ਸਿੱਖ ਸੰਸਥਾਵਾਂ, ਸਿੱਖੀ ਰਵਾਇਤਾਂ, ਸਿੱਖੀ ਆਚਰਣ ਅਤੇ ਸਿੱਖੀ ਆਨ-ਸ਼ਾਨ-ਤਾਨ ਸਭ ਦਾ ਬੇਦਰਦੀ ਨਾਲ 'ਕਤਲ' ਕਰ ਰਿਹਾ ਹੈ।

ਬਾਦਲਗਰਦੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੀ ਜਾਇਦਾਦ ਦੀ 'ਐਕਸਟੈਨਸ਼ਨ' ਹੀ ਬਣਾ ਲਿਆ ਹੈ। ਅਕਾਲ ਤਖਤ, ਜਿਹੜਾ ਸਿੱਖ ਕੌਮ ਦਾ ਪਿਛਲੀਆਂ ਚਾਰ ਸਦੀਆਂ ਤੋਂ 'ਅਜ਼ਾਦੀ ਅਤੇ ਪ੍ਰਭੂਸੱਤਾ' ਦਾ ਪ੍ਰਤੀਕ ਰਿਹਾ ਹੈ, ਇਸ ਵੇਲੇ ਬਾਦਲਗਰਦੀ ਵਲੋਂ ਇੱਕ 'ਨਿੱਜੀ ਅਦਾਰੇ' ਵਾਂਗ ਵਰਤਿਆ ਜਾ ਰਿਹਾ ਹੈ। ਸਾਡੇ ਧਾਰਮਿਕ ਜਥੇਦਾਰ ਸਿਰਫ 'ਤਨਖਾਹਦਾਰ' ਬਣਾ ਦਿੱਤੇ ਗਏ ਹਨ। ਆਪਣੇ ਹੀ 'ਤਨਖਾਹਦਾਰਾਂ' ਕੋਲੋਂ ਖੁਦ ਨੂੰ 'ਪੰਥ ਰਤਨ' ਅਤੇ 'ਫਖਰ-ਏ-ਕੌਮ' ਜਿਹੇ ਵੱਕਾਰੀ ਸਨਮਾਨ ਦਿਵਾ ਕੇ ਇਨ੍ਹਾਂ ਸਨਮਾਨਾਂ ਦੀ ਵੁੱਕਤ ਘਟਾਈ ਜਾ ਰਹੀ ਹੈ। ਕੌਮ ਇਹ ਸਭ ਕੁਝ ਬੜੀ ਬੇਵਸੀ ਨਾਲ ਵੇਖ ਰਹੀ ਹੈ। 1978 ਵਿੱਚ ਨਰਕਧਾਰੀਆਂ ਦੇ 'ਕੂੜਡੰਮ' ਨੂੰ ਠੱਲ੍ਹ ਪਾਉਣ ਲਈ ਸ਼ਹੀਦੀਆਂ ਪਾਉਣ ਵਾਲੇ ਸ਼ਹੀਦ ਭਾਈ ਫੌਜਾ ਸਿੰਘ ਤੇ ਉਨ੍ਹਾਂ ਦੇ 12 ਹੋਰ ਸ਼ਹੀਦ ਸਾਥੀਆਂ ਦੀ ਲਿਸਟ ਵਿੱਚ ਪਿਛਲੇ ਤਿੰਨ ਦਹਾਕਿਆਂ ਵਿੱਚ ਹਜ਼ਾਰਾਂ ਹੋਰ ਨਾਮ ਜੁੜ ਗਏ ਹਨ। ਪਰ ਬਾਦਲਗਰਦੀ ਦੀ ਸਰਪ੍ਰਸਤੀ ਥੱਲੇ ਵਧਣ-ਫੁੱਲਣ ਵਾਲੇ ਨਰਕਧਾਰੀਆਂ ਦੇ ਪੰਜਾਬ ਵਿੱਚ ਭਨਿਆਰੇ, ਆਸ਼ੂਤੋਸ਼, ਕੂੜ ਸੌਦਾ ਵਰਗੇ ਕਈ ਸਾਥੀ ਹੋਰ ਜੰਮ ਪਏ ਹਨ। ਪੰਜਾਬ ਵਿੱਚ ਹਿੰਦੂਤਵੀਆਂ ਦੀਆਂ 'ਏ' ਅਤੇ 'ਬੀ' ਟੀਮਾਂ (ਬੀ. ਜੇ. ਪੀ. ਅਤੇ ਕਾਂਗਰਸ) ਦਾ ਪੂਰਾ ਬੋਲਬਾਲਾ ਹੈ। ਸੱਚ, ਹੱਕ ਅਤੇ ਇਨਸਾਫ ਦੇ ਰਸਤੇ 'ਤੇ ਚੱਲਣ ਵਾਲੇ ਸਿੱਖ ਅੱਜ ਵੀ 'ਦਹਿਸ਼ਤਗਰਦ', 'ਕੱਟੜਪੰਥੀ', 'ਅਮਨ ਕਾਨੂੰਨ ਲਈ ਖਤਰਾ' ਅਤੇ 'ਆਈ. ਐਸ. ਆਈ. ਦੇ ਏਜੰਟ' ਮਾਤਰ ਹੀ ਹਨ।

ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਨੇ ਆਰਐਸਐਸ. ਤੇ ਬਾਦਲ ਕੋੜਮੇ ਨਾਲ ਸਮਝੌਤਾ ਕਰਕੇ ਲੜੀਆਂ। ਨਤੀਜੇ ਵਜੋਂ ਅੱਜ ਪੰਜਾਬ ਦਾ ਮੁੱਖ ਮੰਤਰੀ ਬਣਿਆ ਕੈਪਟਨ ਅਮਰਿੰਦਰ ਸਿੰਘ ਹਿੰਦੂਤਵੀਆਂ ਨੂੰ ਖੁਸ਼ ਕਰਨ ਲਈ ਮੋਦੀ ਸਰਕਾਰ ਦੀਆਂ ਸਿੱਖ-ਵਿਰੋਧੀ ਨੀਤੀਆਂ ਨੂੰ ਪੂਰੇ ਜ਼ਬਰ ਨਾਲ ਲਾਗੂ ਕਰ ਰਿਹਾ ਹੈ। ਪੰਜਾਬ ਵਿੱਚੋਂ ਦਰਜਨਾਂ ਨੌਜਵਾਨਾਂ ਨੂੰ ਖਾਲਿਸਤਾਨੀ ਅਤੇ ਗੈਂਗਸਟਰ ਕਹਿ ਕੇ ਝੂਠੇ ਮੁਕੱਦਮਿਆਂ ਵਿੱਚ ਫਸਾਇਆ ਜਾ ਰਿਹਾ ਹੈ। ਗੈਂਗਸਟਰਾਂ ਦੇ ਖਿਲਾਫ ਕਾਰਵਾਈ ਦੇ ਨਾਂ ਹੇਠਾਂ ਝੂਠੇ ਪੁਲਿਸ ਮੁਕਾਬਲਿਆਂ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਭਾਰਤ ਦੇ ਨਕਸ਼ੇ ਦੀ ਕੈਦ ਤੋਂ ਬਾਹਰ ਬੈਠੇ 50 ਲੱਖ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਛੁਟਿਆਉਂਦਿਆਂ ਕੈਪਟਨ ਵਲੋਂ ਉਨ੍ਹਾਂ ਨੂੰ ਖਾਲਿਸਤਾਨੀ ਐਲਾਨਕੇ ਉਨ੍ਹਾਂ ਨੂੰ ਭੰਡਿਆ ਜਾ ਰਿਹਾ ਹੈ। ਕੈਪਟਨ ਦੇ ਇਸ ਭੰਡੀ ਪ੍ਰਚਾਰ ਤੇ ਬਦਸਲੂਕੀ ਦਾ ਸ਼ਿਕਾਰ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਐਨਡੀਪੀ. ਦੇ ਲੀਡਰ ਜਗਮੀਤ ਸਿੰਘ ਸਮੇਤ ਕੈਨੇਡਾ ਦੇ ਸਿੱਖ ਐਮਪੀ. ਹੋਏ ਹਨ। ਭਾਰਤੀ ਏਜੰਸੀਆਂ ਵਲੋਂ ਬਾਹਰਲੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਏਜੰਡੇ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਦਿਆਂ ਪੰਜਾਬ ਪੁਲਿਸ ਵਲੋਂ ਇੰਗਲੈਂਡ ਦੇ ਸਿਟੀਜ਼ਨ ਜਗਤਾਰ ਸਿੰਘ ਜੱਗੀ ਜੌਹਲ ਨੂੰ 4 ਨਵੰਬਰ 2018 ਤੋਂ ਫੜਿਆ ਹੋਇਆ ਹੈ ਅਤੇ ਪੁਲਿਸ ਰਿਮਾਂਡ ਲੈ ਕੇ ਉਸ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਜਾ ਰਿਹਾ ਹੈ। ਪਿਛਲੇ 3-4 ਵਰ੍ਹਿਆਂ ਵਿਚਲੇ ਸਾਰੇ ਹਿੰਸਕ 8-9 ਕੇਸਾਂ ਨੂੰ 'ਸਿੱਖ ਦਹਿਸ਼ਤਗਰਦੀ' ਨਾਲ ਜੋੜ ਕੇ, ਨੈਸ਼ਨਲ ਇਨਵੈਸਟੀਗੇਟਿਵ ਏਜੰਸੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਰ ਵਿੱਚ ਸਟੇਟ-ਦਹਿਸ਼ਤਗਰਦੀ ਨੇ ਇੱਕ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਬਾਦਲ ਦਲ 'ਚੁੱਪ' ਰਹਿ ਕੇ ਅਮਰਿੰਦਰ ਸਿੰਘ ਦੀਆਂ ਨੀਤੀਆਂ ਦਾ ਸਮਰਥਨ ਕਰ ਰਿਹਾ ਹੈ। ਮੋਦੀ ਸਰਕਾਰ, ਅਮਰਿੰਦਰ 'ਤੇ ਪੂਰੀ ਤਰ੍ਹਾਂ ਮਿਹਰਬਾਨ ਹੈ। ਬਾਦਲ ਕੋੜਮੇ ਤੇ ਮਜੀਠੀਏ ਦੇ ਖਿਲਾਫ 'ਭ੍ਰਿਸ਼ਟਾਚਾਰ ਅਤੇ ਡਰੱਗ ਮਾਫੀਏ' ਦੇ ਪ੍ਰਚਾਰ ਵਾਲੀ ਮੁਹਿਮ ਚਲਾਉਣ ਵਾਲਾ ਅਮਰਿੰਦਰ ਹੁਣ ਬਿਲਕੁਲ ਚੁੱਪ ਵੱਟੀ ਬੈਠਾ ਹੈ। ਕੈਪਟਨ ਅਮਰਿੰਦਰ, ਸਿੱਖ ਵਿਰੋਧੀ ਏਜੰਡੇ ਦੇ ਸਿਰ 'ਤੇ, 2022 ਦੀਆਂ ਚੋਣਾਂ ਵਿੱਚ ਮੁੜ ਮੁੱਖ ਮੰਤਰੀ ਦੀ ਦਾਅਵੇਦਾਰੀ ਪੇਸ਼ ਕਰ ਚੁੱਕਾ ਹੈ।

ਸਿੱਖ ਕੌਮ ਦੇ ਗਲ ਗੁਲਾਮੀ ਦੇ ਸੰਗਲ, ਹਰ ਚੜ੍ਹਦੇ ਸੂਰਜ ਵਿੱਚ ਦੂਹਰੇ-ਚੌਹਰੇ ਹੋ ਰਹੇ ਹਨ ਪਰ ਕੌਮ ਦਾ ਇੱਕ ਵੱਡਾ ਹਿੱਸਾ 'ਗੁਲਾਮੀ' ਅਤੇ 'ਆਜ਼ਾਦੀ' ਵਿਚਕਾਰ ਵਿੱਥ ਸਮਝਣ ਤੋਂ ਹੀ ਅਸਮਰੱਥ ਹੋ ਚੁੱਕਾ ਹੈ। ਜਿਵੇਂ ਪਿੰਜਰੇ 'ਚ ਕੈਦ ਇੱਕ ਤੋਤਾ ਉਸੇ ਪਿੰਜਰੇ ਨੂੰ ਆਪਣਾ ਘਰ ਸਮਝ ਕੇ, ਉਥੇ ਹੀ ਖੁਸ਼ੀ ਲੱਭਣ ਲੱਗ ਪੈਂਦਾ ਹੈ, ਠੀਕ ਉਸੇ ਤਰ੍ਹਾਂ ਸਿੱਖ ਕੌਮ ਗੁਲਾਮੀ ਦੇ ਪਿੰਜਰੇ 'ਚੋਂ ਹੀ ਛੋਟੀਆਂ-ਛੋਟੀਆਂ ਖੁਸ਼ੀਆਂ ਲੱਭ ਰਹੀ ਹੈ ਪਰ ਸਾਰੀਆਂ ਸਮੱਸਿਆਵਾਂ ਦੀ ਜੜ 'ਗੁਲਾਮੀ' ਨੂੰ ਗਲੋਂ ਲਾਹੁਣ ਲਈ ਬਿਲਕੁਲ ਵੀ ਚੇਤੰਨ ਨਹੀਂ। ਪੰਜਾਬ ਦੀ ਜਵਾਨੀ, ਨਸ਼ਿਆਂ ਦੀ ਭੇਟ ਚੜ੍ਹ ਕੇ, 'ਆਚਰਣਵਾਨ' ਤੇ 'ਆਚਰਣਹੀਣਤਾ' ਵਿਚਕਾਰਲਾ ਫਾਸਲਾ ਹੀ ਮਿਟਾ ਚੁੱਕੀ ਹੈ। ਪਵਿੱਤਰਤਾ, ਅਣਖ, ਬਹਾਦਰੀ ਦੇ ਮੁਜੱਸਮੇ ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ ਅਤੇ ਬੀਬੀ ਹਰਸ਼ਰਨ ਕੌਰ ਦੀਆਂ ਪੁੱਤਰੀਆਂ, ਅੱਜ ਕਿਨ੍ਹਾਂ ਵਾਟਾਂ 'ਤੇ ਚੱਲ ਨਿੱਕਲੀਆਂ ਹਨ? ਅੱਜ ਕੌਮੀ ਹੋਣੀ ਅਤੇ ਕੌਮੀ ਨਿਸ਼ਾਨੇ - ਖਾਲਿਸਤਾਨ ਦੇ ਵਾਰਸ ਖਾਲਸਾ, ਭੁਝੰਗੀ ਅਤੇ ਭੁਝੰਗਣਾਂ ਕਿੱਥੇ ਹਨ? ਕੌਮੀ ਆਜ਼ਾਦੀ ਲੈਣ ਦੀ ਮੰਜ਼ਿਲ ਤੋਂ ਭਟਕ ਕੇ, ਸਾਡੇ ਬੁੱਧੀਜੀਵੀ, ਬਾਬੇ, ਸ਼ਰਧਾਲੂ ਸਿੱਖ ਉਨ੍ਹਾਂ ਮਸਲਿਆਂ ਵਿੱਚ ਕਿਉਂ ਉਲਝੇ ਹੋਏ ਹਨ, ਜਿਨ੍ਹਾਂ ਨੂੰ ਆਜ਼ਾਦੀ (ਖਾਲਿਸਤਾਨ) ਦੇ ਮਾਹੌਲ ਵਿੱਚ ਹੀ ਨਜਿੱਠਿਆ ਜਾ ਸਕਦਾ ਹੈ? ਕੀ ਇਹੋ ਜਿਹੇ ਮਸਲੇ ਖੜ੍ਹੇ ਕਰਨ ਵਾਲੇ, ਕਿਤੇ 'ਆਜ਼ਾਦੀ ਦੀ ਡਗਰ' ਦੇ ਭਗੌੜੇ ਤਾਂ ਨਹੀਂ? ਆਪਣੇ 'ਭਰਾ' ਦੇ ਵਿਰੋਧੀ ਵਿਚਾਰਾਂ ਕਰਕੇ ਤਾਂ ਅਸੀਂ ਉਸ ਦਾ 'ਲਹੂ-ਪੀਣਾ' ਚਾਹੁੰਦੇ ਹਾਂ ਪਰ ਪਿਛਲੇ ਤਿੰਨ ਦਹਾਕਿਆਂ ਤੋਂ ਹਜ਼ਾਰਾਂ ਸਿੱਖਾਂ ਦਾ ਲਹੂ ਪੀ ਚੁੱਕੀ, ਦਿੱਲੀ ਦੀ ਜ਼ਾਲਮ ਸਰਕਾਰ ਦਾ ਤਖਤਾ ਪਲਟਣ ਦਾ ਸੰਕਲਪ ਸਾਨੂੰ ਕਿਉਂ ਨਹੀਂ ਔੜਦਾ?

ਆਓ! ਵਰ੍ਹਾ 2019 ਦੀ ਸੂਹੀ ਸਵੇਰ ਵੇਲੇ, ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਦਾ ਇੱਕ ਇਮਾਨਦਾਰ ਯਤਨ ਜ਼ਰੂਰ ਕਰੀਏ। ਇੱਕ ਸਿੱਖ ਭੈਣ ਵਲੋਂ ਲਿਖੀਆਂ ਗਈਆਂ ਸਤਰਾਂ ਦੇ ਨਾਲ, ਤੁਹਾਨੂੰ ਸਭ ਨੂੰ ਅੰਗਰੇਜ਼ ਸੱਭਿਅਤਾ ਦਾ ਨਵਾਂ ਵਰ੍ਹਾ ਮੁਬਾਰਕ ਕਹਿੰਦੇ ਹਾਂ -

'ਅਗਰ ਚਿਰਾਗੋਂ ਕੀ ਹਿਫਾਜ਼ਤ,
ਵਕਤ ਪਰ ਨਾ ਕਰ ਸਕੇ।
ਤੋ ਰੌਸ਼ਨੀ ਮਿਟ ਜਾਏਗੀ,
ਔਰ ਧੂੰਆਂ ਰਹਿ ਜਾਏਗਾ।'

# ਸਿੱਖ ਇਤਿਹਾਸ ਦਾ ਮਹਾਨ ਪਾਤਰ ਦੀਵਾਨ ਟੋਡਰ ਮੱਲ

**(ਭਾਸ਼ਾ)**

ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ, ਜਿਸ ਨੇ ਅਪਣੇ ਇਸ਼ਟ ਦੇ ਲਖਤੇ ਜਿਗਰਾਂ ਦੇ ਸਸਕਾਰ ਲਈ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਖ਼ਰੀਦੀ। ਇਸ ਅਦੁੱਤੀ ਕਾਰਜ ਨਾਲ ਉਹ ਸਿੱਖ ਪੰਥ ਦੀਆਂ ਅਤਿ ਆਦਰਯੋਗ ਸ਼ਖ਼ਸੀਅਤਾਂ ਵਿਚ ਸ਼ਾਮਲ ਹੋ ਗਏ। ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖ਼ਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿਚ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਮੰਨਿਆ ਜਾਂਦਾ ਹੈ ਕਿ ਉਹ ਜਾਤ ਦੇ ਜੈਨ ਸਨ ਤੇ ਗੁਰੂ ਘਰ ਦੇ ਅਤਿਅੰਤ ਸ਼ਰਧਾਲੂ ਸਨ।



ਉਹ ਉਸ ਵੇਲੇ ਸਰਹਿੰਦ ਸੂਬੇ ਦੇ ਅਮੀਰ ਵਪਾਰੀ ਤੇ ਮੁਅੱਜਜ਼ ਦਰਬਾਰੀ ਸਨ। ਉਨ੍ਹਾਂ ਦਾ ਜੱਦੀ ਪਿੰਡ ਕਾਕੜਾ ਸੀ, ਜੋ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵਸ ਗਏ ਸਨ। 13 ਦਸੰਬਰ 1704 ਨੂੰ ਵਜ਼ੀਰ ਖ਼ਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਸਸਕਾਰ ਕਰ ਸਕਣ, ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇਕ ਜ਼ਿਮੀਂਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਤਿਆਰ ਹੋ ਗਿਆ ਪਰ ਉਸ ਨੇ ਸ਼ਰਤ ਰੱਖੀ ਕਿ ਜ਼ਮੀਨ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਿਹਾ ਜਾਂਦਾ ਹੈ ਕਿ ਉਸ ਨੇ ਸੋਨੇ ਦੇ ਸਿੱਕੇ ਖੜ੍ਹੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫ਼ੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇਕ ਤੋਲਾ ਹੁੰਦਾ ਸੀ। ਸਾਹਿਬਜ਼ਾਦਿਆਂ ਦੇ ਸਸਕਾਰ ਲਈ 2-2 ਮੀਟਰ ਅਤੇ ਮਾਤਾ ਜੀ ਲਈ 2-1.5 ਮੀਟਰ ਦੇ ਕਰੀਬ ਜਗ੍ਹਾ ਲਈ ਗਈ ਹੋਵੇਗੀ। ਇਸ ਲਈ ਕਰੀਬ 7800 ਅਸ਼ਰਫ਼ੀਆਂ (78 ਕਿੱਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ।

ਜੇ ਅਸ਼ਰਫ਼ੀਆਂ ਖੜ੍ਹੇ ਰੁਖ ਰਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫ਼ੀਆਂ (780 ਕਿੱਲੋ ਸੋਨਾ) ਵਿਛਾਉਣੀਆਂ ਪਈਆਂ ਹੋਣਗੀਆਂ। ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖ਼ੀਦਣ ਵਿਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ ਪਰ ਉਨ੍ਹਾਂ ਨੇ ਅਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ। ਵਜ਼ੀਰ ਖ਼ਾਨ ਜ਼ਾਲਮ ਤੇ ਬੇਰਹਿਮ ਇਨਸਾਨ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ਼ ਇਸ ਲਈ ਵੇਲਣੇ ਵਿਚ ਪੀੜ ਕੇ ਸ਼ਹੀਦ ਕਰ ਦਿਤਾ ਸੀ ਕਿ ਉਨ੍ਹਾਂ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਠੰਢੇ ਬੁਰਜ ਵਿਚ ਦੁੱਧ ਨਾਲ ਸੇਵਾ ਕੀਤੀ ਸੀ।

ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਨ੍ਹਾਂ ਦਾ ਸਸਕਾਰ ਕਰੇ? ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ 'ਗੁਨਾਹ' ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ 'ਤੇ ਟੁੱਟ ਪਿਆ। ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਅਪਣਾ ਘਰ-ਬਾਰ ਅਤੇ ਕਾਰੋਬਾਰ ਛੱਡ ਕੇ ਕਿਧਰੇ ਜਾਣਾ ਪਿਆ। ਇਸ ਤਰਾਂ ਦੀਵਾਨ ਟੋਡਰ ਮੱਲ ਜੀ ਸਾਕਾ ਸਰਹੰਦ ਦੇ ਨਾਇਕ ਬਣੇ। ਸਿੱਖ ਕੌਮ ਸਿਰ ਸਦੀਵੀ ਕਰਜ਼ ਚਾੜ੍ਹਨ ਵਾਲੀ ਬਹਾਦਰ ਤੇ ਨੇਕ-ਦਿਲ ਇਸ ਸ਼ਖ਼ਸੀਅਤ ਨੂੰ ਹਮੇਸ਼ਾ ਯਾਦ ਕਰਨਾ ਬਣਦਾ ਹੈ।

ਉਨ੍ਹਾਂ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ 'ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ। ਇਕ ਪਾਸੇ ਕੁੰਮਾ ਮਾਸ਼ਕੀ, ਬੀਬੀ ਲੱਛਮੀ, ਪਠਾਣ ਨਿਹੰਗ ਖਾਨ, ਭਾਈ ਨਬੀ ਖਾਨ-ਭਾਈ ਗਨੀ ਖਾਨ, ਬੇਗਮ ਜ਼ੈਨਬੁਨਿਮਾ, ਨਵਾਬ ਮਲੇਰਕੋਟਲਾ, ਬਾਬਾ ਮੋਤੀ ਰਾਮ ਮਹਿਰਾ ਤੇ ਪਰਿਵਾਰ ਅਤੇ ਦੀਵਾਨ ਟੋਡਰ ਮੱਲ ਜੀ ਨੇ ਇਨਸਾਨੀਅਤ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਤੇ ਦੂਜੇ ਪਾਸੇ ਗੰਗੂ ਬਾਹਮਣ, ਨਵਾਬ ਸੁੱਚਾ ਨੰਦ, ਵਜੀਦ ਖਾਨ ਨੇ ਨਿਰਦੈਅਤਾ ਅਤੇ ਬੇਈਮਾਨੀ ਦਾ ਸਿਖਰ ਕਰ ਛੱਡਿਆ।

ਇਨ੍ਹਾਂ ਸਭ ਨੇ ਸਿੱਖ ਕੌਮ ਸਿਰ ਕਰਜ਼ ਚਾੜ੍ਹਿਆ, ਕੁਝ ਨੇ ਅਹਿਸਾਨਾਂ ਦਾ ਤੇ ਕੁਝ ਨੇ ਜ਼ੁਲਮਾਂ ਦਾ। ਸਾਨੂੰ ਦੋਵੇਂ ਯਾਦ ਨੇ। ਤੁਹਾਡੇ ਨਾਲ ਛੋਟੇ ਸਾਹਿਬਜ਼ਾਦਿਆਂ ਦੇ ਸੰਸਕਾਰ ਦੀ ਗਾਥਾ ਇਸ ਲਈ ਸਾਂਝੀ ਕੀਤੀ ਗਈ ਹੈ ਤਾਂ ਕਿ ਸਾਨੂੰ ਉਨ੍ਹਾਂ ਮਹਾਨ ਕੁਰਬਾਨੀਆਂ ਦਾ ਅਹਿਸਾਸ ਰਹੇ, ਅਸੀਂ ਉਸ ਰਵਾਇਤ 'ਤੇ ਤੁਰਨ ਦੀ ਕੋਸ਼ੀਸ਼ ਕਰੀਏ। ਇਹ ਦਿਨ ਮਨਾਉਣੇ ਤਾਂ ਹੀ ਕੋਈ ਅਰਥ ਰੱਖਣਗੇ, ਜੇ ਅਸੀਂ ਜ਼ੁਲਮ ਅਤੇ ਜ਼ਾਲਮ ਖਿਲਾਫ ਤੇ ਮਜ਼ਲੂਮ ਨਾਲ ਖੜ੍ਹਨ ਦਾ ਹੀਆ ਕਰਦੇ ਰਹਾਂਗੇ।

## ਅੰਤਰਰਾਸ਼ਟਰੀ ਵਾਲੀਵਾਲ ਖਿਡਾਰਨ ਤੇ ਕੋਚ ਮਨਜੀਤ ਕੌਰ ਦਾ ਨਿੱਘਾ ਸਵਾਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਪੋਰਟਸ ਅਥਾਰਟੀ ਆਫ਼ ਇੰਡੀਆ ਦੀ ਸੀਨੀਅਰ ਵਾਲੀਵਾਲ ਕੋਚ ਤੇ ਆਪਣੇ ਸਮੇਂ ਦੀ ਅੰਤਰਰਾਸ਼ਟਰੀ ਵਾਲੀਵਾਲ ਖਿਡਾਰਨ ਮਨਜੀਤ ਕੌਰ ਦਾ ਸਿਆਟਲ ਵਿਚ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਪੰਜਾਬ ਖੇਡ ਵਿਭਾਗ ਵਿਚ ਡਿਪਟੀ ਡਾਇਰੈਕਟਰ ਸਪੋਰਟਸ ਪਟਿਆਲਾ ਤੋਂ ਸੇਵਾਮੁਕਤ ਹੋਏ ਰਵਿੰਦਰ ਕੁਮਾਰ ਰਿਸ਼ੀ ਨੇ ਦੱਸਿਆ ਕਿ ਪੰਜਾਬ ਵਿਚ ਖਾਸ ਕਰਕੇ ਅੰਮ੍ਰਿਤਸਰ ਰਹਿ ਕੇ ਮਨਜੀਤ ਕੌਰ ਨੇ ਕਈ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਕੇ ਮਹਿਕਮੇ ਦਾ ਨਾਂ ਚਮਕਾਇਆ ਹੈ। ਨੌਨਿਹਾਲ ਸਿੰਘ ਬਾਠ ਨੇ ਸਵਾਗਤ ਕਰਦਿਆਂ ਦੱਸਿਆ ਕਿ ਮਨਜੀਤ ਕੌਰ ਬਹੁਤ ਮਿਹਨਤੀ, ਮਿਲਣਸਾਰ ਅਤੇ ਸਾਰੀ ਉਮਰ ਖੇਡਾਂ ਨੂੰ ਸਮਰਪਿਤ ਰਹੀ ਹੈ। ਮਨਜੀਤ ਕੌਰ ਨੇ ਧੰਨਵਾਦੀ ਭਾਸ਼ਣ ਵਿਚ ਦੱਸਿਆ ਕਿ ਪ੍ਰਦੇਸ਼ਾਂ ਵਿਚ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ ਕਈ ਸਾਲਾਂ ਤੋਂ ਸਿਆਟਲ ਵਿਚ ਲਗਾਇਆ ਜਾ ਰਿਹਾ ਹੈ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਨਾਲ ਬੱਚਿਆਂ ਦਾ ਆਪਸੀ ਮਿਲਵਰਤਨ, ਪਿਆਰ ਅਤੇ ਸਾਂਝ ਪੈਦਾ ਹੁੰਦੀ ਹੈ ਅਤੇ ਤੰਦਰੁਸਤ ਮਨੋਰੰਜਨ ਮਿਲਣ ਨਾਲ ਬੱਚੇ ਸਿਹਤਮੰਦ ਬਣਨਗੇ। ਉਨ੍ਹਾਂ ਕਿਹਾ ਕਿ ਇਹੋ ਜਿਹਾ ਉਪਰਾਲਾ ਸਾਰੇ ਸ਼ਹਿਰਾਂ ਵਿਚ ਸ਼ੁਰੂ ਕਰਨਾ ਚਾਹੀਦਾ ਹੈ।

## ਸੁਰਿੰਦਰ ਸੀਰਤ ਦੇ ਨਾਵਲ 'ਭਰਮ ਭੁਲਈਆਂ' ਦਾ ਲੋਕ ਅਰਪਨ

**ਜੰਮੂ/ਬਿਊਰੋ ਨਿਊਜ਼ :** ਸਹਿਗਲ ਮੈਮੋਰੀਅਲ ਹਾਲ ਵਿਖੇ, ਪੰਜਾਬੀ ਲੇਖਕ ਸਭਾ ਜੰਮੂ ਦੇ ਅਹਿਤਮਾਮ ਨਾਲ ਹੋਈ ਇਕ ਇਕੱਤਰਤਾ ਵਿਚ ਪ੍ਰੋ. ਸੁਰਿੰਦਰ ਸਿੰਘ ਸੀਰਤ ਦੇ ਤਰਮੀਮਸ਼ੁਦਾ ਨਾਵਲ "ਭਰਮ ਭੁਲਈਆਂ" ਦਾ ਲੋਕ ਅਰਪਨ ਕੀਤਾ ਗਿਆ। ਇਸ ਸਭਾ ਦੀ ਪ੍ਰਧਾਨਗੀ ਰਿਆਸਤ ਜੰਮੂ-ਕਸ਼ਮੀਰ ਦੇ ਜਨਾਬ ਕੰਵਲ ਕਸ਼ਮੀਰੀ ਨੇ ਕੀਤੀ। ਪਟਿਆਲਾ ਯੂਨੀਵਰਸਿਟੀ ਤੋਂ ਪਧਾਰੇ ਪ੍ਰੋਫੈਸਰ, ਡਾਕਟਰ ਮੋਹਨ ਸਿੰਘ ਤਿਆਗੀ ਨੇ ਇਸ ਬੈਠਕ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਮੁਖੀ, ਡਾ.ਬਲਜੀਤ ਕੌਰ ਇਸ ਬੈਠਕ ਦੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪਲਸਜ ਦੇ ਪ੍ਰਧਾਨ ਡਾ. ਮੋਨੋਜੀਤ ਨੇ ਵੀ ਪ੍ਰਧਾਨਗੀ ਮੰਚ ਦੀ ਸ਼ੋਭਾ ਵਧਾਈ। ਡਾ. ਮਮਤਾ ਰਾਣੀ ਦਾ ਪਰਚਾ ਉਹਨਾਂ ਦੀ ਗੈਰ ਹਾਜ਼ਰੀ ਵਿਚ ਡਾ ਬਲਜੀਤ ਰੈਨਾ ਵਲੋਂ ਪੜ੍ਹਿਆ ਗਿਆ ਉਨ੍ਹਾਂ ਵੱਲੋਂ ਸੀਰਤ ਦੀ ਅੰਤਰ-ਮਨ ਬਚਨੀ ਦੀ ਵਿਧਾ ਨੂੰ ਪੰਜਾਬੀ ਦੀ ਇਕੋ ਇਕ ਵਿਧਾ ਅਤੇ ਇੱਕੋ ਇਕ ਪਾਤਰ ਦੁਆਰਾ ਸਿਰਜੇ ਗਏ ਪਹਿਲੇ ਨਾਵਲ ਹੋਣ ਦਾ ਦਾਅਵਾ ਕੀਤਾ। ਡਾ ਮੋਹਨ ਤਿਆਗੀ ਨੇ ਨਾਵਲ ਨੂੰ ਸਟਰੀਮ ਆਫ ਕਾਨਸ਼ਸਨੈਸ ਦਾ ਸਫਲ ਪ੍ਰਯੋਗ ਕਰਨ ਲਈ ਵਧਾਈ ਦਿੱਤੀ ਅਤੇ ਦਰਸਾਇਆ ਕਿ ਨਾਵਲ ਦੀ ਇਕ ਇਕ ਸਤਰ ਰੌਚਕਤਾ ਪ੍ਰਧਾਨ ਕਰਦੀ ਹੈ। ਇਸ ਮੌਕੇ ਪੰਜਾਬੀ ਗ਼ਜ਼ਲਗੋ ਸ. ਅਜੀਤ ਸਿੰਘ ਮਸਤਾਨਾ ਨੇ ਸੀਰਤ ਦੇ ਵਿਸ਼ਾਲ ਸਾਹਿਤਕ ਸਫਰ ਦੀ ਸ਼ਲਾਘਾ ਕੀਤੀ ਜੋ ਕਸ਼ਮੀਰ ਦੇ ਇਕ ਸਧਾਰਨ ਪਿੰਡ ਸੈਦਾਪੁਰਾ ਤੋਂ ਯੂਨਾਇਟਿਡ ਸਟੇਟ ਆਫ ਅਮਰੀਕਾ ਤੀਕ ਸਾਹਿਤਕ ਅਲੰਬਰਦਾਰੀ ਦਾ ਝੰਡਾ ਬੁਲੰਦ ਕਰਨ ਵਿਚ ਸਫਲ ਰਿਹਾ ਹੈ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਜਨਾਬ ਕੰਵਲ ਕਸ਼ਮੀਰੀ ਨੇ ਦਰਸਾਇਆ ਕਿ ਰਿਆਸਤੀ ਸਾਹਿਤਕਾਰੀ ਨੇ ਸਮੁੱਚੀ ਪੰਜਾਬੀ ਸਾਹਿਤਕਾਰੀ ਵਿਚ ਇਕ ਵੱਖਰਾ ਅਤੇ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ "ਭਰਮ ਭੁਲਈਆਂ" ਨੂੰ ਰਿਆਸਤ ਵਿਚ ਵਿਚਰ ਰਹੇ ਸਰੋਕਾਰਾਂ ਨਾਲ ਜੁੜੇ ਹੋਏ ਹੋਣ ਦਾ ਨਾਵਲ ਤਸਲੀਮ ਕੀਤਾ।

## ਆਰਐਸਐਸ ਤੇ ਐਨਆਈਏ ਦੇ ਦਫ਼ਤਰ ਨਿਸ਼ਾਨੇ 'ਤੇ ਸਨ ਗ੍ਰਿਫ਼ਤਾਰ ਆਈਐਸ ਕਾਰਕੁੰਨਾਂ ਦੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਸ਼ਟਰੀ ਜਾਂਚ ਏਜੰਸੀ (ਐਨਆਈਏ.) ਵਲੋਂ ਹਾਲ ਹੀ ਵਿਚ ਫੜੇ ਗਏ ਇਸਲਾਮਿਕ ਸਟੇਟ ਕਾਰਕੁੰਨਾਂ ਦੇ ਸਬੰਧ 'ਚ ਵੱਡਾ ਖੁਲਾਸਾ ਹੋਇਆ ਹੈ। ਐਨਆਈਏ. ਅਨੁਸਾਰ ਦਿੱਲੀ ਅਤੇ ਯੂਪੀ. ਤੋਂ ਫੜੇ ਗਏ ਕਾਰਕੁੰਨਾਂ ਦੇ ਨਿਸ਼ਾਨੇ 'ਤੇ ਐਨਆਈਏ. ਅਤੇ ਆਰਐਸਐਸ. ਦੇ ਦਫ਼ਤਰ ਸਨ। ਏਜੰਸੀ ਅਨੁਸਾਰ ਮੁੱਖ ਦੋਸ਼ੀ ਸੁਹੈਲ ਨੇ ਦੀਵਾਲੀ ਦੇ ਦਿਨ ਆਪਣੇ ਬੰਬ ਦਾ ਪ੍ਰੀਖਣ ਕੀਤਾ ਸੀ, ਤਾਂ ਕਿ ਉਸ ਦੀਆਂ ਤਿਆਰੀਆਂ ਦਾ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ। ਸਿਰਫ਼ ਇਹ ਹੀ ਨਹੀਂ ਬਲਕਿ ਦੋਸ਼ੀਆਂ ਨੇ ਯੋਜਨਾ ਬਣਾਈ ਸੀ ਕਿ ਹਰ ਹਮਲੇ ਤੋਂ ਬਾਅਦ ਉਹ ਘਟਨਾ ਸਥਾਨ 'ਤੇ ਆਈਐਸ. ਦਾ ਝੰਡਾ ਛੱਡ ਕੇ ਆਉਣਗੇ, ਜਿਸ ਨਾਲ ਆਈਐਸ. ਦੀ ਦਹਿਸ਼ਤ ਬਣਾਈ ਜਾ ਸਕੇ।

# ਭਾਰਤ ਦੇ ਫਾਸ਼ੀਵਾਦ-ਨਾਜ਼ੀਵਾਦ ਵੱਲ ਵਧਦੇ ਕਦਮ

**ਹਰਚਰਨ ਸਿੰਘ ਪਰਹਾਰ**



ਪਿਛਲੇ ਤਿੰਨ ਕੁ ਸਾਲ ਤੋਂ ਇੰਡੀਆ ਵਿਚ ਰਾਜਸੀ, ਸਮਾਜਿਕ, ਧਾਰਮਿਕ ਹਾਲਾਤ, ਜਿਸ ਢੰਗ ਨਾਲ ਬਦਲ ਰਹੇ ਹਨ ਜਾਂ ਬਦਲੇ ਜਾ ਰਹੇ ਹਨ, ਉਹ ਨਾ ਸਿਰਫ ਚਿੰਤਾ ਦਾ ਵਿਸ਼ਾ ਹਨ, ਸਗੋਂ ਚਿੰਤਨ ਦਾ ਵੀ ਵਿਸ਼ਾ ਹਨ।ਜਿਥੇ ਆਰਐਸਐਸ. ਆਪਣੀ ਹੋਂਦ ਤੋਂ ਹੀ ਆਪਣੇ ਗੁਪਤ ਏਜੰਡੇ ਉਤੇ ਲਗਾਤਾਰ ਕੰਮ ਕਰ ਰਹੀ ਸੀ, ਉਥੇ ਮਿ. ਵਾਜਪਈ ਦੀ ਅਗਵਾਈ ਵਿਚ ਭਾਜਪਈਆਂ ਦੀ ਦੋ ਵਾਰ ਬਣੀ ਕੁਲੀਸ਼ਨ ਸਰਕਾਰ ਨੇ ਆਪਣਾ ਗੁਪਤ ਏਜੰਡਾ ਬਾਹਰ ਨਹੀਂ ਆਉਣ ਦਿੱਤਾ, ਸਗੋਂ ਚੁੱਪ ਚੁੱਪੀਤੇ ਮੌਜੂਦਾ ਬਹੁਮਤ ਵਾਲੀ ਮੋਦੀ ਸਰਕਾਰ ਲਈ ਜ਼ਮੀਨ ਤਿਆਰ ਕਰ ਲਈ ਸੀ।ਹੁਣ ਹੌਲੀ-ਹੌਲੀ ਕਿਤੇ ਗੁਪਤ ਢੰਗ ਨਾਲ ਤੇ ਕਿਤੇ ਜ਼ਾਹਰੀ ਤੌਰ ਉਤੇ ਮੋਦੀ ਸਰਕਾਰ, ਆਰਐਸਐਸ. ਦੇ ਫਾਸ਼ੀਵਾਦੀ ਤੇ ਨਾਜ਼ੀਵਾਦੀ ਏਜੰਡੇ ਦੇ ਆਧਾਰਿਤ ਹਿੰਦੂ ਰਾਸ਼ਟਰ ਬਣਾਉਣ ਵੱਲ ਸਾਬਿਤ ਕਦਮੀਂ ਅੱਗੇ ਵਧ ਰਹੀ ਹੈ।ਬੇਸ਼ਕ ਇੰਡੀਅਨ ਸੰਵਿਧਾਨ ਦਾ ਖਾਸਾ ਆਜ਼ਾਦੀ ਤੋਂ ਬਾਅਦ ਲੋਕਤੰਤਰੀ, ਸੈਕੂਲਰ ਤੇ ਬਹੁ ਸਭਿਆਚਾਰ ਆਧਾਰਿਤ ਰੱਖਿਆ ਗਿਆ ਪਰ ਇਥੇ 70 ਸਾਲ ਵਿਚ ਕਦੇ ਵੀ ਲੋਕਪੱਖੀ ਸਰਕਾਰ ਕਾਇਮ ਨਹੀਂ ਹੋ ਸਕੀ।ਬਸਤੀਵਾਦੀ ਹਾਕਮਾਂ ਦੀ ਥਾਂ ਤੇ ਹੁਣ ਤਕ ਦੇਸੀ ਸਰਮਾਏਦਾਰ ਲੁਟੇਰਾ ਜਮਾਤ ਹੀ ਰਾਜਭਾਗ ਤੇ ਕਾਬਿਜ਼ ਹੈ।ਬੇਸ਼ਕ ਸਮੇਂ-ਸਮੇਂ ਵੱਖ-ਵੱਖ ਪਾਰਟੀਆਂ ਆਪਣੇ ਜਾਤੀ ਤੇ ਜਮਾਤੀ ਹਿੱਤਾਂ ਨੂੰ ਮੁੱਖ ਰੱਖ ਕੇ ਜਾਤ ਤੇ ਧਰਮ ਦੀ ਸਿਆਸਤ ਕਰਦੀਆਂ ਰਹੀਆਂ ਹਨ ਪਰ ਫਿਰ ਵੀ ਕਿਸੇ ਪਾਰਟੀ ਨੇ ਇੰਡੀਆ ਵਰਗੇ ਬਹੁ ਧਰਮੀ, ਬਹੁ ਜਾਤੀ, ਬਹੁ ਸਭਿਆਚਾਰੀ, ਬਹੁ ਭਾਸ਼ਾਈ ਦੇਸ਼ ਨੂੰ ਧਰਮ ਆਧਾਰਿਤ ਸਟੇਟ ਬਣਾਉਣ ਦੀ ਗੱਲ ਨਹੀਂ ਕੀਤੀ, ਸਗੋਂ ਅਜਿਹੀ ਕਿਸੇ ਵੀ ਲਹਿਰ ਨੂੰ ਉਠਣ ਹੀ ਨਹੀਂ ਦਿੱਤਾ ਗਿਆ ਜਾਂ ਸਰਕਾਰੀ ਤੰਤਰ ਤੇ ਫੌਜ ਦੀ ਮਦਦ ਨਾਲ ਦਬਾ ਦਿੱਤਾ ਗਿਆ।ਪਰ ਮੌਜੂਦਾ ਮੋਦੀ ਸਰਕਾਰ ਬੜੇ ਵਿਉਂਤਬੱਧ ਢੰਗ ਨਾਲ ਨਾ ਸਿਰਫ ਇੰਡੀਆ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਵਧ ਰਹੀ ਹੈ, ਸਗੋਂ ਉਨ੍ਹਾਂ ਦਾ ਏਜੰਡਾ ਇਸ ਨੂੰ ਫਾਸ਼ੀਵਾਦ ਤੇ ਨਾਜ਼ੀਵਾਦ ਦੀ ਤਰਜ਼ ਉਤੇ ਹਿੰਦੂ ਸਟੇਟ ਬਣਾਉਣ ਦਾ ਹੈ, ਜਿਥੇ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ, ਕਮਿਊਨਿਸਟਾਂ ਆਦਿ ਨੂੰ ਬਹੁ ਗਿਣਤੀ (ਅਸਲ ਵਿਚ ਘੱਟ ਗਿਣਤੀ ਉਚ ਜਾਤਾਂ) ਦੇ ਰਹਿਮੋ ਕਰਮ ਉਤੇ ਜੀਣਾ ਪਵੇਗਾ।

ਇਸ ਤੋਂ ਪਹਿਲਾਂ ਕਿ ਗੱਲ ਨੂੰ ਹੋਰ ਅੱਗੇ ਤੋਰੀਏ, ਸਾਨੂੰ ਫਾਸ਼ੀਵਾਦ ਤੇ ਨਾਜ਼ੀਵਾਦ ਨੂੰ ਵੀ ਸਮਝ ਲੈਣਾ ਚਾਹੀਦਾ ਹੈ।ਫਾਸ਼ੀਵਾਦੀ ਵਿਚਾਰਧਾਰਾ ਦੀ ਸ਼ੁਰੂਆਤ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਪਹਿਲੀ ਸੰਸਾਰ ਜੰਗ ਦੌਰਾਨ ਇਟਲੀ ਤੋਂ ਬੈਨੀਟੋ ਮੁਸੋਲੀਨੀ ਦੀ ਅਗਵਾਈ ਵਿਚ ਬਣਾਈ 'ਨੈਸ਼ਨਲ ਫਾਸਿਸਟ ਪਾਰਟੀ' ਨਾਲ ਹੋਈ ਸੀ।ਇਸ ਵਿਚਾਰਧਾਰਾ ਦੇ ਮੋਢੀ ਉਹ ਮੂਲਵਾਦੀ ਲੋਕ ਸਨ, ਜੋ ਆਪਣੇ ਘੜੇ ਰਾਸ਼ਟਰਵਾਦ ਅਨੁਸਾਰ ਉਦਾਰਵਾਦ, ਮਾਰਕਸਵਾਦ, ਅਰਾਜਕਤਾਵਾਦ, ਲੋਕਤੰਤਰ ਦੇ ਖਿਲਾਫ ਇੱਕ ਅਜਿਹੀ ਰਾਸ਼ਟਰਵਾਦੀ ਵਿਚਾਰਧਾਰਾ ਸੀ, ਜਿਸ ਅਨੁਸਾਰ ਸਾਰੇ ਅਧਿਕਾਰ ਰਾਜ ਕੋਲ ਹੋਣ ਤੇ ਇੱਕ ਪਾਰਟੀ ਰਾਜ ਹੋਵੇ। ਉਹ ਅਜਿਹੇ ਰਾਜ ਲਈ ਡਿਕਟੇਟਰਸ਼ਿਪ, ਫੌਜੀ ਰਾਜ ਜਾਂ ਮਾਰਸ਼ਲ ਲਾਅ ਦੀ ਵੀ ਵਕਾਲਤ ਕਰਦੇ ਸਨ ਤਾਂ ਕਿ ਉਨ੍ਹਾਂ ਦੇ ਆਪਣੇ ਅਰਥਾਂ ਅਨੁਸਾਰ ਬਣਾਏ ਰਾਸ਼ਟਰਵਾਦ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਿਆ ਜਾ ਸਕੇ।ਉਹ ਮਾਰਕਸਵਾਦ ਵਾਂਗ ਭਾਵੇਂ ਵਰਗ ਰਹਿਤ ਸਮਾਜ ਦੀ ਗੱਲ ਕਰਦੇ ਸਨ ਪਰ ਮਾਰਕਸਵਾਦ ਵਾਂਗ ਦੇਸ਼ ਦੀ ਆਰਥਿਕਤਾ ਵਿਚ ਸਿਰਫ ਮਜ਼ਦੂਰਾਂ ਦਾ ਹੀ ਕੰਟਰੋਲ ਹੋਵੇ ਦੀ ਥਾਂ, ਮਜ਼ਦੂਰ ਤੇ ਮਾਲਕ ਦੀ ਭਾਈਵਾਲੀ ਦੀ ਵਕਾਲਤ ਕਰਦੇ ਸਨ।ਉਨ੍ਹਾਂ ਦਾ ਨਿਸ਼ਾਨਾ ਬੇਸ਼ਕ ਪੂੰਜੀਵਾਦੀ ਸਮਾਜ ਦੀ ਸਿਰਜਨਾ ਨਹੀਂ ਸੀ ਪਰ ਆਪਣੀ ਕਿਸਮ ਦਾ ਸਾਮਰਾਜਵਾਦ ਲਿਆਉਣ ਲਈ ਉਹ ਰਾਜਸੀ ਹਿੰਸਾ, ਧੱਕੇਸ਼ਾਹੀ, ਕਤਲੋਗਾਰਤ, ਜੰਗ ਆਦਿ ਦੀ ਵੀ ਵਕਾਲਤ ਕਰਦੇ ਸਨ।ਇਸ ਦੇ ਉਲਟ ਨਾਜ਼ੀਵਾਦੀ ਵਿਚਾਰਧਾਰਾ ਦੀ ਸ਼ੁਰੂਆਤ ਤਕਰੀਬਨ ਉਨ੍ਹਾਂ ਸਮਿਆਂ ਵਿਚ ਹੀ ਨਾਜ਼ੀਵਾਦੀ ਪਾਰਟੀ ਦੇ ਆਗੂ ਅਡੌਲਫ ਹਿਟਲਰ ਨਾਲ ਹੋਈ ਸੀ, ਜਿਸ ਅਨੁਸਾਰ ਜਰਮਨ ਦੀ ਆਰੀਅਨ ਜਾਤੀ ਸਭ ਤੋਂ ਸੁਪੀਰੀਅਰ ਰੇਸ ਹੈ, ਇਸ ਲਈ ਉਨ੍ਹਾਂ ਦੀ ਮਾਨਤਾ ਸੀ ਕਿ ਘਟੀਆ ਰੇਸਾਂ, ਜਿਨ੍ਹਾਂ ਵਿਚ ਯਹੂਦੀ ਪ੍ਰਮੁੱਖ ਸਨ, ਉਨ੍ਹਾਂ ਨੂੰ ਜੀਣ ਦਾ ਵੀ ਕੋਈ ਹੱਕ ਨਹੀਂ।ਜਿਥੇ ਫਾਸ਼ੀਵਾਦੀ ਰਾਸ਼ਟਰਵਾਦ ਰਾਹੀਂ ਹਿੰਸਾ ਜਾਂ ਵਿਤਕਰੇ ਨੂੰ ਤਾਂ ਜਾਇਜ਼ ਮੰਨਦੇ ਸਨ ਪਰ ਨਾਜ਼ੀਵਾਦੀਆਂ ਵਾਂਗ ਕਿਸੇ ਇਕ ਵਰਗ ਜਾਂ ਜਾਤੀ ਦੇ ਲੋਕਾਂ ਨਾਲ ਵਿਤਕਰੇ ਵਿਚ ਵਿਸ਼ਵਾਸ਼ ਨਹੀਂ ਰੱਖਦੇ ਸਨ।ਇਸ ਤਰ੍ਹਾਂ ਨਾਜ਼ੀਆਂ ਦਾ ਰਾਸ਼ਟਰਵਾਦ ਜਿਥੇ ਇਕ ਪਾਸੇ ਰੇਸ (ਜਾਤੀ) ਅਧਾਰਿਤ ਸੀ, ਉਥੇ ਉਹ ਵੀ ਫਾਸ਼ੀਵਾਦ ਵਾਂਗ ਲੋਕਤੰਤਰ, ਉਦਾਰਵਾਦ, ਮਾਰਕਸਵਾਦ, ਸਮਾਜਵਾਦ ਆਦਿ ਦੇ ਵਿਰੋਧੀ ਸਨ।

ਹੁਣ ਜਦੋਂ ਅਸੀਂ ਆਰਐਸਐਸ. ਤੇ ਮੋਦੀ ਸਰਕਾਰ ਦੀ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਦੇਖਦੇ ਹਾਂ, ਉਹ ਫਾਸ਼ੀਵਾਦੀ ਤੇ ਨਾਜ਼ੀਵਾਦੀ ਦੋਨੋਂ ਵਿਚਾਰਧਾਰਾਵਾਂ ਨੂੰ ਮਿਲਾ ਕੇ ਆਪਣੇ ਨਿਸ਼ਾਨੇ 'ਹਿੰਦੂ ਰਾਸ਼ਟਰ' ਵੱਲ ਅੱਗੇ ਵਧ ਰਹੇ ਹਨ।ਜਿਥੇ ਇਨ੍ਹਾਂ ਹਿੰਦੂਤਵੀਆਂ ਦੀ ਵਿਚਾਰਧਾਰਾ ਨਾਜ਼ੀਆਂ ਵਾਂਗ ਦਲਿਤਾਂ, ਅਛੂਤਾਂ, ਘੱਟ ਗਿਣਤੀਆਂ, ਆਦਿ ਵਾਸੀਆਂ ਪ੍ਰਤੀ ਨਸਲਵਾਦੀ ਹੈ, ਉਥੇ ਉਨ੍ਹਾਂ ਦੇ ਰਾਸ਼ਟਰਵਾਦ ਅਨੁਸਾਰ ਉਹ ਸਾਰੇ ਲੋਕ ਦੇਸ਼ ਵਿਰੋਧੀ, ਦੇਸ਼ ਦੀ ਏਕਤਾ ਅਖੰਡਤਾ ਜਾਂ ਭਾਰਤ ਮਾਤਾ ਲਈ ਖਤਰਾ ਹਨ, ਜੋ ਉਨ੍ਹਾਂ ਦੇ ਰਾਸ਼ਟਰਵਾਦ ਦੇ ਏਜੰਡੇ ਦੇ ਰਾਹ ਦਾ ਰੋੜਾ ਹਨ।ਬੇਸ਼ਕ ਅਜੇ ਤਕ ਰਾਸ਼ਟਰਵਾਦੀ ਹਿੰਦੂਤਵੀ ਇੰਡੀਅਨ ਰਾਜਤੰਤਰ ਤੇ ਲੋਕਤੰਤਰੀ ਢੰਗਾਂ ਨਾਲ ਹੀ ਕਾਬਿਜ਼ ਹੋਏ ਹਨ ਜਾਂ ਹੋ ਰਹੇ ਹਨ ਪਰ ਭਵਿੱਖ ਵਿੱਚ ਉਨ੍ਹਾਂ ਦਾ ਏਜੰਡਾ ਵੀ ਫਾਸ਼ੀਵਾਦੀਆਂ ਤੇ ਨਾਜ਼ੀਵਾਦੀਆਂ ਵਾਂਗ ਰਾਜ ਸੱਤਾ ਤੇ ਕਾਬਿਜ ਰਹਿਣ ਲਈ ਮਿਲਟਰੀ, ਮਾਰਸ਼ਲ ਲਾਅ, ਐਮਰਜੈਂਸੀ, ਡਿਕਟੇਟਰਸ਼ਿਪ ਹੀ ਹੈ।ਇਹ ਵੀ ਉਦਾਰਵਾਦ, ਧਰਮ ਨਿਰਪੱਖਤਾ, ਲੋਕਤੰਤਰ, ਮਾਰਕਸਵਾਦ, ਸਮਾਜਵਾਦ ਆਦਿ ਦੇ ਵਿਰੋਧੀ ਹਨ।ਉਨ੍ਹਾਂ ਦੇ ਰਾਸ਼ਟਰਵਾਦ ਅਨੁਸਾਰ 'ਭਾਰਤ ਮਾਤਾ ਦੀ ਜੈ' ਕਹਿਣ ਵਾਲਾ, 'ਬੰਦੇ ਮਾਤਰਮ' ਗਾਉਣ ਵਾਲਾ, ਗਊ ਨੂੰ ਮਾਤਾ ਕਹਿਣ ਵਾਲਾ, ਗਊ ਮਾਸ ਨਾ ਖਾਣ ਵਾਲਾ, ਜਾਤੀਵਾਦ (ਵਰਣ ਆਸ਼ਰਮ) ਦੇ ਹੱਕ ਵਿੱਚ ਖੜਨ ਵਾਲਾ, ਇਸਲਾਮ ਵਿਰੋਧੀ, ਮਾਰਕਸਵਾਦ ਵਿਰੋਧੀ ਹੀ ਅਸਲੀ ਰਾਸ਼ਟਰਵਾਦੀ ਤੇ ਦੇਸ਼ ਭਗਤ ਹੈ।ਹਿੰਦੂਤਵੀ ਰਾਸ਼ਟਵਾਦੀ, ਸਾਮਰਾਜਵਾਦ ਤੇ ਪੂੰਜੀਵਾਦ ਨਾਲ ਰਲ਼ ਕੇ ਇੱਕ ਨਵੇਂ ਕਿਸਮ ਦਾ ਹਿੰਦੂ ਰਾਸ਼ਟਰਵਾਦ ਲਿਆਉਣਾ ਚਾਹੁੰਦੇ ਹਨ, ਜਿਥੇ ਸਮਾਜਿਕ ਤੇ ਧਾਰਮਿਕ ਤੌਰ ਤੇ ਸਵਰਨ ਜਾਤੀਆਂ ਦਾ ਰਾਜ ਹੋਵੇ ਅਤੇ ਦਲਿਤ, ਘੱਟ ਗਿਣਤੀਆਂ, ਮੁਸਲਮਾਨ, ਆਦਿਵਾਸੀ ਆਦਿ ਜਾਂ ਤੇ ਵਾਪਿਸ ਹਿੰਦੂ ਧਰਮ ਵਿੱਚ ਸ਼ਾਮਿਲ ਹੋ ਕੇ ਵਰਣ ਵੰਡ ਅਨੁਸਾਰ ਬ੍ਰਾਹਮਣ ਜਾਂ ਉਚ ਜਾਤੀਆਂ ਦੀ ਸਰਦਾਰੀ ਕਬੂਲ ਕਰਨ ਅਤੇ ਜਾਂ ਫਿਰ ਰਾਜ ਸੱਤਾ ਉਤੇ ਕਾਬਿਜ਼ ਹਿੰਦੂਤਵੀਆਂ ਦੇ ਰਹਿਮੋ ਕਰਮ ਤੇ ਜੀਉਣ।ਇਸੇ ਲਈ ਹਿੰਦੂ, ਹਿੰਦੀ, ਹਿੰਦੁਸਤਾਨ, ਉਨ੍ਹਾਂ ਦਾ ਪ੍ਰਮੁੱਖ ਨਾਹਰਾ ਹੈ।ਆਉਣ ਵਾਲੇ 2-3 ਸਾਲ ਉਨ੍ਹਾਂ ਲਈ ਆਪਣਾ ਏਜੰਡਾ ਲਾਗੂ ਕਰਨ ਲਈ ਸੁਨਹਿਰੀ ਮੌਕਾ ਹੈ, ਜਿਸ ਲਈ ਉਹ ਧਰਮ ਦੇ ਨਾਮ ਤੇ ਦੰਗੇ (ਹਿੰਦੂਆਂ-ਮੁਸਲਮਾਨਾਂ ਵਿਚ ਦੰਗੇ ਕਰਾਉਣਗੇ ਤੇ ਸਿੱਖਾਂ ਨੂੰ ਆਪਣੇ ਪੱਖ ਵਿਚ ਵਰਤਣਗੇ) ਕਰਵਾ ਸਕਦੇ, ਜਾਤੀਵਾਦ ਅਧਾਰਿਤ ਉਚ ਜਾਤਾਂ, ਮੱਧ ਵਰਗ ਸ਼੍ਰੇਣੀ ਤੇ ਦਲਿਤਾਂ ਵਿਚ ਰਿਜ਼ਰਵੇਸ਼ਨ (ਰਾਖਵਾਂਕਰਨ) ਦੇ ਨਾਮ ਉਤੇ ਸਿਵਿਲ ਵਾਰ ਕਰਵਾ ਸਕਦੇ ਹਨ (ਜਿਸ ਤਰ੍ਹਾਂ ਹਰਿਆਣੇ ਵਿਚ ਜਾਟਾਂ ਤੋਂ ਕਰਵਾਇਆ ਗਿਆ), ਮਾਓਵਾਦ ਤੋਂ ਦੇਸ਼ ਦੀ ਏਕਤਾ ਅਖੰਡਤਾ ਨੂੰ ਖਤਰਾ ਦੱਸ ਕੇ ਮਾਰਕਸਵਾਦੀਆਂ, ਹਿਊਮਨ ਰਾਈਟਸ ਐਕਟੀਵਿਸਟ ਤੇ ਸਾਮਰਾਜ ਤੇ ਪੂੰਜੀਵਾਦ ਵਿਰੋਧੀ ਵਿਦਵਾਨਾਂ ਦਾ ਘਾਣ ਕਰ ਸਕਦੇ ਹਨ।ਦੇਸ਼ ਵਿਚ ਸਿਵਿਲ ਵਾਰ ਦੇ ਹਾਲਾਤ ਬਣਾ ਕੇ ਠੀਕ ਉਸੇ ਤਰ੍ਹਾਂ ਐਮਰਜੈਂਸੀ ਲਗਾ ਕੇ ਸੰਵਿਧਾਨ ਭੰਗ ਕਰਕੇ 'ਹਿੰਦੂ ਰਾਸ਼ਟਰ' ਦਾ ਐਲਾਨ ਕਰ ਸਕਦੇ ਹਨ, ਜਿਸ ਤਰ੍ਹਾਂ ਨਾਜ਼ੀਆਂ ਨੇ ਆਪ ਹੀ ਪਾਰਲੀਮੈਂਟ ਬਿਲਡਿੰਗ ਨੂੰ ਅੱਗ ਲਗਾ ਕੇ ਤੇ ਇਸ ਨੂੰ ਕਮਿਊਨਿਸਟਾਂ ਸਿਰ ਮੜ੍ਹ ਕੇ ਐਮਰਜੈਂਸੀ ਲਗਾ ਕੇ ਹਰ ਵਿਰੋਧੀ ਆਵਾਜ ਨੂੰ ਦੇਸ਼ ਵਿਰੋਧੀ ਕਰਾਰ ਦੇ ਕੇ ਜ਼ੇਲ੍ਹੀਂ ਸੁੱਟ ਕੇ ਸੰਨ 1933 ਤੋਂ 1944 ਦੇ 11 ਸਾਲਾਂ ਵਿੱਚ 11 ਮਿਲੀਅਨ (1 ਕਰੋੜ 10 ਲੱਖ) ਯਹੂਦੀਆਂ, ਕਮਿਊਨਿਸਟਾਂ, ਜਿਪਸੀਆਂ, ਅਪਾਹਜ਼ਾਂ, ਬਜ਼ੁਰਗਾਂ ਆਦਿ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।ਇਸ ਲਈ ਦੁਨੀਆ ਭਰ ਵਿਚ ਵਸਦੇ ਇਨਸਾਫ ਪਸੰਦ, ਲੋਕਪੱਖੀ, ਮਾਨਵਤਾਵਾਦੀ, ਲੋਕਤੰਤਰ ਤੇ ਧਰਮ ਨਿਰਪੱਖਤਾ ਵਿਚ ਵਿਸ਼ਵਾਸ਼ ਕਰਨ ਵਾਲੇ ਇੰਡੀਅਨ ਲੋਕਾਂ ਨੂੰ ਇਕੱਠੇ ਹੋਣ ਦੀ ਲੋੜ ਹੈ ਤੇ ਹਿੰਦੂਤਵੀਆਂ ਦੇ ਏਜੰਡੇ ਨੂੰ ਸੰਸਾਰ ਭਰ ਵਿਚ ਨੰਗਾ ਕਰਨ ਤੇ ਉਸ ਵਿਰੁੱਧ ਲਾਮਬੰਦ ਹੋਣ, ਨਹੀਂ ਤੇ ਸਾਡੇ ਪੱਲੇ ਇਹੀ ਕਹਿਣਾ ਰਹਿ ਜਾਵੇਗਾ: "ਲਮਹੋਂ ਨੇ ਖਤਾ ਕੀ, ਸਦੀਉਂ ਨੇ ਸਜ਼ਾ ਪਾਈ।"

# ਮਾਤਾ ਮੁਖ਼ਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ 'ਦਿਲਾਂ 'ਚ ਧੜਕਦੀ ਐਂ ਤੂੰ' ਕਿਤਾਬ ਲੋਕ ਅਰਪਣ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆ :** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਉੱਘੇ ਪੱਤਰਕਾਰ ਨੀਟਾ ਮਾਛੀਕੇ ਅਤੇ ਡਾਕਟਰ ਸਿਮਰਜੀਤ ਧਾਲੀਵਾਲ ਦੇ ਸਤਿਕਾਰਯੋਗ ਮਾਤਾ ਸਵ. ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਕਿਤਾਬ 'ਦਿਲਾਂ 'ਚ ਧੜਕਦੀ ਐਂ ਤੂੰ'ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਇਸ ਕਿਤਾਬ ਨੂੰ ਸਹਿਬਦੀਪ ਪ੍ਰਕਾਸ਼ਨ ਭੀਖੀ (ਪੰਜਾਬ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ।



ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਨੂੰ ਆਖ ਕੇ ਕੀਤੀ। ਵੱਖ-ਵੱਖ ਬੁਲਾਰਿਆਂ ਨੇ ਕਵਿਤਾਵਾਂ, ਗੀਤਾਂ ਤੇ ਭਾਸ਼ਨ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ। ਗੌਰਤਲਬ ਹੈ ਕਿ ਮਾਤਾ ਜੀ ਇਕ ਸੂਝਵਾਨ, ਲੋਕ-ਭਲਾਈ ਅਤੇ ਸਮਾਜਿਕ ਸੇਵਾ ਕਰਨ ਵਾਲੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਸਕੂਲੀ ਵਿਦਿਆ ਦੇਣ ਤੋਂ ਇਲਾਵਾ, ਸਮਾਜਿਕ ਬੁਰਾਈਆਂ ਦੂਰ ਕਰਨ ਅਤੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਦੀ ਸੇਵਾ ਨਿਭਾਈ। ਇਹ ਕਿਤਾਬ ਸਮੁੱਚੇ ਤੌਰ 'ਤੇ ਮਾਤਾ ਜੀ ਦੀਆਂ ਸਮਾਜਕ, ਵਿਦਿਅਕ ਅਤੇ ਹੋਰ ਭਲਾਈ ਸੇਵਾਵਾਂ ਦੇ ਵਰਣਨ ਦਾ ਇਕ ਗੁਲਦਸਤਾ ਹੈ। ਗੁਰਿੰਦਰਜੀਤ ਨੀਟਾ ਮਾਛੀਕੇ ਨੇ ਇਸ ਦੀ ਸੰਪਾਦਨਾ ਕੀਤੀ ਹੈ। ਇਸ ਕਿਤਾਬ ਵਿਚ ਜਿੱਥੇ ਨੀਟਾ ਮਾਛੀਕੇ ਨੇ ਆਪਣੀ ਮਾਤਾ ਜੀ ਦੀ ਜੀਵਨੀ ਆਪਣੇ ਲੇਖ ਰਾਹੀਂ ਬਿਆਨ ਕੀਤੀ ਹੈ, ਉਥੇ ਹੀ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਮਾਤਾ ਜੀ ਦੇ ਜੀਵਨ ਸਬੰਧੀ ਆਪਣੇ ਸ਼ਬਦਾਂ ਰਾਹੀ ਮਾਤਾ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਪਿਆਰ ਦੀ ਸਾਂਝ ਪਾਈ ਹੈ। ਇਸ ਵਿੱਚ ਮਾਤਾ ਜੀ ਦੇ ਵੱਡੇ ਬੇਟੇ ਡਾ. ਸਿਮਰਜੀਤ

ਬਾਕੀ ਸਫ਼ਾ 28 'ਤੇ

- ਐਨਡੀਏ ਭਾਈਵਾਲ ਹੀ ਦੇਣ ਲੱਗੇ ਪ੍ਰਧਾਨ ਮੰਤਰੀ ਦੀ ਅਗਵਾਈ ਨੂੰ ਚੁਣੌਤੀ
- ਭਾਜਪਾ ਦੀ ਮੁੜ ਸੱਤਾ ਪ੍ਰਾਪਤੀ ਦੀ ਚਾਹਤ ਪੂਰੀ ਨਹੀਂ ਹੋਣ ਵਾਲੀ-ਊਧਵ ਠਾਕਰੇ
- ਆਰਐਸਐਸ ਵਿਚ ਲੀਡਰਸ਼ਿਪ ਬਦਲਣ ਦੀ ਚਰਚਾ ਛਿੜੀ

# ਮੋਦੀ, ਸ਼ਾਹ ਤੇ ਯੋਗੀ ਦੀ ਤਿੱਕੜੀ ਦਾ ਜਾਹੋ-ਜਲਾਲ ਪਿਆ ਫਿੱਕਾ



ਐਨਡੀਏ ਵਿਚ ਟੁੱਟ-ਭੱਜ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਇਸ ਅਮਲ ਦੀ ਸ਼ੁਰੂਆਤ ਤਾਂ ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੀ ਤੇਲਗੂ ਦੇਸਮ ਨੇ ਬਹੁਤ ਸਮਾਂ ਪਹਿਲਾਂ ਕਰ ਦਿੱਤੀ ਸੀ ਪਰ ਹੁਣ ਯੋਗੀ ਅਦਿੱਤਿਆਨਾਥ ਦੇ ਰਾਜ ਉੱਤਰ ਪ੍ਰਦੇਸ਼ ਵਿਚ ਵੀ ਇਸ ਦੀ ਝਲਕ ਸਪੱਸ਼ਟ ਨਜ਼ਰ ਆਉਣ ਲੱਗੀ ਹੈ। ਆਪਣਾ ਦਲ ਦੇ ਪ੍ਰਧਾਨ ਅਸ਼ੀਸ਼ ਪਟੇਲ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਹੈ ਕਿ ਯੋਗੀ ਤੇ ਮੋਦੀ ਦੇ ਸ਼ਾਸਨ ਵਿਚ ਨਾ ਕਿਤੇ ਵਿਧਾਇਕ ਦੀ ਸੁਣਵਾਈ ਹੁੰਦੀ ਹੈ, ਨਾ ਐਮਪੀ ਦੀ ਤੇ ਨਾ ਕਿਸੇ ਮੰਤਰੀ ਦੀ। ਜੇ ਇਹ ਸਿਲਸਿਲਾ ਇੰਝ ਹੀ ਜਾਰੀ ਰਹਿੰਦਾ ਹੈ ਤਾਂ ਮੋਦੀ ਸਰਕਾਰ ਦੇ ਸੱਤਾ ਵਿਚ ਦੁਬਾਰਾ ਆਉਣ ਦੀ ਕੋਈ ਸੰਭਾਵਨਾ ਨਹੀਂ।

***ਆਰਐਸਐਸ. ਦਾ 'ਨੀਲੀਆਂ ਅੱਖਾਂ ਵਾਲਾ ਲੜਕਾ' ਮੰਨੇ ਜਾਂਦੇ ਕੇਂਦਰੀ ਮੰਤਰੀ ਅਤੇ ਸਾਬਕ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਸ਼ਾਹ ਤੇ ਮੋਦੀ ਦਾ ਨਾਂਅ ਲਏ ਬਿਨਾ ਤਿੱਖੇ ਹਮਲੇ ਕੀਤੇ ਹਨ ਕਿ ਜੇਕਰ ਕੋਈ ਜਿੱਤ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ ਤਾਂ ਹਾਰ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਤਾਂ ਇਥੋਂ ਤਕ ਵੀ ਕਹਿ ਦਿੱਤਾ ਕਿ ਜੇਕਰ ਕੋਈ ਸੰਸਦ ਮੈਂਬਰ ਜਾਂ ਵਿਧਾਇਕ ਚੰਗੀ ਕਾਰਗੁਜ਼ਾਰੀ ਨਹੀਂ ਦਿਖਾਉਂਦਾ ਤਾਂ ਇਸ ਦੀ ਜ਼ਿੰਮੇਵਾਰੀ ਵੀ ਪਾਰਟੀ ਮੁਖੀ ਦੀ ਹੁੰਦੀ ਹੈ।***

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਦੇਸ਼ ਦੇ 5 ਰਾਜਾਂ ਵਿਚ ਹੁਣੇ-ਹੁਣੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਆਸ ਤੋਂ ਕਿਤੇ ਵੱਡੀ ਹੋਈ ਹਾਰ ਨੇ ਭਾਜਪਾ ਅੰਦਰ ਤਰਥੱਲੀ ਮਚਾ ਦਿੱਤੀ ਹੈ। ਭਾਜਪਾ ਦੇ ਸਰਪ੍ਰਸਤ ਮੰਨੇ ਜਾਂਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐਸਐਸ.) ਵਿਚ ਵੀ ਹੜਕੰਪ ਮਚਿਆ ਹੋਇਆ ਹੈ। ਪਾਰਟੀ ਇਸ ਵੇਲੇ ਕਿਸਾਨੀ ਕਰਜ਼ਿਆਂ ਦੀ ਮੁਆਫ਼ੀ ਅਤੇ ਜਨ ਧਨ ਖਾਤਿਆਂ ਵਿਚ ਸਿੱਧੀ ਰਕਮ ਜਮ੍ਹਾਂ ਕਰਵਾਉਣ 'ਤੇ ਵਿਚਾਰ ਕਰ ਰਹੀ ਦੱਸੀ ਜਾਂਦੀ ਹੈ। ਭਾਵੇਂ ਇਹ ਏਨਾ ਸੌਖਾ ਨਹੀਂ ਕਿਉਂਕਿ ਰਿਜ਼ਰਵ ਬੈਂਕ ਦੇ ਪਹਿਲੇ ਗਵਰਨਰ ਉਰਜਿਤ ਪਟੇਲ ਵੀ ਕੇਂਦਰੀ ਸਰਕਾਰ ਵਲੋਂ ਮੰਗੇ ਲੱਖਾਂ ਕਰੋੜ ਰੁਪਏ ਦੇਣ ਲਈ ਤਿਆਰ ਨਾ ਹੋਣ ਕਾਰਨ ਅਸਤੀਫ਼ਾ ਦੇ ਗਏ ਸਨ ਤੇ ਹੁਣ ਨਵੇਂ ਗਵਰਨਰ ਵੀ ਅਜੇ ਏਨਾ ਜ਼ਿਆਦਾ ਪੈਸਾ ਦੇਣ ਲਈ ਤਿਆਰ ਹੁੰਦੇ ਨਜ਼ਰ ਨਹੀਂ ਆ ਰਹੇ। ਚੋਣਾਂ ਵਿਚ ਬਹੁਤਾ ਸਮਾਂ ਬਾਕੀ ਨਹੀਂ, ਇਸ ਲਈ ਜਿਥੇ ਭਾਜਪਾ ਸਰਕਾਰ ਲੋਕ ਲੁਭਾਉਣੀਆਂ ਗਰਾਂਟਾਂ ਦੇਣ ਦੇ ਮਾਮਲੇ ਵਿਚ ਪ੍ਰੇਸ਼ਾਨ ਹੈ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਪਾਰਟੀ ਦੀਆਂ ਅੰਦਰੂਨੀ ਮੁਸ਼ਕਿਲਾਂ ਵਿਚ ਵੀ ਘਿਰਦੇ ਨਜ਼ਰ ਆ ਰਹੇ ਹਨ। ਬੇਸ਼ੱਕ ਅਜੇ ਨਰਿੰਦਰ ਮੋਦੀ ਦੀ ਲੀਡਰਸ਼ਿਪ ਨੂੰ ਕੋਈ ਸਪੱਸ਼ਟ ਚੁਣੌਤੀ ਨਹੀਂ ਹੈ ਪਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਖਿਲਾਫ਼ ਭਾਜਪਾ ਅਤੇ ਆਰਐਸਐਸ. ਦੇ ਇਕ ਧੜੇ ਵਿਚ ਸੁਗਬੁਗਾਹਟ ਜ਼ਰੂਰ ਸ਼ੁਰੂ ਹੋ ਗਈ ਹੈ।

ਕਾਂਗਰਸ-ਮੁਕਤ ਭਾਰਤ ਦਾ ਨਾਹਰਾ ਦੇਣ ਵਾਲੀ ਮੋਦੀ-ਸ਼ਾਹ ਜੋੜੀ ਨੇ ਆਪਣੇ ਪਾਰਟੀ ਕਾਰਕੁਨਾਂ ਤੇ ਸਹਿਯੋਗੀ ਪਾਰਟੀਆਂ ਨੂੰ ਇਸ ਭਰਮ-ਭੁਲੇਖੇ ਵਿਚ ਪਾ ਰੱਖਿਆ ਸੀ ਕਿ ਚੋਣਾਂ ਲੜਨ ਦੀ ਉਨ੍ਹਾਂ ਦੀ ਸ਼ੈਲੀ ਅਜਿਹੀ ਹੈ, ਜਿਸ ਨੇ ਪਾਰਟੀ ਨੂੰ ਅਜਿੱਤ ਬਣਾ ਦਿੱਤਾ ਹੈ ਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਕਿਤੇ ਮੈਦਾਨ ਵਿਚ ਨਜ਼ਰ ਨਹੀਂ ਆਉਂਦੀ। ਭਾਜਪਾ ਨੇ ਸੱਤਾ ਵਿਚ ਆਉਂਦਿਆਂ ਹੀ, ਆਪਣੇ ਮੁੱਖ ਏਜੰਡੇ ਹਿੰਦੂ ਰਾਸ਼ਟਰ ਉੱਪਰ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਇਸ ਭਰਮ ਨੂੰ ਵੀ ਪ੍ਰਚਾਰਿਆ ਕਿ ਸੰਤਾਲੀ ਦੀ ਵੰਡ ਦਾ ਆਧਾਰ ਧਰਮ ਸੀ ਤੇ ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ ਤਾਂ ਯਕੀਨਨ ਹਿੰਦੁਸਤਾਨ ਹਿੰਦੂਆਂ ਦਾ ਹੀ ਹੋਇਆ। ਇਥੇ ਇਸ ਤੱਥ ਨੂੰ ਲਾਂਭੇ ਕਰ ਦਿੱਤਾ ਗਿਆ ਕਿ ਭਾਰਤ ਵਿਚ ਪਾਕਿਸਤਾਨ ਤੋਂ ਵੀ ਵੱਧ ਮੁਸਲਮਾਨ ਹਨ ਤੇ ਉਨ੍ਹਾਂ ਨੇ ਲੋਕਤੰਤਰੀ ਤਰੀਕੇ ਨਾਲ ਰਹਿਣ ਨੂੰ ਤਰਜੀਹ ਦਿੱਤੀ। ਭਾਜਪਾ ਕੋਲ ਵੱਡੇ ਮੁੱਦੇ ਇਕਸਾਰ ਸਿਵਲ ਕੋਡ, ਧਾਰਾ 370, ਰਾਮ ਮੰਦਿਰ ਆਦਿ ਸਨ ਪਰ ਉਨ੍ਹਾਂ ਨੇ ਇਸ ਸਬੰਧੀ ਮਾਹੌਲ ਦੀ ਤਿਆਰੀ ਤਹਿਤ ਲਵ-ਜੇਹਾਦ, ਰਾਸ਼ਟਰਵਾਦ, ਗਊ ਰੱਖਿਆ, ਭਾਰਤ ਮਾਤਾ ਕੀ ਜੈ ਤੇ ਹਿੰਦੂ ਦੇਵੀ ਦੇਵਤਿਆਂ ਨਾਲ ਜੁੜੇ ਦਿਨਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਆਦਿ ਦਾ ਰਾਹ ਅਖ਼ਤਿਆਰ ਕੀਤਾ।

ਇਸ ਦੌਰਾਨ ਪੂਰੀ ਵਾਹ ਲੱਗੀ ਹੈ ਤੇ ਹਰ ਸੰਵੇਦਨਸ਼ੀਲ ਵਿਅਕਤੀ ਨੇ ਮਹਿਸੂਸ ਕੀਤਾ ਹੈ ਕਿ ਦੇਸ਼ ਨੂੰ ਘੱਟੋ-ਘੱਟ ਦੋ ਵੱਡੇ ਸਮਾਜਾਂ ਵਿਚ ਵੰਡਣ ਦੀ ਸੁਰ ਤੇਜ਼ ਹੋਈ ਹੈ। ਇਸੇ ਸੋਚ ਤਹਿਤ 'ਪਾਕਿਸਤਾਨ ਚਲੇ ਜਾਉ' ਵਰਗੇ ਮਿਹਣੇ ਮਾਰਨ ਦੀ ਨੀਤੀ ਵੀ ਸਭ ਨੇ ਮਹਿਸੂਸ ਕੀਤੀ। ਇਥੇ ਇਹ ਸਮਝਣ ਦੀ ਲੋੜ ਹੈ ਕਿ ਆਪਣੇ ਕਾਰਜਕਾਲ ਦੌਰਾਨ ਭਾਜਪਾ ਨੇ ਆਪਣੇ ਮੁੱਖ ਮੁੱਦੇ ਪਿੱਛੇ ਹੀ ਰੱਖੇ ਹਨ ਤੇ ਪਹਿਲਾਂ ਇਕ ਵਾਤਾਵਰਨ, ਇਕ ਮਾਹੌਲ ਸਿਰਜਣ ਲਈ ਧਰੁੱਵੀਕਰਨ ਨੂੰ ਹਵਾ ਦਿੱਤੀ ਹੈ, ਜਿਸ ਦੀ ਝਲਕ ਪਾਰਟੀ ਵੱਲੋਂ ਕੀਤੀ ਗਈ ਟਿਕਟਾਂ ਦੀ ਵੰਡ ਵਿਚ ਵੀ ਦਿਸਦੀ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਭਾਜਪਾ ਦੇ ਸਾਰੇ ਹੀ ਆਗੂ ਜਦੋਂ ਵੀ ਬੋਲਦੇ ਹਨ ਤਾਂ ਅਕਸਰ ਇਹ ਗੱਲ ਉਭਾਰਦੇ ਹਨ ਕਿ ਸਾਨੂੰ ਦੇਸ਼ ਦੇ 125 ਕਰੋੜ ਲੋਕਾਂ ਦਾ ਵਿਸ਼ਵਾਸ ਹਾਸਿਲ ਹੈ, ਸਾਨੂੰ 125 ਕਰੋੜ ਲੋਕਾਂ ਦੇ ਅਸ਼ੀਰਵਾਦ ਨੇ ਇਥੇ ਬਿਠਾਇਆ ਹੈ। ਪਤਾ ਨਹੀਂ ਇਹ ਦਾਅਵਾ ਕਿਸ ਸਰਵੇਖਣ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਜਦੋਂ ਕਿ ਚੋਣਾਂ ਵਿਚ ਭਾਜਪਾ ਨੂੰ ਕੁੱਲ 25 ਕਰੋੜ ਵੋਟਾਂ ਵੀ ਨਹੀਂ ਸਨ ਮਿਲੀਆਂ। ਇਸ ਦੇ ਬਾਵਜੂਦ ਉਨ੍ਹਾਂ ਨੂੰ ਪਹਿਲਾ ਕਰਾਰਾ ਝਟਕਾ ਓਦੋਂ ਲੱਗਾ, ਜਦੋਂ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਭਾਜਪਾ ਨੂੰ ਚਾਰੋਂ ਖਾਨੇ ਚਿੱਤ ਕਰ ਕੇ ਸੱਤਾ ਦੇ ਗਲਿਆਰਿਆਂ 'ਤੇ ਕਬਜ਼ਾ ਕਰ ਲਿਆ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਵੀ ਉਨ੍ਹਾਂ ਤੇ ਉਨ੍ਹਾਂ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਨੇ ਕਰਾਰੀ ਹਾਰ ਦੇ ਕੇ ਉਨ੍ਹਾਂ ਦੇ ਦਸ ਸਾਲਾ ਸ਼ਾਸਨ ਦਾ ਭੋਗ ਪਾ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹਰਮਨ-ਪਿਆਰਤਾ ਦਾ ਲੋਹਾ ਓਦੋਂ ਹੀ ਮੰਨਵਾ ਲਿਆ ਸੀ, ਜਦੋਂ ਮੋਦੀ ਲਹਿਰ ਦੀ ਚੜ੍ਹਤ ਸਮੇਂ ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਖੜ੍ਹੇ ਭਾਜਪਾ ਆਗੂ ਅਰੁਣ ਜੇਤਲੀ ਨੂੰ ਇੱਕ ਲੱਖ ਤੋਂ ਵੱਧ ਵੋਟਾਂ ਨਾਲ ਹਾਰ ਦੇ ਦਿੱਤੀ ਸੀ। ਮਜਬੂਰੀ-ਵਸ ਅਰੁਣ ਜੇਤਲੀ ਨੂੰ ਰਾਜ ਸਭਾ ਦੀ ਅਸਿੱਧੀ ਚੋਣ ਰਾਹੀਂ ਪਾਰਲੀਮੈਂਟ ਦੀ ਮੈਂਬਰੀ ਹਾਸਲ ਕਰਨ ਪਿੱਛੋਂ ਕੇਂਦਰੀ ਖ਼ਜ਼ਾਨਾ ਮੰਤਰੀ ਵਾਲਾ ਅਹੁਦਾ ਹਾਸਲ ਹੋਇਆ ਸੀ।

ਮੋਦੀ, ਸ਼ਾਹ ਤੇ ਯੋਗੀ ਦੀ ਤਿੱਕੜੀ ਦਾ ਜਾਹੋ-ਜਲਾਲ ਉਸ ਸਮੇਂ ਫਿੱਕਾ ਪੈ ਗਿਆ, ਜਦੋਂ ਗੋਰਖਪੁਰ, ਫੂਲਪੁਰ ਤੇ ਕੈਰਾਨਾ ਦੀਆਂ ਭਾਰੀ ਬਹੁਮਤ ਨਾਲ ਜਿੱਤੀਆਂ ਹੋਈਆਂ ਸੀਟਾਂ 'ਤੇ ਹੋਈ ਜ਼ਿਮਨੀ ਚੋਣ ਸਮੇਂ ਵਿਰੋਧੀ ਧਿਰ ਦੇ ਮੈਂਬਰ ਚੁਣੇ ਗਏ। ਭਾਜਪਾ ਦੇ ਨੀਵਾਣਾਂ ਵੱਲ ਜਾਣ ਦੀ ਜੋ ਕਸਰ ਬਾਕੀ ਸੀ, ਉਹ ਓਦੋਂ ਪੂਰੀ ਹੋ ਗਈ, ਜਦੋਂ ਰਾਜਸਥਾਨ ਦੀਆਂ ਅਜਮੇਰ ਤੇ ਅਲਵਰ ਦੀਆਂ ਲੋਕ ਸਭਾ ਸੀਟਾਂ 'ਤੇ ਹੋਈ ਜ਼ਿਮਨੀ ਚੋਣ ਵਿਚ ਕਾਂਗਰਸ ਉਮੀਦਵਾਰ ਬਾਜ਼ੀ ਮਾਰ ਗਏ। ਇਹ ਸਿਲਸਿਲਾ ਅੱਗੇ ਤੋਂ ਅੱਗੇ ਵਧਦਾ ਗਿਆ। ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਦੀ-ਸ਼ਾਹ ਜੋੜੀ ਦੀ ਚੋਣ ਰਣਨੀਤੀ, ਧਨ-ਬਲ ਦੀ ਖੁੱਲ੍ਹ ਕੇ ਵਰਤੋਂ ਤੇ ਧੂੰਆਂਧਾਰ ਪ੍ਰਚਾਰ, ਦੇ ਬਾਵਜੂਦ ਭਾਜਪਾ ਸੌ ਦਾ ਅੰਕੜਾ ਨਾ ਪਾਰ ਕਰ ਸਕੀ ਤੇ ਕਾਂਗਰਸ ਨੇ ਅਠਾਸੀ ਸੀਟਾਂ ਜਿੱਤ ਕੇ ਆਪਣੀ ਹੋਂਦ ਦਾ ਭਾਜਪਾ ਆਗੂਆਂ ਨੂੰ ਅਹਿਸਾਸ ਕਰਵਾ ਦਿੱਤਾ। ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਭਾਜਪਾ ਦੀ ਸੱਤਾ ਪ੍ਰਾਪਤੀ ਦੀ ਚਾਹਤ ਪੂਰੀ ਨਾ ਹੋਈ ਤੇ ਕਾਂਗਰਸ ਤੇ ਦੇਵਗੌੜਾ ਦੀ ਅਗਵਾਈ ਵਾਲੇ ਜਨਤਾ ਦਲ (ਐੱਸ) ਦੀ ਸਾਂਝੀ ਸਰਕਾਰ ਸੱਤਾ ਵਿਚ ਆ ਗਈ।

ਭਾਜਪਾ ਦੇ ਨਾਮਜ਼ਦ ਰਾਜਪਾਲ ਨੇ ਚਾਹੇ ਯੇਦੀਯੁਰੱਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਕੇ ਸਹੁੰ ਵੀ ਚੁਕਾ ਦਿੱਤੀ ਪਰ ਉਹ ਬਹੁਮਤ ਸਾਬਤ ਕਰਨ ਤੋਂ ਪਹਿਲਾਂ ਹੀ ਰਾਜ ਭਵਨ ਵਿਚ ਪਹੁੰਚ ਕੇ ਅਸਤੀਫ਼ਾ ਦੇਣ ਲਈ ਮਜਬੂਰ ਹੋ ਗਏ। ਕੁਮਾਰ ਸੁਆਮੀ ਦੀ ਅਗਵਾਈ ਵਿਚ ਬਣੀ ਸਾਂਝੀ ਸਰਕਾਰ ਦੇ ਸਹੁੰ-ਚੁੱਕ ਸਮਾਗਮ ਸਮੇਂ ਜਿਵੇਂ ਵਿਰੋਧੀ ਧਿਰ ਦੇ ਸਾਰੇ ਆਗੂ ਇਕ ਮੰਚ ਉੱਤੇ ਇਕੱਠੇ ਹੋਏ, ਉਸ ਨੇ ਲੋਕਾਂ ਵਿਚ ਇਹ ਉਤਸ਼ਾਹ ਪੈਦਾ ਕਰ ਦਿੱਤਾ ਕਿ ਮੋਦੀ ਦੀ ਅਗਵਾਈ ਵਾਲੀ ਜੁਮਲਿਆਂ ਵਾਲੀ ਸਰਕਾਰ ਨੂੰ ਸੰਨ 2019 ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿਚ ਸੱਤਾ ਤੋਂ ਲਾਂਭੇ ਕੀਤਾ ਜਾ ਸਕਦਾ ਹੈ। ਜਨਤਾ ਵਿਚਲਾ ਇਹ ਅਹਿਸਾਸ ਰੰਗ ਵੀ ਲਿਆਇਆ।

ਹੁਣੇ-ਹੁਣੇ ਪੰਜ ਰਾਜਾਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਲੋਕਾਂ ਦੇ ਆਤਮ-ਵਿਸ਼ਵਾਸ ਨੂੰ ਹੋਰ ਵੀ ਦ੍ਰਿੜ੍ਹ ਕਰ ਦਿੱਤਾ। ਭਾਜਪਾ ਸ਼ਾਸਤ ਤਿੰਨ ਹਿੰਦੀ ਭਾਸ਼ੀ ਰਾਜਾਂ; ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਉਸ ਰਾਹੁਲ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਮੋਦੀ, ਸ਼ਾਹ ਤੇ ਯੋਗੀ ਦੀ ਤਿੱਕੜੀ ਦੇ ਜ਼ੋਰਦਾਰ ਪ੍ਰਚਾਰ ਦੇ ਬਾਵਜੂਦ ਉਨ੍ਹਾਂ ਨੂੰ ਕਰਾਰੀ ਹਾਰ ਦਿੱਤੀ, ਜਿਸ ਨੂੰ ਉਹ ਹਿਕਾਰਤ ਨਾਲ 'ਪੱਪੂ' ਕਹਿ ਕੇ ਪੁਕਾਰਦੇ ਸਨ। ਇਹ ਹਾਲਾਤ ਦਾ ਤਕਾਜ਼ਾ ਹੀ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਰਾਹੀਂ ਉਸ ਨੂੰ ਇਸ ਜਿੱਤ ਲਈ ਵਧਾਈ ਦੇਣੀ ਪਈ।

ਹਾਲਾਤ ਹੁਣ ਇਹ ਬਣ ਗਏ ਹਨ ਕਿ ਐਨਡੀਏ ਵਿਚਲੇ ਭਾਈਵਾਲ ਹੀ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਨੂੰ ਚੁਣੌਤੀ ਦੇਣ ਲੱਗੇ ਹਨ। ਭਾਜਪਾ ਨੂੰ ਮਜਬੂਰੀ-ਵਸ ਬਿਹਾਰ ਵਿਚ ਦੋ ਸੀਟਾਂ 'ਤੇ ਜਿੱਤਣ ਵਾਲੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਜਨਤਾ ਦਲ (ਯੂ) ਨੂੰ ਸਤਾਰਾਂ ਸੀਟਾਂ ਤੇ ਰਾਮ ਵਿਲਾਸ ਪਾਸਵਾਨ ਤੇ ਚਿਰਾਗ਼ ਪਾਸਵਾਨ ਦੀ ਲੋਕ ਜਨ ਸ਼ਕਤੀ ਪਾਰਟੀ ਨੂੰ ਛੇ ਲੋਕ ਸਭਾ ਸੀਟਾਂ ਛੱਡਣ ਦਾ ਐਲਾਨ ਕਰਨਾ ਪਿਆ ਹੈ। ਇਹੋ ਨਹੀਂ, ਉਸ ਨੂੰ ਆਪਣੇ ਕੋਟੇ ਵਿਚੋਂ ਰਾਜਨੀਤੀ ਦੇ ਮੌਸਮ ਵਿਗਿਆਨੀ ਕਹੇ ਜਾਣ ਵਾਲੇ ਰਾਮ ਵਿਲਾਸ ਪਾਸਵਾਨ ਨੂੰ ਰਾਜ ਸਭਾ ਦੀ ਸੀਟ ਦੇਣ ਦਾ ਇਕਰਾਰ ਕਰਨਾ ਪਿਆ ਹੈ। ਭਾਜਪਾ ਦੀ ਸਭ ਤੋਂ ਪੁਰਾਣੀ ਸਹਿਯੋਗੀ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਤਾਂ ਨਰਿੰਦਰ ਮੋਦੀ ਨੂੰ 'ਚੌਕੀਦਾਰ ਚੋਰ ਹੈ' ਵਾਲੀ ਸੰਗਿਆ ਦੇ ਦਿੱਤੀ। ਉਸ ਨੇ ਇਹ ਵੀ ਕਹਿ ਦਿੱਤਾ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਸੱਤਾ ਪ੍ਰਾਪਤੀ ਦੀ ਚਾਹਤ ਪੂਰੀ ਨਹੀਂ ਹੋਣ ਵਾਲੀ। ਮੋਦੀ ਸਰਕਾਰ ਵਿਚ ਕੇਂਦਰੀ ਮੰਤਰੀ ਓਪੇਂਦਰ ਕੁਸ਼ਵਾਹਾ ਤੇ ਉਨ੍ਹਾਂ ਦੀ ਰਾਸ਼ਟਰੀ ਲੋਕ ਸਮਤਾ ਪਾਰਟੀ ਐਨਡੀਏ ਨੂੰ ਅਲਵਿਦਾ ਕਹਿ ਕੇ ਤੇਜਸਵੀ ਯਾਦਵ ਦੀ ਅਗਵਾਈ ਵਾਲੇ ਮਹਾਂ-ਗਠਬੰਧਨ ਵਿਚ ਸ਼ਾਮਲ ਹੋ ਗਏ ਹਨ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜੇਤਨ ਰਾਏ ਮਾਂਝੀ ਤੇ ਉਨ੍ਹਾਂ ਦੀ ਹਿੰਦੋਸਤਾਨੀ ਅਵਾਮੀ ਮੋਰਚਾ ਪਾਰਟੀ ਮੋਦੀ ਸਰਕਾਰ 'ਤੇ ਵਾਅਦਾ-ਖ਼ਿਲਾਫ਼ੀ ਦਾ ਦੋਸ਼ ਲਾ ਕੇ ਮਹਾਂ-ਗਠਬੰਧਨ ਵਿਚ ਸ਼ਾਮਲ ਹੋ ਚੁੱਕੇ ਹਨ।

ਐਨਡੀਏ ਵਿਚ ਟੁੱਟ-ਭੱਜ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਇਸ ਅਮਲ ਦੀ ਸ਼ੁਰੂਆਤ ਤਾਂ ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੀ ਤੇਲਗੂ ਦੇਸਮ ਨੇ ਬਹੁਤ ਸਮਾਂ ਪਹਿਲਾਂ ਕਰ ਦਿੱਤੀ ਸੀ ਪਰ ਹੁਣ ਯੋਗੀ ਅਦਿੱਤਿਆਨਾਥ ਦੇ ਰਾਜ ਉੱਤਰ ਪ੍ਰਦੇਸ਼ ਵਿਚ ਵੀ ਇਸ ਦੀ ਝਲਕ ਸਪੱਸ਼ਟ ਨਜ਼ਰ ਆਉਣ ਲੱਗੀ ਹੈ। ਆਪਣਾ ਦਲ ਦੇ ਪ੍ਰਧਾਨ ਅਸ਼ੀਸ਼ ਪਟੇਲ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਹੈ ਕਿ ਯੋਗੀ ਤੇ ਮੋਦੀ ਦੇ ਸ਼ਾਸਨ ਵਿਚ ਨਾ ਕਿਤੇ ਵਿਧਾਇਕ ਦੀ ਸੁਣਵਾਈ ਹੁੰਦੀ ਹੈ, ਨਾ ਐਮਪੀ ਦੀ ਤੇ ਨਾ ਕਿਸੇ ਮੰਤਰੀ ਦੀ। ਜੇ ਇਹ ਸਿਲਸਿਲਾ ਇੰਝ ਹੀ ਜਾਰੀ ਰਹਿੰਦਾ ਹੈ ਤਾਂ ਮੋਦੀ ਸਰਕਾਰ ਦੇ ਸੱਤਾ ਵਿਚ ਦੁਬਾਰਾ ਆਉਣ ਦੀ ਕੋਈ ਸੰਭਾਵਨਾ ਨਹੀਂ। ਭਾਈਵਾਲਾਂ ਦੀ ਅਣਦੇਖੀ ਹੋ ਰਹੀ ਹੈ। ਕੁਝ ਅਜਿਹੇ ਹੀ ਵਿਚਾਰ ਇਸ ਪਾਰਟੀ ਦੀ ਕੇਂਦਰੀ ਮੰਤਰੀ ਅਨੂਪ੍ਰੀਆ ਪਟੇਲ ਨੇ ਵੀ ਪ੍ਰਗਟ ਕੀਤੇ ਹਨ। ਹੁਣ ਤਾਂ ਬਾਬਾ ਰਾਮਦੇਵ ਵੀ ਇਹ ਕਹਿਣ ਲੱਗੇ ਹਨ ਕਿ ਅਗਲਾ ਪ੍ਰਧਾਨ ਮੰਤਰੀ ਕੌਣ ਹੋਵੇਗਾ, ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਸਾਡਾ ਮਕਸਦ ਇਕ ਹਿੰਦੂ ਭਾਰਤ ਬਣਾਉਣ ਦਾ ਨਹੀਂ।

ਚੋਣ ਯੁੱਧਨੀਤੀ ਦੇ ਚਾਣਕਿਆ ਅਖਵਾਉਣ ਵਾਲੇ ਪਾਰਟੀ ਪ੍ਰਧਾਨ ਅਮਿਤ ਸ਼ਾਹ 'ਤੇ ਤਨਜ਼ ਕਰਦਿਆਂ ਹੋਇਆਂ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਮਹਾਰਾਸ਼ਟਰ ਤੇ ਹੁਣ ਰਾਜਧਾਨੀ ਦਿੱਲੀ ਦੇ ਵਿਗਿਆਨ ਭਵਨ ਵਿਚ ਜੁੜੇ ਇਕ ਇਕੱਠ ਵਿਚ ਕਿਹਾ ਕਿ ਜੇ ਪਾਰਟੀ ਦੇ ਵਿਧਾਇਕ ਤੇ ਐਮਪੀ ਚੰਗੀ ਕਾਰਗੁਜ਼ਾਰੀ ਨਹੀਂ ਵਿਖਾਉਂਦੇ ਤਾਂ ਉਸ ਲਈ ਪਾਰਟੀ ਪ੍ਰਧਾਨ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਆਗੂਆਂ ਨੇ ਅਜਿਹੇ ਵਾਅਦੇ ਕਰ ਲਏ, ਜਿਹੜੇ ਅਮਲ ਵਿਚ ਆ ਹੀ ਨਹੀਂ ਸਨ ਸਕਦੇ। ਹੁਣ ਸਾਡੇ ਲਈ ਉਹ ਮਜ਼ਾਕ ਦਾ ਵਿਸ਼ਾ ਬਣ ਗਏ ਹਨ। ਉਨ੍ਹਾਂ ਦੇ ਇਸ ਕਥਨ ਤੋਂ ਇਹੋ ਜ਼ਾਹਰ ਹੁੰਦਾ ਹੈ ਕਿ ਕੇਵਲ ਭਾਈਵਾਲਾਂ ਵਿਚ ਹੀ ਬੇਭਰੋਸਗੀ ਪੈਦਾ ਨਹੀਂ ਹੋਈ, ਸਗੋਂ ਖ਼ੁਦ ਭਾਜਪਾ ਅੰਦਰਲੇ ਆਗੂਆਂ ਤੇ ਕਾਰਕੁਨਾਂ ਵਿਚ ਵੀ ਮੌਜੂਦਾ ਲੀਡਰਸ਼ਿਪ ਪ੍ਰਤੀ ਅਵਿਸ਼ਵਾਸ ਦੀ ਭਾਵਨਾ ਵਧ ਰਹੀ ਹੈ। ਇਸ ਦਾ ਅੰਜਾਮ ਕੀ ਹੁੰਦਾ ਹੈ, ਇਹ ਸਮਾਂ ਹੀ ਦੱਸੇਗਾ।

ਭਾਜਪਾ ਵਿਚ ਹੜਕੰਪ, ਅਮਿਤ ਸ਼ਾਹ ਮੁਸ਼ਕਿਲ ਵਿਚ : ਆਰਐਸਐਸ. ਦਾ 'ਨੀਲੀਆਂ ਅੱਖਾਂ ਵਾਲਾ ਲੜਕਾ' ਮੰਨੇ ਜਾਂਦੇ ਕੇਂਦਰੀ ਮੰਤਰੀ ਅਤੇ ਸਾਬਕ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਸ਼ਾਹ ਤੇ ਮੋਦੀ ਦਾ ਨਾਂਅ ਲਏ ਬਿਨਾ ਤਿੱਖੇ ਹਮਲੇ ਕੀਤੇ ਹਨ ਕਿ ਜੇਕਰ ਕੋਈ ਜਿੱਤ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ ਤਾਂ ਹਾਰ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਤਾਂ ਇਥੋਂ ਤਕ ਵੀ ਕਹਿ ਦਿੱਤਾ ਕਿ ਜੇਕਰ ਕੋਈ ਸੰਸਦ ਮੈਂਬਰ ਜਾਂ ਵਿਧਾਇਕ ਚੰਗੀ ਕਾਰਗੁਜ਼ਾਰੀ ਨਹੀਂ ਦਿਖਾਉਂਦਾ ਤਾਂ ਇਸ ਦੀ ਜ਼ਿੰਮੇਵਾਰੀ ਵੀ ਪਾਰਟੀ ਮੁਖੀ ਦੀ ਹੁੰਦੀ ਹੈ।

ਅਸਲ ਵਿਚ ਸਮਝਿਆ ਜਾ ਰਿਹਾ ਹੈ ਕਿ ਇਹ ਬਿਆਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਪ੍ਰਧਾਨ ਬਦਲਵਾਉਣ ਦੀ ਮੁਹਿੰਮ ਦੀ ਸ਼ੁਰੂਆਤ ਹੈ। ਇਹ ਸ਼ਾਹ ਮੋਦੀ ਪੱਖੀ ਆਰਐਸਐਸ. ਮੁਖੀ ਮੋਹਨ ਭਾਗਵਤ 'ਤੇ ਦਬਾਅ ਬਣਾਉਣ ਦੀ ਰਣਨੀਤੀ ਦਾ ਇਕ ਹਿੱਸਾ ਹੈ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਆਰਐਸਐਸ. ਦੇ ਇਕ ਮਹੱਤਵਪੂਰਨ ਨੇਤਾ ਸੰਜੇ ਜੋਸ਼ੀ ਅਤੇ ਗਡਕਰੀ ਦੀ ਨੇੜਤਾ ਇਸ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਉਂਝ ਅਗਲੇ ਕੁਝ ਦਿਨਾਂ ਵਿਚ ਪਾਰਟੀ ਵਿਚ ਗੁੱਠੇ ਲਾਏ ਗਏ ਕੁਝ ਨੇਤਾਵਾਂ ਅਤੇ ਕੁਝ ਮੰਤਰੀਆਂ ਵਲੋਂ ਵੀ ਅਜਿਹੇ ਬਿਆਨ ਦਿੱਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ਼ਾਇਦ ਅਜੇ ਮੋਹਨ ਭਾਗਵਤ ਧੜਾ ਏਨੀ ਛੇਤੀ ਝੁਕਣ ਵਾਲਾ ਨਹੀਂ ਹੈ, ਇਸ ਲਈ ਉਹ ਸੰਨ 2019 ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਲੀਡਰਸ਼ਿਪ ਵਿਚ ਬਦਲਾਅ ਲਈ ਸ਼ਾਇਦ ਹੀ ਤਿਆਰ ਹੋਣ ਪਰ ਭਵਿੱਖ ਦੇ ਗਰਭ ਵਿਚ ਕੀ ਲੁਕਿਆ ਹੈ, ਕੌਣ ਜਾਣਦਾ ਹੈ ?


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's Travel Stops & Country Stores

# ਮਾਲਟਾ ਕਾਂਡ ਨੂੰ ਯਾਦ ਕਰਕੇ ਅੱਜ ਵੀ ਠਠੰਬਰ ਜਾਂਦੇ ਹਨ ਲੋਕ

## 25 ਦਸੰਬਰ 1996 ਨੂੰ ਵਿਦੇਸ਼ ਜਾਣ ਦੀ ਚਾਹਤ 300 ਗੱਭਰੂਆਂ ਨੂੰ ਲੈ ਡੁੱਬੀ ਸੀ

- **ਸਮੁੰਦਰ ਵਿਚ ਗੁੰਮ ਗਏ ਪੁੱਤਰਾਂ ਨੂੰ ਅੱਜ ਵੀ ਉਡੀਕਦੀਆਂ ਨੇ ਮਾਵਾਂ**
- **ਇਕ ਦਰਜਨ ਦੇਸ਼ਾਂ ਦੇ ਢਾਈ ਸੌ ਮਨੁੱਖੀ-ਤਸਕਰਾਂ ਦਾ ਸੀ ਇਹ ਕਾਰਾ**
- **ਗੈਰ-ਕਾਨੂੰਨੀ ਟਰੈਵਲ ਏਜੰਟਾਂ ਦੀ ਹੱਬ ਬਣਿਆ ਹੋਇਆ ਹੈ ਪੰਜਾਬ**



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਨੌਜਵਾਨਾਂ ਅੰਦਰ ਵਿਦੇਸ਼ ਦੀ ਧਰਤੀ 'ਤੇ ਜਾ ਕੇ ਵਸਣ ਦੀ ਲਾਲਸਾ ਘਟਣ ਦੀ ਬਜਾਏ ਦਿਨੋ-ਦਿਨ ਵਧਦੀ ਹੀ ਜਾ ਰਹੀ ਹੈ। ਭਾਵੇਂ ਸਮੇਂ-ਸਮੇਂ ਕਈ ਦੁਖਦਾਈ ਹਾਦਸੇ ਵੀ ਵਾਪਰੇ, ਜਿਵੇਂ ਕਿ ਕ੍ਰਿਸਮਸ ਵਾਲੇ ਦਿਨ 25 ਦਸੰਬਰ 1996 ਦਾ ਮਾਲਟਾ ਕਾਂਡ। (ਮਾਲਟਾ ਕਾਂਡ ਵਿਚ 300 ਗੱਭਰੂ ਸਮੁੰਦਰ ਦੀ ਭੇਟ ਚੜ੍ਹ ਗਏ ਸਨ। ਇਨ੍ਹਾਂ ਵਿਚੋਂ 170 ਭਾਰਤੀ ਪੰਜਾਬ ਦੇ ਅਤੇ 40 ਪਾਕਿਸਤਾਨੀ ਪੰਜਾਬ ਦੇ ਸਨ ਅਤੇ 90 ਸ੍ਰੀਲੰਕਾ ਦੇ ਵਾਸੀ ਸਨ।) 21 ਅਪ੍ਰੈਲ 2002 ਦੇ ਤੁਰਕੀ ਦੁਖਾਂਤ ਵਿਚ 30 ਪੰਜਾਬੀ ਨੌਜਵਾਨਾਂ ਨੂੰ ਕਿਸ਼ਤੀ ਲੈ ਡੁੱਬੀ ਸੀ। ਫਿਰ ਵੀ ਗੈਰ ਕਾਨੂੰਨੀ ਏਜੰਟਾਂ ਦਾ ਇਹ ਗੋਰਖ ਧੰਦਾ ਥੰਮ੍ਹਣ ਦਾ ਨਾਮ ਨਹੀਂ ਲੈ ਰਿਹਾ। ਏਸ਼ੀਆ, ਅਫਰੀਕਾ ਅਤੇ ਅਰਬ ਦੇਸ਼ਾਂ ਨਾਲ ਸਬੰਧਿਤ ਬਹੁਤ ਸਾਰੇ ਵਿਅਕਤੀ ਯੂਰਪੀਨ ਮੁਲਕਾਂ ਅੰਦਰ ਪਹੁੰਚਣ ਲਈ ਅਨੇਕਾਂ ਜੋਖਮ ਉਠਾ ਰਹੇ ਹਨ। ਅੱਜਕੱਲ੍ਹ ਪੂਰੇ ਯੂਰਪ ਭਰ ਅੰਦਰ ਕੜਾਕੇ ਦੀ ਠੰਡ ਪੈ ਰਹੀ ਹੈ, ਪ੍ਰੰਤੂ ਇਸ ਦੇ ਬਾਵਜੂਦ ਸਮੁੰਦਰੀ ਬੇੜਿਆਂ ਅਤੇ ਕਿਸ਼ਤੀਆਂ ਰਾਹੀਂ ਇਟਲੀ, ਗਰੀਸ ਅਤੇ ਸਪੇਨ ਆਦਿ ਮੁਲਕਾਂ ਵੱਲ ਗੈਰਕਾਨੂੰਨੀ ਪ੍ਰਵਾਸ ਜਾਰੀ ਹੈ।

ਕਿੱਥੇ ਹੈ ਮਾਲਟਾ : ਮਾਲਟਾ ਰੂਮ ਸਾਗਰ ਦਾ ਟਾਪੂ ਹੈ ਜੋ ਇਟਲੀ ਤੋਂ ਅੱਸੀ ਕਿਲੋਮੀਟਰ, ਟਿਊਨੇਸ਼ੀਆ ਤੋਂ 284 ਕਿਲੋਮੀਟਰ ਅਤੇ ਲਿਬੀਆ ਤੋਂ 333 ਕਿਲੋਮੀਟਰ ਦੂਰ ਹੈ। ਤਕਰੀਬਨ 316 ਵਰਗ ਕਿਲੋਮੀਟਰ ਦਾ ਇਹ ਮੁਲਕ ਦੁਨੀਆ ਦਾ ਦਸਵੇਂ ਨੰਬਰ ਦਾ ਸਭ ਤੋਂ ਛੋਟਾ ਮੁਲਕ ਹੈ ਪਰ ਆਬਾਦੀ ਦੇ ਸੰਘਣੇਪਣ ਪੱਖੋਂ ਦੁਨੀਆ ਦਾ ਪੰਜਵੇਂ ਨੰਬਰ ਦਾ ਮੁਲਕ ਹੈ।ਪੰਜ ਲੱਖ ਤੋਂ ਘੱਟ ਦੀ ਆਬਾਦੀ ਵਾਲੇ ਮਾਲਟਾ ਵਿਚ ਸਾਲਾਨਾ ਸੋਲ੍ਹਾਂ ਲੱਖ ਤੋਂ ਜ਼ਿਆਦਾ ਸੈਲਾਨੀ ਆਉਂਦੇ ਹਨ। ਯੂਰਪ ਅਤੇ ਅਫ਼ਰੀਕਾ ਦੇ ਵਿਚਕਾਰ ਹੋਣ ਕਾਰਨ ਇਹ ਸਮੁੰਦਰੀ ਜਹਾਜ਼ਾਂ ਦਾ ਅਹਿਮ ਟਿਕਾਣਾ ਹੈ ਜਿਸ ਦੀ ਅਹਿਮੀਅਤ ਰੂਮ ਸਾਗਰ ਅਤੇ ਲਾਲ ਸਾਗਰ ਨੂੰ ਜੋੜਣ ਵਾਲੀ ਸਵੇਜ ਨਹਿਰ ਬਣਨ ਨਾਲ ਹੋਰ ਵਧ ਗਈ ਹੈ।ਇਸ ਦੀਆਂ ਬੰਦਰਗਾਹਾਂ ਉੱਤੇ ਬਰਾਮਦ/ਦਰਾਮਦ ਦਾ ਸਾਮਾਨ ਚੜ੍ਹਾਉਣ/ਉਤਾਰਨ ਤੋਂ ਇਲਾਵਾ ਸਮੁੰਦਰੀ ਜਹਾਜ਼ ਤੇਲ/ਪਾਣੀ/ਰਾਸ਼ਣ ਲਈ ਰੁਕਦੇ ਹਨ। ਇਸ ਤਰ੍ਹਾਂ ਇਹ ਯਾਤਰੀਆਂ ਅਤੇ ਵਪਾਰੀਆਂ ਦਾ ਪਸੰਦੀਦਾ ਟਿਕਾਣਾ ਬਣ ਜਾਂਦਾ ਹੈ।

ਕਿਵੇਂ ਵਾਪਰਿਆ ਸੀ ਮਾਲਟਾ ਕਾਂਡ : ਅਫ਼ਰੀਕਾ ਤੋਂ ਯੂਰਪ ਜਾਣ ਲਈ ਨਾ ਸਿਰਫ਼ ਅਫ਼ਰੀਕੀ ਮੂਲ ਦੇ ਲੋਕ ਰੂਮ ਸਾਗਰ ਪਾਰ ਕਰਨ ਦਾ ਤਰੱਦਦ ਕਰਦੇ ਸਨ, ਸਗੋਂ ਏਸ਼ੀਆ ਤੋਂ ਵੀ ਲੋਕ ਇਸ ਲਾਂਘੇ ਦਾ ਇਸਤੇਮਾਲ ਕਰਦੇ ਹਨ। ਇਸ ਕਾਰਨ ਇਹ ਮਨੁੱਖੀ ਤਸਕਰੀ ਦਾ ਬਦਨਾਮ ਖਿੱਤਾ ਹੈ ਜਿੱਥੇ ਤਸਕਰਾਂ ਦੇ ਕੌਮਾਂਤਰੀ ਗਰੋਹ ਸਰਗਰਮ ਹਨ।ਮਾਲਟਾ ਜਹਾਜ਼ ਦੁਰਘਟਨਾ ਜਾਂਚ ਮਿਸ਼ਨ ਦੇ ਬਾਨੀ ਬਲਵੰਤ ਸਿੰਘ ਖੇੜਾ ਨੇ ਇਸ ਕਾਂਡ ਦੇ ਤੱਥਾਂ ਅਤੇ ਸਿਲਸਿਲੇ ਦੀ ਥਹੁ ਪਾਉਣ ਲਈ ਮੌਕੇ ਦੇ ਗਵਾਹਾਂ ਨਾਲ ਮੁਲਾਕਾਤਾਂ ਕੀਤੀਆਂ ਹਨ ਅਤੇ ਉਨ੍ਹਾਂ ਥਾਵਾਂ ਦਾ ਦੌਰਾ ਕੀਤਾ ਹੈ। ਬਲਵੰਤ ਸਿੰਘ ਖੇੜਾ ਨੇ ਪੀੜਤਾਂ ਦਾ ਮਾਮਲਾ ਅਦਾਲਤ ਤਕ ਪਹੁੰਚਾਇਆ ਸੀ ਤਾਂ ਜੋ ਜਾਇਦਾਦ ਦੀ ਦਾਅਵੇਦਾਰੀ ਦਾ ਮਸਲਾ ਸੁਲਝ ਸਕੇ

ਬਲਵੰਤ ਸਿੰਘ ਖੇੜਾ ਦੱਸਦੇ ਹਨ ਕਿ ਮਾਲਟਾ ਕਾਂਡ 25 ਦਸੰਬਰ 1996 ਨੂੰ ਇਟਲੀ-ਮਾਲਟਾ ਸਮੁੰਦਰ ਵਿਚ ਵਾਪਰਿਆ ਸੀ । ਉਨ੍ਹਾਂ ਦਿਨਾਂ ਵਿਚ ਸਾਰਾ ਪੰਜਾਬ ਰੋ ਰਿਹਾ ਸੀ ਅਤੇ ਮਾਪੇ ਕਮਾਈਆਂ ਕਰਨ ਗਏ ਪੁੱਤਰਾਂ ਨੂੰ ਭਾਲ ਰਹੇ ਸਨ। ਇਸ ਕਾਂਡ ਵਿਚ 300 ਗੱਭਰੂ ਸਮੁੰਦਰ ਦੀ ਭੇਟ ਚੜ੍ਹ ਗਏ ਸਨ, ਜਿਨ੍ਹਾਂ ਵਿੱਚੋਂ 170 ਪੰਜਾਬ ਦੇ ਅਤੇ 40 ਪਾਕਿਸਤਾਨੀ ਪੰਜਾਬ ਦੇ ਸਨ ਅਤੇ 90 ਸ਼੍ਰੀ ਲੰਕਾ ਦੇ ਵਾਸੀ ਸਨ। ਅੰਤਰ-ਰਾਸ਼ਟਰੀ ਮੀਡੀਆ ਨੇ ਇਸ ਦੁਖਦਾਈ ਕਾਂਡ ਨੂੰ ਉਜਾਗਰ ਵੀ ਕੀਤਾ ਸਗੋਂ ਲਗਾਤਾਰ ਪੈਰਵੀਂ ਵੀ ਕੀਤੀ। ਇਹ ਸਮੁੰਦਰੀ ਘਟਨਾ ਵੀਹ ਕਰੋੜੀ ਵਪਾਰ ਦੀ ਯੋਜਨਾ ਸੀ ਅਤੇ ਇਸ ਵਿਚ ਇਕ ਦਰਜਨ ਦੇਸ਼ਾਂ ਦੇ ਮਨੁੱਖੀ-ਤਸਕਰ ਸ਼ਾਮਿਲ ਸਨ, ਜਿਨ੍ਹਾਂ ਵਿਚ ਯੂਨਾਨ, ਇਟਲੀ, ਮਾਲਟਾ, ਲਿਬੀਆ, ਭਾਰਤ, ਪਾਕਿਸਤਾਨ, ਸ਼੍ਰੀ ਲੰਕਾ ਦੇ ਸਾਜਿਸ਼ੀ ਵੀ ਸ਼ਾਮਿਲ ਸਨ। ਮੈਂ ਉਸ ਸਮੇਂ ਹਕੂਮਤੀ ਪਾਰਟੀ ਜਨਤਾ ਦਲ ਦਾ ਪੰਜਾਬ ਦਾ ਪ੍ਰਧਾਨ ਸੀ। ਪੀੜਤ ਪਰਿਵਾਰਾਂ ਦੀ ਪੁਕਾਰ ਉਤੇ ਕੁਝ ਮਿੱਤਰਾਂ ਨੇ ਮਾਲਟਾ-ਦੁਰਘਟਨਾ ਜਾਂਚ ਮਿਸ਼ਨ ਸਥਾਪਿਤ ਕੀਤਾ ਅਤੇ ਖੋਜ-ਕਾਰਜ ਵਿਚ ਜੁਟ ਗਏ ਅਤੇ ਯੂਰਪ ਦੇ ਕਈ ਦੇਸ਼ਾਂ ਦੀ ਖਾਕ ਛਾਣੀ। ਸਾਨੂੰ ਬੜੀ ਸਫਲਤਾ ਮਿਲੀ ਜਦੋਂ ਵੱਡੇ ਯੀਓਹਾਨ ਨਾਮ ਦੇ ਜਹਾਜ਼ 'ਤੇ ਸਵਾਰ 565 ਯਾਤਰੀਆਂ ਵਿਚੋਂ 265 ਬਚ ਗਏ ਯਾਤਰੂਆਂ ਨਾਲ ਸਾਡੀ ਭੇਟ ਹੋ ਗਈ। ਸਾਡੇ ਵਾਂਗ ਜਰਮਨ ਦੇ ਇਕ ਖੋਜੀ ਪੱਤਰਕਾਰ ਸ਼੍ਰੀ ਕਮਲ-ਤਾਇਲਨ ਵੱਲੋਂ ਤਿਆਰ ਕੀਤੀ ਡਾਕੂਮੈਂਟਰੀ ਫ਼ਿਲਮ ਸਾਡੇ ਹੱਥ ਲੱਗ ਗਈ। ਉਸ ਫ਼ਿਲਮ ਵਿਚ ਜਹਾਜ਼ ਦੇ ਕਪਤਾਨ ਯੂਸਫ਼-ਇਲ-ਹਲਾਲ ਨਾਲ ਹੋਈ ਭੇਟ ਵਾਰਤਾ ਵੀ ਦੇਖਣ ਨੂੰ ਮਿਲੀ ਅਤੇ ਕੈਪਟਨ ਵੱਲੋਂ ਹਾਦਸੇ ਦੇ ਥਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਜਾਣਕਾਰੀ ਉਪਰੰਤ ਸਾਨੂੰ ਜਹਾਜ਼ ਦੇ ਮਲਬੇ ਤੇ ਜਵਾਨਾਂ ਦੀਆਂ ਅਸਥੀਆਂ ਦੀਆਂ ਤਸਵੀਰਾਂ ਵੀ ਮਿਲ ਗਈਆਂ। ਪੰਜਾਬ ਦੀਆਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੇ ਸਾਡੇ ਮਿਸ਼ਨ ਨੂੰ ਸਹਿਯੋਗ ਤਾਂ ਕੀ ਦੇਣਾ ਸੀ ਸਗੋਂ ਜਦੋਂ ਪੀੜਤ ਪਰਿਵਾਰ ਦੀਆਂ ਦੋ ਬੱਸਾਂ ਭਰ ਕੇ ਮੁੱਖ-ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਗਏ ਤਾਂ ਉਨ੍ਹਾਂ ਦੀ ਪੁਲੀਸ ਨੇ ਧੱਕੇ ਮਾਰੇ ਅਤੇ ਉਨ੍ਹਾਂ ਦੀ ਫ਼ਰਿਆਦ ਤਾਂ ਕੀ ਸੁਣਨੀ ਸੀ ਸਗੋਂ 11 ਨੇਤਾ ਗ੍ਰਿਫ਼ਤਾਰ ਕਰ ਲਏ। ਮਿਸ਼ਨ ਦੇ ਨੇਤਾ ਇਕ ਸਾਲ ਚੰਡੀਗੜ੍ਹ ਦੀਆਂ ਅਦਾਲਤਾਂ ਵਿਚ ਖੱਜਲ ਹੁੰਦੇ ਰਹੇ। ਸਾਡਾ ਤਜਰਬਾ ਹੈ ਕਿ ਇਹ ਧੰਦਾ ਸਰਕਾਰ ਅਤੇ ਮਨੁੱਖੀ ਤਸਕਰਾਂ ਦੀ ਭਾਈਵਾਲੀ ਕਾਰਨ ਪਹਿਲਾਂ ਵੀ ਚੱਲਦਾ ਸੀ ਅਤੇ ਅੱਗੋਂ ਵੀ ਚੱਲਦਾ ਰਹੇਗਾ। ਸਾਡੇ ਅੰਦੋਲਨ ਕਾਰਨ ਛੇ ਸੱਤ ਜ਼ਿਲ੍ਹਿਆਂ ਦੇ ਥਾਣਿਆਂ ਵਿਚ ਐਫਆਈਆਰ. ਦਰਜ ਕੀਤੀਆਂ ਗਈਆਂ ਪ੍ਰੰਤੂ ਪਿੱਛੋਂ ਭਾਰਤ ਸਰਕਾਰ ਨੇ ਪਾਰਲੀਮੈਂਟ ਵਿਚ ਰੌਲਾ ਪੈ ਜਾਣ ਕਾਰਨ ਇਹ ਮਾਮਲਾ ਸੀਬੀਆਈ. ਨੂੰ ਸੌਂਪ ਦਿੱਤਾ। ਇਕ ਅੰਦਾਜ਼ੇ ਮੁਤਾਬਿਕ ਇਸ ਮਾਮਲੇ ਵਿਚ ਢਾਈ ਸੌ ਛੋਟੇ ਵੱਡੇ ਏਜੰਟ ਸ਼ਾਮਿਲ ਸਨ ਪਰ ਸੀਬੀਆਈ. ਨੇ ਕੇਵਲ 28 ਵੱਡੇ ਠੱਗਾਂ 'ਤੇ ਮੁਕੱਦਮਾ ਦਰਜ ਕੀਤਾ। ਸਾਡੀ ਸੂਚਨਾ ਅਨੁਸਾਰ ਉਨ੍ਹਾਂ ਵਿਚੋਂ ਦਸ ਰੱਬ ਨੂੰ ਪਿਆਰੇ ਵੀ ਹੋ ਗਏ ਹਨ। ਸੀਬੀਆਈ. ਦੇ ਚਾਰਜਸ਼ੀਟ ਦਾਖ਼ਲ ਕਰਨ ਵੇਲੇ ਤਕ ਹੀ ਇਨ੍ਹਾਂ ਵਿੱਚੋਂ ਕਈ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਸੀ। ਇਹ ਮਾਮਲਾ ਹਾਲੇ ਤਕ ਦਿੱਲੀ ਦੀ ਰੋਹਿਣੀ ਅਦਾਲਤ ਵਿਚ ਪਿਆ ਹੈ ਪਰ ਇਸ ਨਾਲ ਜੁੜੀ ਪੀੜਤ ਧਿਰ ਨਿਰਾਸ਼ ਹੋ ਚੁੱਕੀ ਹੈ। ਬਲਵੰਤ ਸਿੰਘ ਦੱਸਦੇ ਹਨ, "ਪਹਿਲਾਂ ਸੀਬੀਆਈ. ਦੇ ਅਫ਼ਸਰ ਨਾਲ ਰਾਬਤਾ ਰਹਿੰਦਾ ਸੀ ਪਰ ਹੁਣ ਉਨ੍ਹਾਂ ਦੀ ਬਦਲੀ ਹੋ ਗਈ ਹੈ ਤਾਂ ਸਾਨੂੰ ਉਸ ਮਾਮਲੇ ਦੀ ਜਾਣਕਾਰੀ ਵੀ ਨਹੀਂ। "

ਯੂਨਾਨ ਦੇ ਦੋਸ਼ੀ ਮੁਕੱਦਮੇ ਦੀ ਠੀਕ ਪੈਰਵਾਈ ਨਾ ਹੋਣ ਕਾਰਨ ਸਜ਼ਾ ਤੋਂ ਬਚ ਗਏ ਸਨ। ਇਟਲੀ ਵਿਚ ਇਕ ਸੰਸਦੀ ਜਾਂਚ ਕਮੇਟੀ ਬਣਾਈ ਗਈ ਸੀ ਪਰ ਪੰਜ-ਛੇ ਮਹੀਨੇ ਬਾਅਦ ਸਬੂਤਾਂ ਦੀ ਅਣਹੋਂਦ ਕਾਰਨ ਇਹ ਜਾਂਚ ਬੰਦ ਕਰ ਦਿੱਤੀ ਗਈ। ਸਾਡੇ ਮਿਸ਼ਨ ਨੂੰ ਇਟਲੀ ਤੇ ਮਾਲਟਾ ਸਰਕਾਰਾਂ ਤੋਂ ਭਰਪੂਰ ਸਹਿਯੋਗ ਮਿਲਿਆ ਅਤੇ ਸਾਡੀ ਗਵਾਹੀ ਉੱਥੋਂ ਦੀ ਸਿਸਲੀ ਪ੍ਰਾਂਤ ਦੀ ਹਾਈਕੋਰਟ ਸਰਕੂਜਾ ਵਿਚ ਤੇਰ੍ਹਾਂ ਜੱਜਾਂ ਦੇ ਫੁੱਲ ਬੈਂਚ ਸਾਹਮਣੇ ਹੋਈ। ਅਦਾਲਤ ਨੇ ਵੱਡੇ ਜਹਾਜ਼ ਜੀਓਹਾਨ ਦੇ ਕਪਤਾਨ ਯੂਸਫ਼-ਇਲ-ਹਲਾਲ, ਛੋਟੇ ਜਹਾਜ਼ ਦਾ ਕਪਤਾਨ ਸੀ. ਸਰਾਕੋਜ਼ੀ ਅਤੇ ਮਾਲਟਾ ਵਿਚ ਇਕ ਮਾਲਟੀ ਔਰਤ ਨਾਲ ਸ਼ਾਦੀ ਕਰਕੇ ਰਹਿ ਰਹੇ ਪਾਕਿਸਤਾਨੀ ਤਰਾਬ ਅਹਿਮਦ ਸ਼ੇਖ ਨੂੰ 30/30 ਸਾਲ ਦੀ ਸਜ਼ਾ ਸੁਣਾਈ। ਇਸ ਕਾਰਜ ਵਿਚ ਭਾਰਤ ਦੇ ਰੋਮ ਸਥਿਤ ਦੂਤਾਵਾਸ ਅਤੇ ਇਟਲੀ ਦੀ ਸੈਨੇਟਰ ਬੀਬੀ ਤਾਨਾ-ਦੀ-ਜੁਲੀਟਾ ਨੇ ਭਰਪੂਰ ਸਮਰਥਨ ਦਿੱਤਾ। ਭਾਰਤ ਵਿਚ ਸਾਡੇ ਮਿਸ਼ਨ ਨੂੰ ਪੰਜਾਬ ਤੇ ਹਰਿਆਣਾ-ਹਾਈ ਕੋਰਟ ਦੀ ਵਕੀਲ ਬੀਬੀ ਜਤਿੰਦਰਜੀਤ ਕੌਰ ਦਾ ਸਹਿਯੋਗ ਲਗਾਤਾਰ ਮਿਲਦਾ ਰਿਹਾ ਹੈ, ਜਿਸ ਕਾਰਨ ਅਸੀਂ ਪੀੜਤ-ਪਰਿਵਾਰਾਂ ਨੂੰ 50/50 ਹਜ਼ਾਰ ਦੀ ਤੁੱਛ ਰਾਸ਼ੀ ਅਤੇ ਮਾਪਿਆਂ ਨੂੰ ਉਨ੍ਹਾਂ ਦੇ ਪੁੱਤਰਾਂ ਦੇ ਮੌਤ-ਸਰਟੀਫੀਕੇਟ ਹੀ ਦੁਆ ਸਕੇ ਹਾਂ। ਕੁਝ ਪਰਿਵਾਰਾਂ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਪਰ ਅਦਾਲਤ ਵਿਚ ਇਸ ਮਾਮਲੇ ਨੂੰ ਮੌਤਾਂ ਦੀ ਰਸਮੀ ਪ੍ਰਵਾਨਗੀ ਵਜੋਂ ਪੇਸ਼ ਕੀਤਾ ਗਿਆ। ਸੈਸ਼ਨ ਅਦਾਲਤਾਂ ਵਿਚ ਸਾਰੇ ਪੀੜਤ ਪਰਿਵਾਰਾਂ ਨੇ ਆਪਣੇ ਮੁਕੱਦਮੇ ਪੇਸ਼ ਕੀਤੇ ਅਤੇ ਟਰੈਵਲ ਏਜੰਟਾਂ ਨੂੰ ਮੁਲਜ਼ਮ ਬਣਾਇਆ। ਇਕ ਮਾਮਲੇ ਵਿਚ ਕਪੂਰਥਲਾ ਅਦਾਲਤ ਨੇ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਸਜ਼ਾ ਸੁਣਾਈ ਪਰ ਬਾਕੀ ਸਾਰੀਆਂ ਸੈਸ਼ਨ ਅਦਾਲਤਾਂ ਨੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਹੁਣ ਇਹ ਮਾਮਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਮੁੜ-ਵਿਚਾਰ ਲਈ ਪਏ ਹਨ।

ਜਤਿੰਦਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਮੁਆਵਜ਼ੇ ਲਈ ਇਟਲੀ ਦੀਆਂ ਅਦਾਲਤਾਂ ਵਿਚ ਇਹ ਮਾਮਲਾ ਲਿਜਾਣ ਦਾ ਉਪਰਾਲਾ ਕੀਤਾ ਸੀ।ਇਸ ਵਿਚ ਸ਼੍ਰੀਲੰਕਾ ਦੇ ਪੀੜਤਾਂ ਦੀ ਨੁਮਾਇੰਦਗੀ ਕਰਨ ਵਾਲੀ ਵਕੀਲ ਨੇ ਪਹਿਲਕਦਮੀ ਕੀਤੀ ਸੀ ਪਰ ਭਾਰਤ ਸਰਕਾਰ ਦੀ ਢੁਕਵੀਂ ਮਦਦ ਨਾ ਮਿਲਣ ਕਾਰਨ ਇਹ ਮਾਮਲਾ ਕਿਸੇ ਸਿਰੇ ਨਹੀਂ ਲੱਗਿਆ।



ਮਾਰੇ ਗਏ ਨੌਜਵਾਨਾਂ ਦੇ ਪਰਿਵਾਰਾਂ ਦਾ ਦਰਦ : ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਆਲਮਗੀਰ ਕਾਲਾ ਸੰਘਿਆਂ ਦੀ ਮਹਿੰਦਰ ਕੌਰ ਤੇ ਮਿਸਤਰੀ ਅਰਜਨ ਸਿੰਘ ਨੂੰ ਅੱਜ ਵੀ ਆਪਣੇ ਵੀਹ ਸਾਲ ਦੇ ਪੁੱਤਰ ਪਲਵਿੰਦਰ ਸਿੰਘ ਦੇ ਆਉਣ ਦੀ ਉਡੀਕ ਹੈ

ਅਰਜਨ ਸਿੰਘ ਦੱਸਦਾ ਹੈ ਕਿ ਉਸ ਦੀ ਪਤਨੀ ਦੇ ਦੋਵੇਂ ਹੱਥ ਕੰਮ ਨਹੀਂ ਕਰਦੇ। 22 ਸਾਲ ਪਹਿਲਾਂ ਵੱਡਾ ਪੁੱਤਰ ਪਲਵਿੰਦਰ ਸਿੰਘ ਇਟਲੀ ਜਾਂਦਾ ਹੋਇਆ ਮਾਲਟਾ ਕਿਸ਼ਤੀ ਕਾਂਡ ਵਿਚ ਲਾਪਤਾ ਹੋ ਗਿਆ ਸੀ ਜਿਸ ਦਾ ਇੰਤਜ਼ਾਰ ਇਸ ਨੂੰ ਅੱਜ ਵੀ ਹੈ।ਪਲਵਿੰਦਰ ਸਿੰਘ ਦੇ ਪਿਤਾ ਅਰਜਨ ਸਿੰਘ ਨੇ ਦੱਸਿਆ ਕਿ ਮਾਲਟਾ ਕਿਸ਼ਤੀ ਕਾਂਡ ਨੇ ਉਨ੍ਹਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਉਸ ਦੀ ਪਤਨੀ ਉਸ ਤੋਂ ਬਾਅਦ ਦੀ ਸਦਮੇ 'ਚ ਹੈ।ਉਨ੍ਹਾਂ ਦੱਸਿਆ ਕਿ ਜਦੋਂ ਵੀ ਸ਼ਹਿਰ ਤੋਂ ਘਰ ਆਉਂਦਾ ਹੈ ਤਾਂ ਅਕਸਰ ਮਹਿੰਦਰ ਕੌਰ ਆਪਣੇ ਪੁੱਤਰ ਦੀ ਖ਼ਬਰ ਸਾਰ ਮਿਲਣ ਦੀ ਉਮੀਦ ਨਾਲ ਉਸ ਨਾਲ ਗੱਲਾਂ ਕਰਦੀ ਹੈ। ਹਾਲਾਂਕਿ ਮਹਿੰਦਰ ਕੌਰ ਨੂੰ ਹੁਣ ਉੱਚਾ ਸੁਣਦਾ ਹੈ ਪਰ ਫੇਰ ਵੀ ਉਸ ਦੀ ਅੱਖਾਂ ਘਰ ਦੀ ਗਲੀ ਵੱਲ ਲੱਗੀਆਂ ਰਹਿੰਦੀਆਂ ਹਨ ਕਿ ਉਸ ਦਾ ਪੁੱਤਰ ਇਕ ਦਿਨ ਜ਼ਰੂਰ ਆਵੇਗਾ। ਮਹਿੰਦਰ ਕੌਰ ਨੇ ਦੱਸਿਆ ਕਿ ਉਹ ਆਪਣੇ ਬੇਟੇ ਨੂੰ ਵਿਦੇਸ਼ ਭੇਜਣ ਦੇ ਹੱਕ ਵਿਚ ਨਹੀਂ ਸੀ। ਅੱਥਰੂਆਂ ਨਾਲ ਭਰੀਆਂ ਅੱਖਾਂ ਨਾਲ ਸਾਡੇ ਨਾਲ ਗੱਲ ਕਰਦਿਆਂ ਮਹਿੰਦਰ ਕੌਰ ਨੇ ਦੱਸਿਆ 'ਕਿ ਉਸ ਨੇ ਪਲਵਿੰਦਰ ਨੂੰ ਬਹੁਤ ਰੋਕਿਆ ਪਰ ਰੁਕਿਆ ਨਹੀਂ।' ਥੋੜ੍ਹਾ ਚੁੱਪ ਰਹਿਣ ਤੋਂ ਬਾਅਦ ਉਹ ਆਖਦੀ ਹੈ, 'ਜਿਸ ਦਿਨ ਏਜੰਟ ਉਸ ਨੂੰ ਘਰੋਂ ਲੈ ਕੇ ਗਿਆ ਉਸ ਰਾਤ ਮੇਰਾ ਪੁੱਤਰ ਮੇਰੇ ਨਾਲ ਪਿਆ ਸੀ ਪਰ ਉਹ ਮੈਨੂੰ ਸੁੱਤੀ ਪਈ ਨੂੰ ਹੀ ਛੱਡ ਕੇ ਚਲਾ ਗਿਆ।'20 ਸਾਲ ਦਾ ਪਲਵਿੰਦਰ ਸਿੰਘ, ਅਰਜਨ ਸਿੰਘ ਦੇ ਚਾਰ ਬੱਚਿਆਂ ਵਿਚੋਂ ਸਭ ਤੋਂ ਵੱਡਾ ਪੁੱਤਰ ਸੀ। ਪੜ੍ਹਾਈ ਤੋਂ ਬਾਅਦ ਉਸ ਨੇ ਪਿੰਡ ਆਲਮਗੀਰ ਕਾਲਾ ਸੰਘਿਆਂ ਵਿਚ ਪਿਤਾ ਨਾਲ ਹੀ ਕਾਰਪੈਂਟਰ ਦਾ ਕੰਮ ਸ਼ੁਰੂ ਕਰ ਦਿੱਤਾ। ਦੁਆਬੇ ਦੇ ਆਮ ਮੁੰਡਿਆਂ ਵਾਂਗ ਉਸ ਨੇ ਵਿਦੇਸ਼ ਜਾਣ ਦਾ ਫ਼ੈਸਲਾ ਕੀਤਾ। ਫਿਰ ਇਕ ਏਜੰਟ ਮਿਲਿਆ ਜਿਸ ਨਾਲ ਢਾਈ ਲੱਖ ਰੁਪਏ ਵਿਚ ਇਟਲੀ ਭੇਜਣ ਦਾ ਸੌਦਾ ਤੈਅ ਹੋ ਗਿਆ।ਅਰਜਨ ਸਿੰਘ ਮੁਤਾਬਕ ਸਮੁੰਦਰੀ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਪਲਵਿੰਦਰ ਸਿੰਘ ਦੀ ਅੰਤਿਮ ਵਾਰੀ ਉਨ੍ਹਾਂ ਨਾਲ ਫ਼ੋਨ ਰਾਹੀਂ ਇਕ ਵਾਰ ਗੱਲਬਾਤ ਹੋਈ ਸੀ।ਪਲਵਿੰਦਰ ਸਿੰਘ ਦੇ ਪਿਤਾ ਅਰਜਨ ਸਿੰਘ ਨੇ ਦੱਸਿਆ ਕਿ ਏਜੰਟ ਨੂੰ ਸੱਤਰ ਹਜ਼ਾਰ ਰੁਪਏ ਐਡਵਾਂਸ ਦੇ ਰੂਪ ਵਿਚ ਦਿੱਤੇ ਗਏ ਅਤੇ ਉਸ ਤੋਂ ਬਾਅਦ ਪਲਵਿੰਦਰ ਸਿੰਘ ਏਜੰਟ ਨਾਲ ਇਟਲੀ ਲਈ ਨਵੰਬਰ 1996 ਵਿਚ ਘਰੋਂ ਚਲਾ ਗਿਆ।ਅਰਜਨ ਸਿੰਘ ਨੇ ਦੱਸਿਆ ਕਿ ਦਿੱਲੀ ਤੋਂ ਉਡਾਣ ਰਾਹੀਂ ਪਲਵਿੰਦਰ ਸਿੰਘ ਨੂੰ ਕਿਸੇ ਹੋਰ ਮੁਲਕ ਭੇਜਿਆ ਗਿਆ ਅਤੇ ਉਸ ਤੋਂ ਬਾਅਦ ਸਮੁੰਦਰੀ ਜਹਾਜ਼ ਰਾਹੀਂ ਗ਼ੈਰਕਾਨੂੰਨੀ ਤਰੀਕੇ ਨਾਲ ਬਾਕੀ ਮੁੰਡਿਆਂ ਵਾਂਗ ਉਸ ਨੂੰ ਇਟਲੀ ਵਿਚ ਦਾਖਲ ਕਰਵਾਇਆ ਜਾਣਾ ਸੀ। ਇਸ ਗੱਲ ਦਾ ਪਤਾ ਉਨ੍ਹਾਂ ਨੂੰ ਹਾਦਸੇ ਤੋਂ ਬਾਅਦ ਲੱਗਾ ਜਦਕਿ ਏਜੰਟ ਨੇ ਸਿੱਧੀ ਇਟਲੀ ਦੀ ਫਲਾਈਟ ਕਰਵਾਉਣ ਦਾ ਵਾਅਦਾ ਉਨ੍ਹਾਂ ਨਾਲ ਕੀਤਾ ਸੀ।

ਅਰਜਨ ਸਿੰਘ ਮੁਤਾਬਕ ਸਮੁੰਦਰੀ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਪਲਵਿੰਦਰ ਸਿੰਘ ਦੀ ਅੰਤਿਮ ਵਾਰ ਫ਼ੋਨ ਰਾਹੀਂ ਗੱਲਬਾਤ ਹੋਈ ਸੀ ਜਿਸ ਵਿਚ ਉਸ ਨੇ ਆਖਿਆ ਸੀ ਕਿ ਉਹ ਸਮੁੰਦਰੀ ਜਹਾਜ਼ ਰਾਹੀਂ ਇਟਲੀ ਜਾ ਰਹੇ ਹਨ ਅਤੇ ਸ਼ਿੱਪ ਵਿਚ ਹੋਰ ਵੀ ਬਹੁਤ ਸਾਰੇ ਪੰਜਾਬੀ ਮੁੰਡੇ ਹਨ।ਅਰਜਨ ਸਿੰਘ ਦੱਸਦਾ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਫ਼ੋਨ ਆਇਆ ਪਰ ਇਹ ਫ਼ੋਨ ਕਿਸ਼ਤੀ ਡੁੱਬਣ ਬਾਰੇ ਸੀ। ਇਹ ਫ਼ੋਨ ਕਾਲਾ ਸੰਘਿਆਂ ਦੇ ਮਨਦੀਪ ਸਿੰਘ ਨਾਮਕ ਨੌਜਵਾਨ ਨੇ ਕੀਤਾ ਸੀ ਜੋ ਇਸ ਹਾਦਸੇ ਵਿਚੋਂ ਬਚਣ ਵਾਲੇ 24 ਮੁੰਡਿਆਂ ਵਿਚੋਂ ਇਕ ਸੀ। ਅਰਜਨ ਸਿੰਘ ਨੇ ਆਖਿਆ ਕਿ ਇਸ ਕਿਸ਼ਤੀ ਕਾਂਡ ਤੋਂ ਬਾਅਦ ਉਹ ਮਨਦੀਪ ਸਿੰਘ ਨਾਮਕ ਨੌਜਵਾਨ ਨੂੰ ਮਿਲਿਆ ਵੀ ਸੀ ਪਰ ਉਸ ਦੇ ਜਵਾਬ ਵੀ ਉਸ ਦੀ ਤਸੱਲੀ ਨਹੀਂ ਕਰਵਾ ਸਕੇ।ਅਰਜਨ ਸਿੰਘ ਨੇ ਆਖਿਆ ਕਿ ਪੁੱਤਰ ਦਾ ਲਾਪਤਾ ਹੋਣ ਦਾ ਗ਼ਮ ਤਾਂ ਉਨ੍ਹਾਂ ਨੂੰ ਸਾਰੀ ਉਮਰ ਹੈ ਹੀ ਪਰ ਇਸ ਤੋਂ ਬਾਅਦ ਇਨਸਾਫ਼ ਲਈ ਜੋ ਦਰ-ਦਰ ਠੋਕਰਾਂ ਖਾਧੀਆਂ, ਇਸ ਦਾ ਗ਼ਮ ਵੀ ਬਹੁਤ ਜ਼ਿਆਦਾ ਹੈ। ਅਰਜਨ ਸਿੰਘ ਨੇ ਦੱਸਿਆ ਕਿ ਆਪਣੇ ਪੁੱਤਰ ਦਾ ਭਾਲ ਲਈ ਅਤੇ ਇਸ ਕਿਸ਼ਤੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਉਹ ਬਲਵੰਤ ਸਿੰਘ ਖੇੜਾ ਦੀ ਅਗਵਾਈ ਵਿਚ ਬਣੇ ਮਾਲਟਾ ਜਹਾਜ਼ ਦੁਰਘਟਨਾ ਜਾਂਚ ਮਿਸ਼ਨ ਰਾਹੀਂ ਇਨਸਾਫ਼ ਦੀ ਲੜਾਈ ਹੁਣ ਵੀ ਲੜ ਰਿਹਾ ਹੈ।

ਅਰਜਨ ਸਿੰਘ ਮੁਤਾਬਕ ਕਰੀਬ ਚਾਰ-ਕੁ ਸਾਲ ਪਹਿਲਾਂ ਉਸ ਨੂੰ ਪਲਵਿੰਦਰ ਸਿੰਘ ਦਾ ਡੈੱਥ ਸਰਟੀਫਿਕੇਟ ਮਿਲਿਆ ਹੈ ਪਰ ਉਸ ਦਾ ਦਿਲ ਅਜੇ ਵੀ ਇਸ ਗੱਲ ਦੀ ਹਾਮੀ ਨਹੀਂ ਭਰਦਾ। ਅਰਜਨ ਸਿੰਘ ਦੇ ਦੋ ਪੁੱਤਰ ਅਤੇ ਇਕ ਧੀ ਵਿਦੇਸ਼ ਵਿਚ ਰਹਿੰਦੀ ਹੈ। ਧੀ ਵਿਆਹ ਤੋਂ ਬਾਅਦ ਇੰਗਲੈਂਡ ਚਲੀ ਗਈ ਅਤੇ ਦੋਵੇਂ ਪੁੱਤਰ ਮਨੀਲਾ ਵਿਚ ਕੰਮ ਕਰਦੇ ਹਨ।ਅਰਜਨ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਨੌਜਵਾਨਾਂ

ਬਾਕੀ ਸਫ਼ਾ 29 'ਤੇ



## ਪੰਜਾਬ ਸਰਕਾਰ ਵੱਲੋਂ ਜੇਲ੍ਹਾਂ 'ਚ ਤਾੜੇ ਕਥਿਤ ਨਸ਼ਾ ਤਸਕਰ ਆਏ ਬਾਹਰ

***725 ਮੁਲਜ਼ਮਾਂ ਦਾ ਤਾਂ ਚਲਾਨ ਹੀ ਪੇਸ਼ ਨਾ ਕਰ ਸਕੀ ਪੁਲਿਸ***

**ਬਠਿੰਡਾ/ਬਿਊਰੋ ਨਿਊਜ਼ :**

ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਨਸ਼ਾ ਤਸਕਰੀ 'ਚ ਤਾੜੇ ਮੁਲਜ਼ਮ ਹੁਣ ਜੇਲ੍ਹਾਂ ਤੋਂ ਬਾਹਰ ਹਨ। 'ਜੇਲ੍ਹ ਮਹਿਕਮੇ ਦਾ ਜੋ ਵੇਰਵਾ ਹੈ, ਉਸ ਤੋਂ ਇਹੋ ਸਾਹਮਣੇ ਆਇਆ ਹੈ ਕਿ ਕਾਂਗਰਸ ਸਰਕਾਰ ਵੱਲੋਂ ਨਸ਼ਾ ਤਸਕਰੀ 'ਚ ਪਹਿਲੇ ਸਵਾ ਸਾਲ ਵਿਚ ਜੋ 25,515 ਮੁਲਜ਼ਮ ਜੇਲ੍ਹਾਂ ਵਿਚ ਬੰਦ ਕੀਤੇ ਗਏ ਸਨ, ਉਨ੍ਹਾਂ ਚੋਂ 19,310 ਮੁਲਜ਼ਮ ਅਦਾਲਤਾਂ 'ਚੋਂ ਜ਼ਮਾਨਤ ਹੋਣ ਮਗਰੋਂ ਜੇਲ੍ਹਾਂ ਤੋਂ ਬਾਹਰ ਆ ਗਏ ਹਨ। ਦੇਖਿਆ ਜਾਵੇ ਤਾਂ ਨਵੀਂ ਸਰਕਾਰ ਵੱਲੋਂ ਫੜੇ ਮੁਲਜ਼ਮਾਂ 'ਚੋਂ 75 ਫ਼ੀਸਦੀ ਦੀਆਂ ਜ਼ਮਾਨਤਾਂ ਹੋ ਚੁੱਕੀਆਂ ਹਨ। ਪੰਜਾਬ ਸਰਕਾਰ ਤਰਫ਼ੋਂ ਨਸ਼ਾ ਤਸਕਰੀ ਨੂੰ ਠੱਲ੍ਹਣ ਲਈ ਬਕਾਇਦਾ ਐੱਸ.ਟੀ.ਐੱਫ ਦਾ ਗਠਨ ਕੀਤਾ ਹੋਇਆ ਹੈ, ਜਿਸ ਦੇ ਅਧਿਕਾਰੀ ਖ਼ੁਦ ਮੰਨਦੇ ਹਨ ਕਿ ਕਰੀਬ 725 ਮੁਲਜ਼ਮਾਂ ਦੀ ਨਸ਼ਾ ਤਸਕਰੀ 'ਚ ਇਸ ਕਰਕੇ ਜ਼ਮਾਨਤ ਹੋ ਗਈ ਕਿਉਂਕਿ ਜ਼ਿਲ੍ਹਾ ਪੁਲੀਸ ਤਰਫ਼ੋਂ ਸਮੇਂ ਸਿਰ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਨਹੀਂ ਕੀਤਾ ਗਿਆ। ਕੋਤਾਹੀ ਵਰਤਣ ਵਾਲੇ ਕਈ ਤਫ਼ਤੀਸ਼ੀ ਅਫ਼ਸਰਾਂ ਖ਼ਿਲਾਫ਼ ਕਾਰਵਾਈ ਵੀ ਕੀਤੀ ਗਈ ਹੈ। ਸੂਤਰ ਆਖਦੇ ਹਨ ਕਿ ਪੰਜਾਬ ਪੁਲੀਸ ਨੇ ਅਕਾਲੀ ਤਰਜ਼ 'ਤੇ ਨਸ਼ਾ ਤਸਕਰਾਂ ਦਾ ਗ੍ਰਿਫ਼ਤਾਰੀ ਦਾ ਵੱਡਾ ਅੰਕੜਾ ਦਿਖਾਉਣ ਲਈ ਨਸ਼ੇੜੀਆਂ ਨੂੰ ਵੀ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਜਿਨ੍ਹਾਂ ਕੋਲੋਂ 'ਨਾਨ ਕਮਰਸ਼ੀਅਲ' ਮਾਤਰਾ 'ਚ ਨਸ਼ਾ ਫੜਿਆ ਗਿਆ ਸੀ। ਬਹੁਤੇ ਮੁਲਜ਼ਮਾਂ ਨੂੰ ਅਦਾਲਤਾਂ 'ਚੋਂ ਜ਼ਮਾਨਤ ਲੈਣ ਵਿੱਚ ਬਹੁਤੀ ਦੇਰ ਨਹੀਂ ਲੱਗੀ।



## ਪੰਜਾਬੀ ਲੜਕੀਆਂ ਤੋਂ ਕੀਨੀਆ 'ਚ ਕਰਵਾਏ ਜਾਂਦੇ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼

**ਆਜ਼ਾਦ ਕਰਵਾਈਆਂ ਸੱਤ ਲੜਕੀਆਂ 'ਚੋਂ ਤਿੰਨ ਭਾਰਤ ਦੀਆਂ**

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਪੰਜਾਬ ਦੀਆਂ ਲੜਕੀਆਂ ਨੂੰ ਡਾਂਸ ਬਾਰ 'ਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਕੀਨੀਆ ਦੀ ਰਾਜਧਾਨੀ ਨੈਰੋਬੀ ਲਿਜਾਇਆ ਗਿਆ ਸੀ। ਇਥੇ ਇਨ੍ਹਾਂ ਲੜਕੀਆਂ ਤੋਂ ਦੇਹ ਵਪਾਰ ਦਾ ਕੰਮ ਕਰਵਾਇਆ ਜਾ ਰਿਹਾ ਸੀ। ਨੈਰੋਬੀ ਸਥਿਤ ਭਾਰਤੀ ਹਾਈ ਕਮਿਸ਼ਨ ਅਤੇ ਨੈਰੋਬੀ ਸੀਆਈਡੀ ਦੇ ਅਧਿਕਾਰੀਆਂ ਨੇ ਇਕ ਡਾਂਸ ਬਾਰ 'ਚ ਛਾਪੇਮਾਰੀ ਕਰਕੇ ਉਥੋਂ 10 ਲੜਕੀਆਂ ਨੂੰ ਆਜ਼ਾਦ ਕਰਵਾਇਆ ਹੈ। ਭਾਰਤੀ ਲੜਕੀਆਂ ਨੂੰ ਦਿੱਲੀ ਲਿਆਂਦਾ ਗਿਆ। ਇਸ ਬਾਬਤ ਸੀਬੀਆਈ ਨੇ ਦਿੱਲੀ ਦੇ ਏਜੰਟ ਸਮੇਤ ਹੋਰ ਲੋਕਾਂ ਦੇ ਖਿਲਾਫ ਦੇਹ ਵਪਾਰ ਕਰਵਾਉਣ ਦਾ ਮਾਮਲਾ ਦਰਜ ਕੀਤਾ ਹੈ।

ਸੂਤਰਾਂ ਮੁਤਾਬਕ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ (ਓਵਰਸੀਜ ਰੁਜ਼ਗਾਰ) ਨੇ ਕੁਝ ਦਿਨ ਪਹਿਲਾਂ ਸੀਬੀਆਈ ਡਾਇਰੈਕਟਰ ਨੂੰ ਸ਼ਿਕਾਇਤ ਦਿੱਤੀ ਸੀ। ਸ਼ਿਕਾਇਤ 'ਚ ਕਿਹਾ ਗਿਆ ਸੀ ਕਿ ਦਿੱਲੀ ਦੇ ਏਜੰਟ ਆਰੀਅਨ ਅਤੇ ਲੁਧਿਆਣਾ ਪੰਜਾਬ ਦੇ ਰਹਿਣ ਵਾਲੇ ਮੈਨੂਅਲ ਸੈਮੀ ਨੇ ਲੜਕੀਆਂ ਨੂੰ ਡਾਂਸ ਬਾਰ 'ਚ ਚੰਗੀ ਤਨਖਾਹ 'ਤੇ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਨੈਰੋਬੀ ਦੇ ਮੋਮਬਾਸਾ ਸ਼ਹਿਰ 'ਚ ਸ਼ਮਾ ਜਾਵੇਦੀਨ ਤੇ ਉਸ ਦੇ ਪਤੀ ਜਾਵੇਦ ਕੋਲ ਭੇਜਿਆ।ਇਹ ਜੋੜਾ ਉਥੇ ਸ਼ਮਾ ਡਾਂਸ ਬਾਰ ਚਲਾਉਂਦਾ ਹੈ। ਜੋੜੇ ਨੇ ਲੜਕੀਆਂ ਨੂੰ ਜ਼ਬਰਦਸਤੀ ਦੇਹ ਵਪਾਰ ਦੇ ਧੰਦੇ 'ਚ ਧੱਕ ਦਿੱਤਾ। ਕਿਸੇ ਤਰ੍ਹਾਂ ਇਨ੍ਹਾਂ ਭਾਰਤੀ ਲੜਕੀਆਂ 'ਚੋਂ ਇਕ ਨੇ ਨੈਰੋਬੀ ਸੀਆਈਡੀ ਨੂੰ ਧੰਦਾ ਕਰਾਉਣ ਦੀ ਸੂਚਨਾ ਦਿੱਤੀ। ਇਸ ਤੋਂ ਬਾਅਦ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਤੇ ਨੈਰੋਬੀ ਸੀਆਈਡੀ ਸਪੈਸ਼ਲ ਸੈਲ ਦੇ ਅਫ਼ਸਰਾਂ ਨੇ ਡਾਂਸ ਬਾਰ 'ਤੇ ਛਾਪਾ ਮਾਰ ਕੇ ਲੜਕੀਆਂ ਨੂੰ ਛੁਡਾਇਆ।ਆਜ਼ਾਦ ਕਰਵਾਈਆਂ ਗਈਆਂ ਲੜਕੀਆਂ 'ਚੋਂ ਤਿੰਨ ਭਾਰਤ ਅਤੇ ਸੱਤ ਨੇਪਾਲ ਦੀਆਂ ਹਨ। ਇਨ੍ਹਾਂ ਲੜਕੀਆਂ ਨੇ ਨੈਰੋਬੀ ਸੀਆਈਡੀ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਇਹ ਜੋੜਾ ਸਥਾਨਕ ਪੁਲਿਸ ਦੀ ਮਦਦ ਨਾਲ ਦੇਹ ਵਾਪਰ ਦਾ ਧੰਦਾ ਕਈ ਸਾਲਾਂ ਤੋਂ ਚਲਾ ਰਿਹਾ ਸੀ। ਸੀਬੀਆਈ ਦਿੱਲੀ ਦੇ ਏਜੰਟ ਅਤੇ ਮੈਨੂਅਲ ਸੈਮੀ ਬਾਰੇ ਜਾਣਕਾਰੀ ਇਕੱਠੀ ਕਰ ਰਹੀ ਹੈ।

# ਪੰਜਾਬ ਦੇ ਗੈਂਗਸਟਰਾਂ ਲਈ ਭਾਰੂ ਰਿਹਾ ਸਾਲ-2018

**• ਕਿਸੇ ਦਾ ਹੋਇਆ ਐਨਕਾਊਂਟਰ ਤੇ ਕੋਈ ਹੋਇਆ ਗ੍ਰਿਫ਼ਤਾਰ • ਗੈਂਗਸਟਰ ਵਿੱਕੀ ਗੌਂਡਰ ਦੀ ਪੁਲਿਸ ਮੁਕਾਬਲੇ 'ਚ ਮੌਤ**

***ਸੂਬੇ 'ਚ ਕਈ ਸਰਗਰਮ ਗੈਂਗ ਖ਼ਤਮ ਕਰਨ 'ਚ ਪੁਲਿਸ ਨੂੰ ਮਿਲੀ ਕਾਮਯਾਬੀ***

**ਚੰਡੀਗੜ੍ਹ/ਬਿਊਰੋ ਨਿਊਜ਼ :**





ਪੰਜਾਬ 'ਚ ਸਾਲ 2018 ਦੀ ਸ਼ੁਰੂਆਤ ਮੌਕੇ ਪੰਜਾਬ ਪੁਲਿਸ ਵਲੋਂ ਖ਼ਤਰਨਾਕ ਗੈਂਗਸਟਰ ਵਿੱਕੀ ਗੌਂਡਰ ਨੂੰ ਮੁਕਾਬਲੇ 'ਚ ਮਾਰ ਗਿਰਾਉਣ ਮਗਰੋਂ ਸੂਬੇ 'ਚ ਸਰਗਰਮ ਰਹੇ ਕਈ ਗੈਂਗ ਖ਼ਤਮ ਕਰਨ 'ਚ ਲਗਾਤਾਰ ਕਾਮਯਾਬੀ ਮਿਲਦੀ ਦਿਖਾਈ ਦਿੱਤੀ । ਸਾਲ 2017 'ਚ ਅਪਰਾਧਕ ਸਰਗਰਮੀਆਂ ਇਸ ਸਾਲ ਦੇ ਮੁਕਾਬਲੇ ਜ਼ਿਆਦਾ ਰਹੀਆਂ ਸਨ ਅਤੇ ਇਸ ਸਾਲ ਦੇ ਅੰਤ ਤੱਕ ਪੰਜਾਬ ਪੁਲਿਸ ਪੰਜਾਬ ਵਿਚ ਗੈਂਗਵਾਰ, ਫਿਰੌਤੀ ਮੰਗਣ ਦੀਆਂ ਘਟਨਾਵਾਂ ਅਤੇ ਹੋਰ ਅਪਰਾਧਾਂ ਨੂੰ ਕਾਬੂ ਪਾਉਣ 'ਚ ਕਾਫ਼ੀ ਹੱਦ ਤਕ ਕਾਮਯਾਬ ਰਹੀ।

ਵਿੱਕੀ ਗੌਂਡਰ ਦੇ ਮੁਕਾਬਲੇ ਤੋਂ ਪਹਿਲਾਂ ਪੰਜਾਬ 'ਚ ਗੈਂਗਸਟਰਾਂ ਦਾ ਚੰਗਾ ਖ਼ੌਫ਼ ਰਿਹਾ ਹੈ ਜਿਸ ਮਗਰੋਂ ਪੁਲਿਸ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੱਲਾਸ਼ੇਰੀ ਮਗਰੋਂ ਇਕ-ਇਕ ਕਰਕੇ ਗੈਂਗ ਖ਼ਤਮ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਅਤੇ ਸਾਲ ਦੇ ਅੰਤ ਤੱਕ ਪੰਜਾਬ 'ਚ ਗੈਂਗਸਟਰਾਂ ਦੀਆਂ ਸਰਗਰਮੀਆਂ ਹਾਸ਼ੀਏ 'ਤੇ ਕਰਨ 'ਚ ਪੁਲਿਸ ਕਾਮਯਾਬ ਰਹੀ। 26 ਜਨਵਰੀ 2018 ਨੂੰ ਪੁਲਿਸ ਵੱਲੋਂ ਵਿੱਕੀ ਗੌਂਡਰ ਮਾਰਿਆ ਗਿਆ ਸੀ। ਉਸ ਤੋਂ ਇਲਾਵਾ ਉਸ ਦੇ ਦੋ ਸਾਥੀ ਪ੍ਰੇਮਾ ਲਾਹੌਰੀਆ ਤੇ ਸੁਖਪ੍ਰੀਤ ਬੁੱਢਾ ਵੀ ਐਨਕਾਊਂਟਰ ਵਿਚ ਮਾਰੇ ਗਏ। ਵਿੱਕੀ ਗੌਂਡਰ ਦਾ ਪੂਰਾ ਨਾਮ ਹਰਜਿੰਦਰ ਸਿੰਘ ਸੀ ਤੇ ਉਹ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ ਪੰਜਾਬ ਪੁਲਿਸ ਵੱਲੋਂ ਮਾਰਿਆ ਗਿਆ ਸੀ ਤੇ ਉਹ ਨਾਭਾ ਜੇਲ ਬ੍ਰੇਕ ਕਾਂਡ ਦਾ ਮਾਸਟਰ ਮਾਈਂਡ ਵੀ ਸੀ। ਵਿੱਕੀ ਗੌਂਡਰ ਦੀ ਮੌਤ ਨਾਲ ਦਹਿਸ਼ਤ ਦੇ ਇਕ ਅਧਿਆਏ ਦਾ ਅੰਤ ਹੋ ਗਿਆ। ਨਾਭਾ ਜੇਲ੍ਹ ਦੀ ਫਰਾਰੀ ਦੇ 16 ਮਹੀਨਿਆਂ ਦੌਰਾਨ ਪੁਲਿਸ ਦੀਆਂ ਗੌਂਡਰ ਨੂੰ ਟਰੈਕ ਕਰਨ ਦੀਆਂ ਕੋਸ਼ਿਸ਼ਾਂ ਰਹੀਆਂ।

ਦਵਿੰਦਰ ਬੰਬੀਹਾ ਦੇ 11 ਸਤੰਬਰ 2016 ਨੂੰ ਬਠਿੰਡਾ ਵਿਚ ਹੋਏ ਐਨਕਾਊਂਟਰ ਤੋਂ ਬਾਅਦ ਉਸ ਦੇ ਗੈਂਗ ਨੂੰ ਬੰਟੀ ਗੁਰਬਖ਼ਸ਼ ਸੇਸੇਵਾਲਾ ਚਲਾਉਣ ਲੱਗਿਆ ਸੀ ਪਰ ਜੂਨ 2017 ਵਿਚ ਗੁਰਬਖ਼ਸ਼ ਦੇ 3 ਸ਼ੂਟਰ ਬੰਟੀ ਢਿੱਲੋਂ, ਜੰਪੀ ਡਾਨ ਤੇ ਨਿਸ਼ਾਨ ਦਾ ਡੱਬਵਾਲੀ ਦੇ ਨੇੜੇ ਹਰਿਆਣਾ ਵਿਚ ਐਨਕਾਊਂਟਰ ਹੋ ਗਿਆ। ਇਸ ਤੋਂ ਬਾਅਦ ਗੁਰਬਖ਼ਸ਼ ਵੀ ਜੈਤੋ ਦੇ ਸ਼ੈਲਰ ਮਾਲਕ ਰਵਿੰਦਰ ਕੋਚਰ ਦੇ ਕਤਲ ਕੇਸ ਵਿਚ ਫੜਿਆ ਗਿਆ । ਗੁਰਬਖ਼ਸ਼ ਦੇ ਫੜੇ ਜਾਣ ਤੋਂ ਬਾਅਦ ਉਸ ਦੇ ਸਾਥੀ ਹਰਸਿਮਰਨ ਉਰਫ ਸਿੰਮਾ ਬਹਿਬਲ ਤੇ ਸੁਖਪ੍ਰੀਤ ਬੁੱਢਾ ਇੱਕਲੇ ਪੈ ਗਏ ਤੇ ਉਹਨਾਂ ਨੇ ਨਾਭਾ ਜੇਲ੍ਹ ਵਿਚੋਂ ਪ੍ਰੇਮਾ ਲਹੌਰੀਆ ਦੀ ਮਦਦ ਨਾਲ ਫਰਾਰ ਹੋ ਚੁੱਕੇ ਵਿੱਕੀ ਗੌਂਡਰ ਨਾਲ ਹੱਥ ਮਿਲਾ ਲਿਆ। ਇਸ ਤੋਂ ਬਾਅਦ ਸਿੰਮਾ ਤੇ ਬੁੱਢਾ ਨੇ ਗੌਂਡਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਦੇ ਲਈ ਕਈ ਫਾਰਚੂਨਰ ਗੱਡੀਆਂ ਤੇ ਹੋਰ ਲੁੱਟ-ਖੋਹ ਕੀਤੀ ।

ਨਵੰਬਰ ਵਿਚ ਯਮੁਨਾਨਗਰ ਦੇ ਛਛਰੌਲੀ ਵਿਚ ਗੌਂਡਰ ਦੀ ਫਾਰਚੂਨਰ ਗੱਡੀ ਪਲਟ ਗਈ ਜਿਸ ਵਿਚ ਗੌਂਡਰ ਦੇ ਨਾਲ ਹਰਿਆਣਾ ਦੇ ਕੁਰੂਕਸ਼ੇਤਰ ਦਾ ਗੈਂਗਸਟਰ ਗੌਰਵ ਮਿਗਲਾਨੀ, ਸਿੰਮਾ ਤੇ ਬੁੱਢਾ ਵੀ ਸਨ ।ਇਹ ਸਾਰੇ ਤਾਂ ਉਥੋਂ ਭੱਜ ਨਿਕਲੇ ਪਰ ਇਹਨਾਂ ਨੂੰ ਉਥੇ ਸ਼ਰਨ ਦੇਣ ਵਾਲਾ ਛਛਰੌਲੀ ਨਿਵਾਸੀ ਦਰਸ਼ਨ ਉਰਫ ਭੂਰਾ ਪੁਲਿਸ ਦੇ ਕਾਬੂ ਆ ਗਿਆ। ਦਰਸ਼ਨ ਉਰਫ ਭੂਰਾ ਨੇ ਪੁਲਿਸ ਇੰਟੈਰੋਗੇਸ਼ਨ ਵਿਚ ਗੌਰਵ ਮਿਗਲਾਨੀ ਦੀ ਸਾਰੀ ਕਹਾਣੀ ਦੱਸ ਦਿੱਤੀ ਜਿਸ ਤੋਂ ਬਾਅਦ ਉਸ ਵੇਲੇ ਰਾਜਪੁਰਾ ਦੇ ਸੀਆਈਏ ਇੰਚਾਰਜ ਵਿਕਰਮ ਬਰਾੜ ਨੇ ਯਮੁਨਾਨਗਰ ਪੁਲਿਸ ਦੀ ਇਨਪੁਟ ਉਤੇ ਗੌਰਵ ਮਿਗਲਾਨੀ ਨੂੰ ਦਬੋਚ ਲਿਆ। ਗੌਰਵ ਮਿਗਲਾਨੀ ਨੇ ਸਿੰਮਾ ਦੇ ਟਿਕਾਣਿਆਂ ਦਾ ਪਤਾ ਪੁਲਿਸ ਨੂੰ ਦਿੱਤਾ ਤਾਂ ਫਰੀਦਕੋਟ ਦੇ ਸੀਆਈਏ ਇੰਚਾਰਜ ਅੰਮ੍ਰਿਤਪਾਲ ਭਾਟੀ ਨੇ ਦੇਹਰਾਦੂਨ ਵਿਚ ਰੇਡ ਕਰ ਸਿੰਮਾ ਤੇ ਉਸ ਦੇ 3 ਸਾਥੀਆਂ ਨੂੰ ਕਾਬੂ ਕਰ ਲਿਆ । ਖ਼ਬਰ ਸੀ ਕਿ ਗੌਂਡਰ ਤੇ ਬੁੱਢਾ ਵੀ ਉਥੇ ਮੌਜੂਦ ਸਨ ਪਰ ਉਹ ਉਥੋਂ ਭੱਜ ਨਿਕਲੇ ।

ਸਿੰਮਾ ਨੇ ਇੰਟੈਰੋਗੇਸ਼ਨ ਵਿਚ ਬੁੱਢਾ ਦੇ ਟਿਕਾਣਿਆਂ ਦਾ ਪਤਾ ਪੁਲਿਸ ਨੂੰ ਦੇ ਦਿੱਤਾ ਜਿਸ ਤੋਂ ਬਾਅਦ ਪੁਲਿਸ ਨੇ ਬੁੱਢਾ ਨੂੰ ਲਗਾਤਾਰ ਟਰੈਕ ਕਰਨਾ ਸ਼ੁਰੂ ਕਰ ਦਿੱਤਾ । ਹਾਲਾਂਕਿ ਵਿੱਕੀ ਗੌਂਡਰ ਤੇ ਪ੍ਰੇਮਾ ਲਹੌਰੀਆ ਫੋਨ ਦਾ ਇਸਤੇਮਾਲ ਨਹੀਂ ਕਰਦੇ ਸਨ ਤੇ ਉਹਨਾਂ ਨੇ ਬੁੱਢਾ ਨੂੰ ਵੀ ਫੋਨ ਦਾ ਇਸਤੇਮਾਲ ਕਰਨ ਤੋਂ ਵਰਜਿਆ ਸੀ ਪਰ ਇਸ ਦੇ ਬਾਵਜੂਦ ਬੁੱਢਾ ਮੋਬਾਇਲ ਫੋਨ ਲਗਾਤਾਰ ਵਰਤਦਾ ਰਿਹਾ ਜਿਸ ਨਾਲ ਬੁੱਢਾ ਦੀ ਲੋਕੇਸ਼ਨ ਟਰੇਸ ਹੋ ਗਈ।26 ਜਨਵਰੀ ਨੂੰ ਉਸ ਦੇ ਰਾਜਸਥਾਨ ਬਾਰਡਰ ਨੇੜੇ ਹਿੰਦੂਮੱਲ ਕੋਟ ਇਲਾਕੇ ਵਿਚ ਹੋਣ ਦਾ ਪਤਾ ਚੱਲਿਆ। ਪੁਲਿਸ ਨੇ ਰੇਕੀ ਕੀਤੀ ਤਾਂ ਖੁਲਾਸਾ ਹੋਇਆ ਕਿ ਤਿੰਨ ਨੌਜਵਾਨ ਇਥੇ ਕਰੀਬ ਇਕ ਹਫਤੇ ਤੋਂ ਰੁਕੇ ਹੋਏ ਹਨ। ਪੁਲਿਸ ਨੇ ਇਹਨਾਂ ਤਿੰਨਾਂ ਨੂੰ ਘੇਰ ਕੇ ਕਰੀਬ 5 ਵਜੇ ਸ਼ਾਮ ਨੂੰ ਆਪਰੇਸ਼ਨ ਸ਼ੁਰੂ ਕੀਤਾ ਤੇ 6:30 ਵਜੇ ਦੇ ਕਰੀਬ ਤਿੰਨਾਂ ਨੂੰ ਮਾਰ ਮੁਕਾਇਆ। ਪ੍ਰੇਮਾ, ਵਿੱਕੀ ਗੌਂਡਰ ਦਾ ਹੀ ਦੋਸਤ ਸੀ ਤੇ ਦੋਵਾਂ ਨੇ ਸਾਲ 2015 ਵਿਚ ਗੈਂਗਸਟਰ ਸੁੱਖਾਂ ਕਾਹਲਵਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਇਹ ਵੀ ਨਾਭਾ ਜੇਲ੍ਹ ਬ੍ਰੇਕ ਕਾਂਡ ਦਾ ਮਾਸਟਰ ਮਾਈਂਡ ਸੀ। ਰਾਜਸਥਾਨ ਵਿਚ ਪੁਲਿਸ ਵੱਲੋਂ ਵਿੱਕੀ ਗੌਂਡਰ ਨਾਲ ਇਸ ਦਾ ਵੀ ਐਨਕਾਊਂਟਰ ਕੀਤਾ ਗਿਆ ।ਗੁਰਪ੍ਰੀਤ ਨਾਭਾ ਜੇਲ ਬ੍ਰੇਕ ਕਾਂਡ ਦਾ ਮਾਸਟਰ ਮਾਈਂਡ ਸੀ ਤੇ ਉਸ ਤਕ ਪਹੁੰਚ ਕਰਨ ਲਈ ਉਸ ਦੀਆਂ 2 ਪਤਨੀਆਂ ਨੇ ਪੁਲਿਸ ਦੀ ਮਦਦ ਕੀਤੀ ਸੀ ਤੇ ਉਸ ਨੂੰ 12 ਫਰਵਰੀ 2017 ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ

ਇਸ ਮਗਰੋਂ ਇਸ ਸਾਲ ਜਾਂ ਤਾਂ ਬਹੁਤੇ ਗੈਂਗਸਟਰ ਰੂਪੋਸ਼ ਹੋ ਗਏ ਜਾਂ ਫਿਰ ਕਈਆਂ ਨੇ ਪੁਲਿਸ ਅੱਗੇ ਆਤਮ-ਸਮਰਪਣ ਕਰਨਾ ਹੀ ਠੀਕ ਸਮਝਿਆ ਸੀ। ਗੌਂਡਰ ਤੇ ਜੈਪਾਲ ਗੈਂਗ ਦੇ ਤੀਜੇ ਵੱਡੇ ਗੈਂਗਸਟਰ ਤੀਰਥ ਸਿੰਘ ਢਿੱਲਵਾਂ ਨੂੰ ਪੰਜਾਬ ਪੁਲਿਸ ਵੱਲੋਂ 3 ਮਾਰਚ 2018 ਨੂੰ ਗ੍ਰਿਫਤਾਰ ਕੀਤਾ ਗਿਆ ਤੇ ਇਹ ਪਿਛਲੇ 6 ਸਾਲਾਂ ਤੋਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਸੀ। ਉਸ ਦਾ ਨਾਮ ਹਿਮਾਚਲ ਦੇ ਰੌਕੀ ਗੈਂਗਸਟਰ ਨੂੰ ਮਾਰਨ ਵਿਚ ਵੀ ਸੀ। ਤੀਰਥ ਸਿੰਘ ਢਿੱਲਵਾਂ ਮੌਜੂਦਾ ਸਮੇਂ ਵਿਚ ਪੁਲਿਸ ਦੀ ਹਿਰਾਸਤ ਵਿਚ ਹੈ।

ਇਸ ਦੌਰਾਨ ਹੀ ਗੈਂਗਸਟਰ ਰਵੀ ਦਿਓਲ ਨੇ ਖੌਫ਼ਜ਼ਦਾ ਹੋ ਕੇ 30 ਜਨਵਰੀ ਨੂੰ ਸੰਗਰੂਰ ਦੀ ਅਦਾਲਤ 'ਚ ਆਤਮ-ਸਮਰਪਣ ਕਰ ਦਿੱਤਾ ਸੀ। ਨੀਟਾ ਦਿਓਲ ਦਾ ਪੂਰਾ ਨਾਮ ਕੁਲਪ੍ਰੀਤ ਸਿੰਘ ਹੈ ਤੇ ਇਹ ਨਾਭਾ ਜੇਲ ਬ੍ਰੇਕ ਕੇਸ ਵਿਚ ਫਰਾਰ ਸੀ। ਪੁਲਿਸ ਨੇ ਇਸ ਨੂੰ 17 ਜਨਵਰੀ 2017 ਨੂੰ ਗ੍ਰਿਫਤਾਰ ਕੀਤਾ ਸੀ । ਗੈਂਗਸਟਰਾਂ 'ਚ ਪੁਲਿਸ ਦਾ ਖ਼ੌਫ਼ ਸਾਲ ਦੇ ਅੰਤ ਤੱਕ ਦੇਖਣ ਨੂੰ ਮਿਲਿਆ ਜਦ ਚੰਡੀਗੜ੍ਹ 'ਚ ਵੀ ਇਕ ਗੈਂਗਸਟਰ ਨੇ ਪੁਲਿਸ ਤੋਂ ਬਚਣ ਲਈ ਇਕ ਹੋਟਲ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ । ਇਸੇ ਸਾਲ ਹਾਲਾਂ ਕਿ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨੇ ਆਮ ਲੋਕਾਂ 'ਚ ਆਪਣਾ ਖ਼ੌਫ਼ ਪੈਦਾ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਵੀ ਪੰਜਾਬ ਪੁਲਿਸ ਵਲੋਂ ਕਾਬੂ ਕਰ ਲਿਆ ਗਿਆ । ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਵਿਪਨ ਸ਼ਰਮਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ।ਹਿੰਦੂ ਨੇਤਾ ਵਿਪਨ ਸ਼ਰਮਾ ਦੀ ਹੱਤਿਆ ਕਰਨ ਵਾਲਾ ਸਰਾਜ ਮਿੰਟੂ ਨੂੰ ਪੁਲਿਸ ਨੇ 6 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਗੈਂਗਸਟਰ ਰਾਜਾ ਪਹਾੜੀਆ ਤੇ ਪ੍ਰੀਤ ਫਗਵਾੜਾ ਸੁੱਖਾ ਕਾਹਲਵਾਂ ਗੈਂਗ ਨਾਲ ਸਬੰਧ ਰੱਖਦੇ ਸਨ। ਇਹ 2 ਨਵੰਬਰ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਦੌਰਾਨ ਹੋਰ ਕਈ ਨਾਮਵਰ ਗੈਂਗਸਟਰਾਂ ਨੂੰ ਕਾਬੂ ਕਰਨ 'ਚ ਪੰਜਾਬ ਪੁਲਿਸ ਫੋਰਸ ਕਾਮਯਾਬ ਰਹੀ। ਇਸੇ ਸਾਲ ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਦੇ ਸੰਗਠਿਤ ਕ੍ਰਾਈਮ ਕੰਟਰੋਲ ਯੂਨਿਟ ਨੇ ਇਕ ਅਪ੍ਰੇਸ਼ਨ ਦੌਰਾਨ ਵੱਡੇ ਗੈਂਗਸਟਰ ਗਰੁੱਪ ਦੇ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ। ਕ੍ਰਾਈਮ ਕੰਟਰੋਲ ਯੂਨਿਟ ਦੇ ਆਈਜੀਪੀ. ਇੰਟੈਲੀਜੈਂਸ ਕੰਵਰ ਵਿਜੇ ਪ੍ਰਤਾਪ ਸਿੰਘ ਅਨੁਸਾਰ ਦਵਿੰਦਰ ਬੰਬੀਹਾ ਸ਼ੂਟਰ ਗਰੁੱਪ ਨਾਲ ਸਬੰਧਤ 9 ਹੋਰ ਗੈਂਗਸਟਰਾਂ ਨੂੰ ਵੀ ਇਸੇ ਸਾਲ ਜੁਲਾਈ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ , ਜਿਨ੍ਹਾਂ ਤੋਂ ਵੱਖ-ਵੱਖ ਤਰ੍ਹਾਂ ਦੇ 17 ਖ਼ਤਰਨਾਕ ਹਥਿਆਰ ਵੀ ਬਰਾਮਦ ਕੀਤੇ ਗਏ ਸਨ । ਇਨ੍ਹਾਂ 'ਚ ਵਿਦੇਸ਼ੀ ਹਥਿਆਰ ਵੀ ਸ਼ਾਮਿਲ ਸਨ। ਦੂਜੇ ਪਾਸੇ ਭਾਵੇਂ ਜੇਲ੍ਹ ਵਿਭਾਗ ਵਲੋਂ ਨਸ਼ਿਆਂ ਦੀ ਸਪਲਾਈ 'ਤੇ ਰੋਕ ਲਾਉਣ ਲਈ ਕਈ ਕਦਮ ਚੁੱਕੇ ਗਏ ਪਰ ਸਾਲ 2018 ਦੇ ਅੰਤਿਮ ਮਹੀਨੇ ਵੀ ਪੰਜਾਬ ਦੀਆਂ ਜੇਲ੍ਹਾਂ 'ਚ ਅਜਿਹੇ ਤਰੀਕਿਆਂ ਨਾਲ ਨਸ਼ੀਲੇ ਪਦਾਰਥ ਲਿਜਾਏ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਜਿਸ ਨੂੰ ਦੇਖ ਕੇ ਜੇਲ੍ਹ ਵਿਭਾਗ ਦੀਆਂ ਅੱਖਾਂ ਵੀ ਖੁੱਲ੍ਹੀਆਂ ਰਹਿ ਗਈਆਂ ।

# ਯੂਕੇ ਤੋਂ ਭਾਰਤ ਘੁੰਮਣ ਆਈ ਔਰਤ ਨਾਲ ਚੰਡੀਗੜ੍ਹ ਦੇ ਪੰਜ ਸਿਤਾਰਾ ਹੋਟਲ 'ਚ ਬਲਾਤਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**

ਯੂਕੇ ਤੋਂ ਭਾਰਤ ਘੁੰਮਣ ਆਈ ਇਕ 55 ਸਾਲਾ ਵਿਦੇਸ਼ੀ ਔਰਤ ਚੰਡੀਗੜ੍ਹ ਦੇ ਆਈਟੀ ਪਾਰਕ ਸਥਿਤ ਪੰਜ ਸਿਤਾਰਾ ਹੋਟਲ ਲਲਿਤ 'ਚ ਬਲਾਤਕਾਰ ਦੀ ਸ਼ਿਕਾਰ ਹੋ ਗਈ। ਘਟਨਾ ਤੋਂ ਬਾਅਦ ਮੁਲਜ਼ਮ ਫਰਾਰ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਇਕ 28 ਸਾਲਾ ਮਾਲਿਸ਼ਰ (ਮਾਲਿਸ਼ ਕਰਨ ਵਾਲਾ) ਮੁਲਜ਼ਮ ਖਿਲਾਫ ਬਲਾਤਕਾਰ ਦਾ ਮਾਮਲਾ ਦਰਜ ਕਰਕੇ ਅਗਲੇਰੀ ਛਾਣਬੀਣ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਮੁਤਾਬਕ ਮੁਲਜ਼ਮ ਹੋਟਲ ਦਾ ਹੀ ਇਕ ਮੁਲਾਜ਼ਮ ਸੀ। ਪੀੜਤ ਔਰਤ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਚ ਦੱਸਿਆ ਕਿ 20 ਦਸੰਬਰ ਨੂੰ ਉਹ ਆਪਣੇ ਪੈਰ ਦੀ ਮਸਾਜ ਕਰਵਾਉਣ ਲਈ ਹੋਟਲ ਦੇ ਹੀ ਸਪਾ 'ਚ ਗਈ ਸੀ ਜਿੱਥੇ ਮੁਲਜ਼ਮ ਨੇ ਫੁਟ ਮਸਾਜ ਦੌਰਾਨ ਉਸ ਨਾਲ ਬਲਾਤਕਾਰ ਕੀਤਾ ਸੀ। ਇਹ ਵੀ ਪਤਾ ਚੱਲਿਆ ਹੈ ਕਿ ਮੁਲਜ਼ਮ ਨੂੰ ਫੜ ਲਿਆ ਗਿਆ ਹੈ ਅਤੇ ਉਹ ਉੱਤਰ ਪ੍ਰਦੇਸ਼ ਦੇ ਬਿਜਨੌਰ ਦਾ ਰਹਿਣ ਵਾਲਾ ਹੈ। ਪੀੜਤ ਔਰਤ ਨੇ ਇਹ ਆਪ ਬੀਤੀ ਆਪਣੇ ਪਤੀ ਨੂੰ ਦੱਸੀ ਜਿਸ ਤੋਂ ਬਾਅਦ ਉਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਉਕਤ ਵਿਦੇਸ਼ੀ ਔਰਤ 19 ਦਸੰਬਰ ਨੂੰ ਆਪਣੇ ਪਤੀ ਨਾਲ



ਟੂਰ ਵੀਜ਼ੇ ਉਤੇ ਚੰਡੀਗੜ੍ਹ ਆਈ ਸੀ। ਪੀੜਤ ਔਰਤ ਨੇ ਪੁਲਿਸ ਨੂੰ ਦੱਸਿਆ ਕਿ ਮੁਲਜ਼ਮ ਨੇ ਉਸਦੀ ਮਾਲਿਸ਼ ਕਰਦਿਆਂ ਉਸ ਦੀ ਆਗਿਆ ਤੋਂ ਬਿਨਾ ਉਸ ਨੂੰ ਬੇਢੰਗੇ ਤਰੀਕੇ ਨਾਲ ਛੂਹਿਆ ਅਤੇ ਉਸ ਦੇ ਪਤੀ ਨੂੰ ਮਸਾਜ ਦੇਣ ਮਗਰੋਂ ਉਸ ਨਾਲ ਬਲਾਤਕਾਰ ਕੀਤਾ। ਪੁਲਿਸ ਨੇ ਕਿਹਾ ਉਕਤ ਔਰਤ ਨੇ ਉਸੇ ਦਿਨ ਹੋਟਲ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਸੀ ਪਰ 27 ਦਸੰਬਰ ਨੂੰ ਸ਼ਿਮਲਾ ਦੀ ਯਾਤਰਾ ਤੋਂ ਪਰਤਣ ਮਗਰੋਂ ਹੀ ਰਵਾਇਤੀ ਸ਼ਿਕਾਇਤ ਦਰਜ ਕੀਤੀ ਗਈ। ਪੀੜਤ ਵਿਦੇਸ਼ੀ ਔਰਤ ਇੱਥੇ ਸਥਾਨਕ ਰੀਤੀ ਰਵਾਇਤਾਂ ਬਾਰੇ ਜਾਣਕਾਰੀ ਲੈਣ ਲਈ ਭਾਰਤ ਦਾ ਦੌਰਾ ਕਰ ਰਹੀ ਸੀ। ਪੁਲਿਸ ਨੇ ਕਿਹਾ ਕਿ ਹੋਟਲ ਦੇ ਅਧਿਕਾਰੀਆਂ ਨੇ ਉਸੇ ਦਿਨ ਮੁਲਜ਼ਮ ਨੂੰ ਬਰਖਾਸਤ ਕਰ ਦਿੱਤਾ।

ਚੰਡੀਗੜ੍ਹ ਦੀ ਪੁਲਿਸ ਮੁਖੀ ਨੀਲਾਂਬਰੀ ਜਗਦਲੇ ਨੇ ਕਿਹਾ, ਕਿ ਮੁਲਜ਼ਮ ਦਾ ਪਤਾ ਲਗਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਸ਼ਿਕਾਇਤਕਰਤਾ ਦਾ ਮੈਡੀਕਲ ਕਰਵਾ ਲਿਆ ਗਿਆ ਹੈ। ਮੈਜਿਸਟ੍ਰੇਟ ਸਾਹਮਣੇ ਸ਼ਿਕਾਇਤਕਰਤਾ ਦਾ ਬਿਆਨ ਪਹਿਲਾਂ ਹੀ ਦਰਜ ਕੀਤਾ ਜਾ ਚੁੱਕਿਆ ਹੈ। ਆਈਟੀ ਪਾਰਕ ਪੁਲਿਸ ਸਟੇਸ਼ਨ ਚ ਆਈਪੀਸੀ ਦੀ ਧਾਰਾ 376 (ਬਲਾਤਕਾਰ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# Sir Speedy Tustin
*Printers to the Community*




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਕਸ਼ਮੀਰੀ ਖਾੜਕੂ ਦੇ ਪਰਿਵਾਰ 'ਤੇ ਅੰਨ੍ਹਾ ਤਸ਼ੱਦਦ, ਭੈਣ ਨੂੰ ਕੀਤਾ ਨਿਰਵਸਤਰ

**ਸ੍ਰੀਨਗਰ/ਬਿਊਰੋ ਨਿਊਜ਼ :**
ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਖਾੜਕੂਆਂ ਦੇ ਪਰਿਵਾਰਾਂ ਨਾਲ ਹਮਦਰਦੀ ਦਿਖਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਰੋਸ ਜਤਾਇਆ ਕਿ ਜੇ ਖਾੜਕੂਆਂ ਦੇ ਪਰਿਵਾਰਾਂ ਉਤੇ ਤਸ਼ੱਦਦ ਨਾ ਰੁਕਿਆ ਤਾਂ ਇਸ ਦੇ ਨਤੀਜੇ ਚੰਗੇ ਨਹੀਂ ਹੋਣਗੇ। ਮੁਫਤੀ ਨੇ ਇਕ ਸ਼ੱਕੀ ਕਸ਼ਮੀਰੀ ਖਾੜਕੂ ਦੀ ਭੈਣ ਰੂਬੀਨਾ ਨਾਲ ਮੁਲਾਕਾਤ ਵੀ ਕੀਤੀ।

**ਨਤੀਜੇ ਚੰਗੇ ਨਹੀਂ ਹੋਣਗੇ : ਮਹਿਬੂਬਾ ਮੁਫਤੀ**

ਖਾੜਕੂ ਦੀ ਭੈਣ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਕਿਹਾ ਕਿ ਰੂਬੀਨਾ, ਉਸ ਦੇ ਪਤੀ ਤੇ ਭਰਾ ਦੀ ਪੁਲਿਸ ਹਿਰਾਸਤ ਵਿੱਚ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਨ੍ਹਾਂ ਨੂੰ ਇਸ ਤਰੀਕੇ ਨਾਲ ਮਾਰਿਆ ਗਿਆ ਹੈ ਕਿ ਉਹ ਮੰਜੇ ਤੋਂ ਉੱਠਣ ਦੇ ਵੀ ਕਾਬਲ ਨਹੀਂ ਹਨ। ਮੁਫਤੀ ਨੇ ਕਿਹਾ ਕਿ ਜੇ ਕੋਈ ਹਮਲਾਵਰ ਹੈ ਤਾਂ ਉਸ ਦੀ ਭੈਣ ਦਾ ਕੀ ਕਸੂਰ ? ਉਸ ਦੀ ਭੈਣ ਦੇ ਕੱਪੜੇ ਉਤਾਰੇ ਗਏ ਤੇ ਕੁੱਟਮਾਰ ਕੀਤੀ ਗਈ।

ਯਾਦ ਰਹੇ ਕਿ ਲੰਘੀ 29 ਦਸੰਬਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਜੈਸ਼-ਏ-ਮੁਹੰਮਦ ਦੇ ਚਾਰ ਖਾੜਕੂ ਮਾਰੇ ਗਏ ਸੀ। ਮਹਿਬੂਬਾ ਮੁਫਤੀ ਇਨ੍ਹਾਂ ਵਿੱਚੋਂ ਹੀ ਇੱਕ ਦੇ ਪਰਿਵਾਰ ਨੂੰ ਮਿਲਣ ਲਈ ਗਏ ਸਨ। ਉਨ੍ਹਾਂ ਇਕ ਖਾੜਕੂ ਦੀ ਭੈਣ ਰੂਬੀਨਾ ਨਾਲ ਮੁਲਾਕਾਤ ਕੀਤੀ ਜਿਸ ਦੀ ਜੰਮੂ-ਕਸ਼ਮੀਰ ਪੁਲਿਸ ਨੇ ਹਿਰਾਸਤ ਵਿੱਚ ਕਥਿਤ ਕੁੱਟਮਾਰ ਕੀਤੀ ਸੀ।

ਮੁਫਤੀ ਨੇ ਜੰਮੂ ਕਸ਼ਮੀਰ ਦੇ ਰਾਜਪਾਲ ਸੱਤਿਆਪਾਲ ਮਲਿਕ ਨੂੰ ਇਸ ਘਟਨਾ ਵਿੱਚ ਸ਼ਾਮਲ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਸਿੱਖ ਨੇ ਦਸਤਾਰ ਨਾਲ ਮਾਂ-ਧੀ ਨੂੰ ਮੌਤ ਦੇ ਮੂੰਹੋਂ ਕੱਢਿਆ

**ਲੁਧਿਆਣਾ/ਬਿਊਰੋ ਨਿਊਜ਼ :**
ਸ਼ਹਿਰ ਦੀ ਸਾਊਥ ਸਿਟੀ ਕਾਲੋਨੀ ਨੇੜਿਓਂ ਗੁਜ਼ਰਦੀ ਸਿੱਧਵਾਂ ਨਹਿਰ ਵਿੱਚ ਡੁੱਬ ਰਹੀਆਂ ਮਾਂ-ਧੀ ਨੂੰ ਸਿੱਖ ਵਿਅਕਤੀ ਨੇ ਆਪਣੀ ਦਸਤਾਰ ਨਾਲ ਬਚਾਇਆ। ਮਾਂ-ਧੀ ਦੀ ਕਾਰ ਹਾਦਸਾਗ੍ਰਸਤ ਹੋਣ ਨਾਲ ਨਹਿਰ 'ਚ ਜਾ ਡਿੱਗੀ ਸੀ। ਜਾਣਕਾਰੀ ਮੁਤਾਬਕ ਗੀਤੂ ਮਲਹੋਤਰਾ ਆਪਣੀ ਸੱਤ ਸਾਲਾ ਧੀ ਸੁਮਾਇਰਾ ਨਾਲ ਅਧਿਆਪਕ-ਮਾਪੇ ਮਿਲਣੀ ਲਈ ਉਸ ਦੇ ਸਕੂਲ ਜਾ ਰਹੀ ਸੀ। ਬਾੜੇਵਾਲ ਪੁਲ ਕੋਲ ਆ ਕੇ ਉਨ੍ਹਾਂ ਦੀ ਕਾਰ ਦਾ ਟਾਇਰ ਫਟ ਗਿਆ ਤੇ ਬੇਕਾਬੂ ਹੋ ਕੇ ਕਾਰ ਨਹਿਰ ਵਿਚ ਜਾ ਡਿੱਗੀ। ਉੱਥੋਂ ਹੀ ਇਕ ਸਿੱਖ ਵਿਅਕਤੀ ਜਾ ਰਿਹਾ ਸੀ। ਉਸ ਨੇ ਇਹ ਘਟਨਾ ਹੁੰਦੀ ਵੇਖੀ ਤੇ ਫੌਰਨ ਆਪਣੀ ਪੱਗ ਨੂੰ ਰੱਸੀ ਵਜੋਂ ਵਰਤ ਕੇ ਮਾਂ-ਧੀ ਨੂੰ ਨਹਿਰ ਵਿਚੋਂ ਬਾਹਰ ਕੱਢਿਆ।

# ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਦੀ ਬਿਨਾ ਵੀਜ਼ਾ ਯਾਤਰਾ ਦਾ ਖਰੜਾ ਭਾਰਤ ਸਰਕਾਰ ਨੂੰ ਭੇਜਿਆ

**ਇਸਲਾਮਾਬਾਦ/ਬਿਊਰੋ ਨਿਊਜ਼ :** ਇਕ ਮੀਡੀਆ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੇਣ ਲਈ ਭਾਰਤ ਨੂੰ ਕੁਝ ਸਿਫ਼ਾਰਸ਼ਾਂ ਭੇਜੀਆਂ ਹਨ। ਇਹ ਦਾਅਵਾ ਐਕਸਪ੍ਰੈਸ ਨਿਊਜ਼ ਟੀਵੀ ਨੇ ਕੀਤਾ ਹੈ। ਪਾਕਿਸਤਾਨ ਦੇ ਸਫ਼ਾਰਤੀ ਅਧਿਕਾਰੀਆਂ ਦੇ ਹਵਾਲੇ ਨਾਲ ਨਸ਼ਰ ਕੀਤੀ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਇਸਲਾਮਾਬਾਦ ਨੇ ਨਵੀਂ ਦਿੱਲੀ ਨੂੰ 59 ਸਫ਼ਿਆਂ ਦਾ ਦਸਤਾਵੇਜ਼ ਭੇਜਿਆ ਹੈ, ਜਿਸ ਵਿਚ ਕਰਤਾਰਪੁਰ ਲਾਂਘੇ ਤੋਂ ਦਾਖ਼ਲੇ ਸਬੰਧੀ 14 ਅਹਿਮ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਭਾਰਤੀ ਸ਼ਰਧਾਲੂਆਂ ਨੂੰ ਮੁਫ਼ਤ ਦਾਖ਼ਲਾ ਅਤੇ ਸਰਹੱਦੇ ਦੇ ਦੋਵੇਂ ਪਾਸੇ ਫੈਸਿਲੀਟੇਸ਼ਨ (ਸਹੂਲਤ) ਕੇਂਦਰਾਂ ਤੇ ਸੁਰੱਖਿਆ ਚੌਕੀਆਂ ਦੀ ਸਥਾਪਤੀ ਵੀ ਸ਼ਾਮਲ ਹੈ। ਇਨ੍ਹਾਂ ਸੱਜਰੀਆਂ ਸਿਫ਼ਾਰਿਸ਼ਾਂ ਮੁਤਾਬਕ ਸ਼ਰਧਾਲੂਆਂ ਨੂੰ ਘੱਟੋ-ਘੱਟ ਲੋਕਾਂ ਦੇ ਸਮੂਹ ਵਿੱਚ ਲਾਂਘੇ ਰਾਹੀਂ ਦਾਖ਼ਲੇ ਦੀ ਇਜਾਜ਼ਤ ਦਿੱਤੀ ਜਾਵੇਗੀ ਤੇ ਪਾਕਿਸਤਾਨ ਸਰਕਾਰ ਇਨ੍ਹਾਂ ਸਮੂਹਾਂ ਨੂੰ ਵਿਸ਼ੇਸ਼ ਪਰਮਿਟ ਜਾਰੀ ਕਰੇਗੀ। ਦੋਵੇਂ ਮੁਲਕ ਆਉਣ ਜਾਣ ਵਾਲੇ ਲੋਕਾਂ ਦਾ ਰਿਕਾਰਡ ਦਰਜ ਕਰਨਗੇ, ਜਿਸ ਵਿੱਚ ਉਨ੍ਹਾਂ ਦੇ ਨਾਮ, ਯਾਤਰਾ ਸਬੰਧੀ ਰਿਕਾਰਡ ਤੇ ਹੋਰ ਤਫ਼ਸੀਲ ਸ਼ਾਮਲ ਹੋਵੇਗੀ। ਸਿਫ਼ਾਰਸ਼ਾਂ 'ਚ ਅੱਗੇ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਸ਼ਰਧਾਲੂਆਂ ਦੀ ਸੂਚੀ ਯਾਤਰਾ ਤਰੀਕ ਤੋਂ ਤਿੰਨ ਦਿਨ ਅਗਾਊਂ ਮੁਹੱਈਆ ਕਰਵਾਏਗੀ ਤੇ ਸੈਲਾਨੀਆਂ ਜਾਂ ਸ਼ਰਧਾਲੂਆਂ ਕੋਲ ਮਿਆਰੀ ਭਾਰਤੀ ਪਾਸਪੋਰਟ ਹੋਣ ਦੀ ਸ਼ਰਤ ਲਾਜ਼ਮੀ ਹੋਵੇਗੀ। ਇਹੀ ਨਹੀਂ ਸਾਰੇ ਸ਼ਰਧਾਲੂਆਂ ਨੂੰ ਭਾਰਤ ਸਰਕਾਰ ਤੋਂ ਸੁਰੱਖਿਆ ਕਲੀਅਰੈਂਸ ਸਰਟੀਫਿਕੇਟ ਵੀ ਲੈਣਾ ਹੋਵੇਗਾ। ਪਾਕਿਸਤਾਨ ਵੱਲੋਂ ਹਰ ਰੋਜ਼ ਪੰਜ ਸੌ ਸ਼ਰਧਾਲੂਆਂ ਨੂੰ ਹੀ ਪਰਮਿਟ ਜਾਰੀ ਕੀਤੇ ਜਾਣਗੇ ਤੇ ਮੁਕਾਮੀ ਅਥਾਰਿਟੀ ਕੋਲ ਦਾਖ਼ਲੇ ਦੇ ਹੱਕ ਰਾਖਵੇਂ ਹੋਣਗੇ।

## ਸਿੱਖ ਸੰਗਤ ਨੇ ਗੁਰੂ ਦੇ ਦਰਾਂ 'ਤੇ ਸਿਜਦਾ ਕਰਕੇ ਆਖਿਆ 'ਖੁਸ਼-ਆਮਦੀਦ 2019'

ਵਿੱਚ ਇਨ੍ਹਾਂ ਦਿਨਾਂ ਦੌਰਾਨ ਡੇਢ ਗੁਣਾ ਵੱਧ ਰਾਸ਼ਨ ਪਕਾਇਆ ਗਿਆ ਹੈ। ਸੰਗਤ ਦੀ ਭਾਰੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਇਥੇ ਵਿਸ਼ੇਸ਼ ਪ੍ਰਬੰਧ ਵੀ ਕੀਤੇ ਗਏ ਸਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਵਧ ਰਹੀ ਮਾਨਤਾ ਦੇ ਸਿੱਟੇ ਵਜੋਂ ਹੀ ਸੰਗਤ ਦੀ ਭਾਰੀ ਆਮਦ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਇਸੇ ਤਰ੍ਹਾਂ ਸੰਗਤ ਦੀ ਭਾਰੀ ਆਮਦ ਹੋਈ ਸੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲੱਗੀਆਂ ਭਾਰੀ ਰੌਣਕਾਂ : ਨਵੇਂ ਸਾਲ ਦੇ ਪਹਿਲੇ ਦਿਨ ਦੀ ਸ਼ੁਰੂਆਤ ਕਰਨ ਲਈ ਗੁਰੂ ਨਗਰੀ 'ਚ ਸ਼ਰਧਾਲੂਆਂ ਦੀ ਆਸਥਾ ਦਾ ਸੈਲਾਬ ਵੇਖਣ ਨੂੰ ਮਿਲਿਆ। ਬੀਤੀ ਦੇਰ ਰਾਤ ਤੋਂ ਹੀ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ ਹੋਏ ਸਨ ਅਤੇ ਤੜਕਸਾਰ ਤੋਂ ਹੀ ਸੰਘਣੀ ਧੁੰਦ ਵਿਚ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨ ਮਗਰੋਂ ਉਨ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਨਵੇਂ ਸਾਲ ਦੀ ਸ਼ੁਰੂਆਤ ਕੀਤੀ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਭਾਰੀ ਆਮਦ ਬਾਰੇ ਗੱਲਬਾਤ ਕਰਦੇ ਹੋਏ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਸਵੇਰੇ ਤੋਂ ਹੀ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਆਪਣੀਆਂ ਹਾਜ਼ਰੀਆਂ ਗੁਰੂ ਘਰ 'ਚ ਲਗਵਾ ਰਹੀ ਸੀ। ਪ੍ਰਸਿੱਧ ਅਦਾਕਾਰ ਤੇ ਗਾਇਕ ਹਰਭਜਨ ਮਾਨ ਨੇ ਵੀ ਤਖਤ ਸੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕ ਕੇ ਆਪਣੇ ਨਵੇਂ ਵਰ੍ਹੇ ਦੀ ਸ਼ੁਰੂਆਤ ਕੀਤੀ। ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਸਥਿਤ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਵਿਖੇ ਵੀ ਸੈਲਾਨੀਆਂ ਦੀ ਭੀੜ ਆਮ ਨਾਲੋਂ ਬੁਹਤ ਜ਼ਿਆਦਾ ਵੇਖਣ ਨੂੰ ਮਿਲੀ। ਵਿਰਾਸਤ-ਏ-ਖਾਲਸਾ ਦੇ ਅਧਿਕਾਰੀਆਂ ਅਨੁਸਾਰ ਨਵੇਂ ਸਾਲ ਦੇ ਪਹਿਲੇ ਦਿਨ ਸੈਲਾਨੀਆਂ ਦੀ ਆਮਦ ਨੇ ਪਿਛਲੇ 5 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ ਅਤੇ ਸਾਰਾ ਦਿਨ ਹੀ ਲਗਾਤਾਰ ਆਮਦ ਬਰਕਰਾਰ ਰਹੀ ਹੈ।

ਨੈਣਾ ਦੇਵੀ ਵਿਖੇ ਡੇਢ ਲੱਖ ਸ਼ਰਧਾਲੂਆਂ ਨੇ ਮੱਥਾ ਟੇਕਿਆ : ਉਤਰ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਚਾਰ ਰੋਜ਼ਾ ਮੇਲੇ ਦੌਰਾਨ ਡੇਢ ਲੱਖ ਸ਼ਰਧਾਲੂਆਂ ਨੇ ਮਾਤਾ ਦੇ ਦਰਬਾਰ ਵਿਚ ਮੱਥਾ ਟੇਕ ਕੇ ਆਪਣੀ ਹਾਜ਼ਰੀ ਦਰਜ ਕਰਵਾਈ। ਜੇਕਰ ਨਵੇਂ ਸਾਲ ਦੇ ਪਹਿਲੇ ਦਿਨ ਦੀ ਗੱਲ ਕੀਤੀ ਜਾਵੇ ਤਾਂ ਸਵੇਰੇ 2 ਤੋਂ ਲੈ ਕੇ ਸ਼ਾਮ ਸਾਢੇ 6 ਵਜੇ ਤਕ ਲਗਾਤਾਰ ਸ਼ਰਧਾਲੂਆਂ ਦੀ ਕਤਾਰਾਂ ਮੰਦਰ ਵਿਚ ਮੱਥਾ ਟੇਕਣ ਦੇ ਲਈ ਲੱਗੀਆਂ ਹੋਈਆਂ ਸਨ।

**ਪੰਜਾਬ ਭਰ ਦੇ ਗੁਰਦੁਆਰਿਆਂ ਵਿਚ ਸਜੇ ਗੁਰਬਾਣੀ ਕੀਰਤਨ ਦਰਬਾਰ :** ਇਤਿਹਾਸਿਕ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਚ ਨਵੇਂ ਸਾਲ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨਤਮਸਤਕ ਹੋਈ। ਸਵੇਰ ਤੋਂ ਹੀ ਗੁਰਦੁਆਰੇ ਵਿਚ ਸੰਗਤ ਦੀਆਂ ਲੰਮੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ, ਜਿਸ ਕਾਰਨ ਆਵਾਜਾਈ ਵਿਚ ਕਾਫੀ ਵਿਘਨ ਪਿਆ ਅਤੇ ਦੁਪਹਿਰ ਨੂੰ ਕੁਝ ਸਮੇਂ ਲਈ ਸਰਹਿੰਦ ਤੋਂ ਫ਼ਤਹਿਗੜ੍ਹ ਸਾਹਿਬ ਨੂੰ ਜਾਂਦੇ ਮੁਖ ਮਾਰਗ 'ਤੇ ਆਵਾਜਾਈ ਬੰਦ ਵੀ ਰੱਖਣੀ ਪਈ।

ਇਸੇ ਤਰ੍ਹਾਂ ਸ੍ਰੀ ਚਮਕੌਰ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਕੀਰਤਪੁਰ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਤੇ ਹੋਰ ਗੁਰੂ ਅਸਥਾਨਾਂ ਉਤੇ ਵੀ ਨਵੇਂ ਵਰ੍ਹੇ ਦੀ ਆਮਦ ਦੀ ਖੁਸ਼ੀ ਵਿਚ ਸਿੱਖ ਸੰਗਤਾਂ ਨੇ ਸੰਸਾਰ ਭਰ ਵਿਚ ਅਮਨ-ਸ਼ਾਂਤੀ ਦੀ ਬਹਾਲੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

## ਡਾ. ਮਨਮੋਹਨ ਸਿੰਘ 'ਤੇ ਬਣੀ ਫਿਲਮ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਵਿਵਾਦਾਂ ਵਿਚ ਘਿਰੀ

ਪਏ ਹਨ। ਫਿਲਮ ਵਿਚ ਡਾ. ਮਨਮੋਹਨ ਸਿੰਘ ਦਾ ਕਿਰਦਾਰ ਨਿਭਾਉਣ ਵਾਲੇ ਅਨੁਪਮ ਖੇਰ ਦਾ ਕਹਿਣਾ ਹੈ ਕਿ ਇਸ ਨਾਲ ਫਿਲਮ ਨੂੰ ਹੋਰ ਜ਼ਿਆਦਾ ਪਬਲੀਸਿਟੀ ਹੀ ਮਿਲੇਗੀ। ਆਉਣ ਵਾਲੇ ਦਿਨਾਂ ਵਿਚ ਫਿਲਮ 'ਤੇ ਸਿਆਸਤ ਹੋਰ ਭਖਣ ਦੇ ਆਸਾਰ ਹਨ। ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਮਾਮਲਾ ਅਦਾਲਤ ਵਿਚ ਚਲਾ ਜਾਏ। ਫਿਲਮ ਦਾ ਟ੍ਰੇਲਰ ਟਾਪ ਟਰੈਂਡ ਵਿਚ ਸ਼ੁਮਾਰ ਹੋ ਗਿਆ ਹੈ ਅਤੇ ਇਹ ਫਿਲਮ 11 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ। ਫਿਲਮਾਂ 'ਤੇ ਵਿਵਾਦ ਹੋਣਾ ਕੋਈ ਨਵੀਂ ਗੱਲ ਨਹੀਂ ਹੈ ਪਰ ਇਸ ਫ਼ਿਲਮ 'ਤੇ ਵਿਵਾਦ ਹੋਣ ਦੀ ਮੁੱਖ ਵਜ੍ਹਾ ਸੰਨ 2019 'ਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਹਨ। ਕਾਂਗਰਸ ਨੂੰ ਲਗਦਾ ਹੈ ਕਿ ਚੋਣਾਂ ਤੋਂ ਪਹਿਲਾਂ ਰਿਲੀਜ਼ ਹੋ ਰਹੀ ਫਿਲਮ ਵੋਟਰਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ ਕਿਉਂਕਿ ਫਿਲਮ ਵਿਚ ਯੂਪੀਏ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਹੈ। ਫਿਲਮ ਕਿੱਦਾਂ ਦੀ ਹੋਵੇਗੀ, ਇਸ ਦਾ ਅਹਿਸਾਸ ਤਾਂ ਟ੍ਰੇਲਰ ਤੋਂ ਹੀ ਲੱਗ ਜਾਂਦਾ ਹੈ। ਇਸ ਦੇ ਸੰਵਾਦਾਂ ਤੋਂ ਸਮਝ ਆਉਂਦਾ ਹੈ ਕਿ ਗਾਂਧੀ ਪਰਿਵਾਰ ਦੀ ਕਾਫੀ ਆਲੋਚਨਾ ਕੀਤੀ ਗਈ ਹੈ। ਕਾਂਗਰਸ ਦੀ ਚਿੰਤਾ ਜਾਇਜ਼ ਵੀ ਲੱਗ ਰਹੀ ਹੈ ਕਿਉਂਕਿ ਫਿਲਮ ਦੇ ਵਿਸ਼ੇ 'ਤੇ ਇਤਰਾਜ਼ ਹੋਣਾ ਕੋਈ ਵੱਡੀ ਗੱਲ ਨਹੀਂ ਹੈ ਪਰ ਵੱਡਾ ਮਸਲਾ ਤਾਂ ਫਿਲਮ ਰਿਲੀਜ਼ ਦਾ ਸਮਾਂ ਹੈ। ਭਾਰਤੀ ਲੋਕ ਕ੍ਰਿਕਟ ਤੇ ਸਿਨੇਮਾ ਦੇ ਬਹੁਤ ਜ਼ਿਆਦਾ ਸ਼ੌਕੀਨ ਹਨ। ਇਹ ਦੋਵੇਂ ਉਨ੍ਹਾਂ ਦੀ ਪੂਰੀ ਜੀਵਨ ਸ਼ੈਲੀ 'ਤੇ ਬਹੁਤ ਪ੍ਰਭਾਵ ਪਾਉਂਦੇ ਹਨ। ਮਾਸ ਮੀਡੀਆ ਵਿਚ ਜੋ ਵੀ ਆਉਂਦਾ ਹੈ, ਅੱਜ ਵੀ ਜਨ-ਸਾਧਾਰਨ ਉਸ ਨੂੰ ਸੱਚ ਸਮਝ ਕੇ ਉਸ 'ਤੇ ਅਮਲ ਕਰਦਾ ਹੈ। ਪ੍ਰਾਪੇਗੰਡਾ ਜਾਂ ਲੁਕਵੇਂ ਏਜੰਡੇ ਨੂੰ ਨਹੀਂ ਸਮਝਿਆ ਜਾਂਦਾ। ਭਾਜਪਾ ਨੂੰ ਸਿੱਧੇ-ਅਸਿੱਧੇ ਰੂਪ ਵਿਚ ਇਸ ਦਾ ਫ਼ਾਇਦਾ ਮਿਲ ਸਕਦਾ ਹੈ।

## ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਨੀਆ ਦੇ ਤਮਾਮ ਲੋਕਾਂ ਅੰਦਰ ਬਰਾਬਰਤਾ, ਸਮਾਨਤਾ, ਧਾਰਮਿਕ ਅਜ਼ਾਦੀ ਦੀ ਭਾਵਨਾ ਪੈਦਾ ਕਰ ਕੇ ਕੱਟੜਤਾ ਦੀ ਸੌੜੀ ਸੋਚ ਨੂੰ ਮਨੁੱਖੀ ਮਨਾਂ ਅੰਦਰੋਂ ਪਰ੍ਹਾਂ ਵਗਾਹ ਮਾਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਮਾਨਵਤਾ ਨੂੰ ਆਪਣੇ ਉਨ੍ਹਾਂ ਹਿੱਤਾਂ ਦੀ ਰਾਖੀ ਕਰਨੀ ਸਿਖਾਈ, ਜਿਹੜੇ ਸਦੀਆਂ ਤੋਂ ਚੱਲੀ ਆ ਰਹੀ ਭਾਰਤੀ ਜਨਤਾ ਦੀ ਮਾਨਸਿਕਤਾ ਵਿਚ ਕਾਇਰਤਾ ਵਾਲੀ ਭਾਵਨਾ ਦੇ ਪਨਪਣ ਕਰਕੇ ਕਿਧਰੇ ਗੁਆਚ ਚੁੱਕੇ ਸਨ।

ਗੁਰੂ ਜੀ ਵੱਲੋਂ ਸਜਾਏ ਗਏ 'ਖਾਲਸਾ ਪੰਥ' ਨੇ ਉਨ੍ਹਾਂ ਲੋਕਾਂ ਨੂੰ ਵੰਗਾਰਿਆ ਜੋ ਧੱਕੇ ਨਾਲ ਆਪਣੀ ਬਾਦਸ਼ਾਹਤ ਸਥਾਪਿਤ ਕਰਨਾ ਚਾਹੁੰਦੇ ਸਨ। ਭਾਵੇਂ ਮੁਗ਼ਲ ਹਕੂਮਤ ਸੀ ਤੇ ਭਾਵੇਂ ਪਹਾੜੀ ਰਾਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਰਣਜੀਤ ਨਗਾਰੇ' ਦੀ ਚੋਟ ਨਾਲ ਉਨ੍ਹਾਂ ਸਾਰਿਆਂ ਨੂੰ ਇਸ ਗੱਲ ਤੋਂ ਆਗਾਹ ਕਰਵਾਇਆ ਕਿ ਜਿਉਂ-ਜਿਉਂ ਧਰਤੀ 'ਤੇ ਜ਼ਾਲਮ ਦਾ ਜ਼ੁਲਮ ਤੇ ਜਬਰ ਵਧੇਗਾ, ਤਿਉਂ-ਤਿਉਂ ਹੀ ਲੋਕ-ਮਨਾਂ ਅੰਦਰ ਰੋਹ ਤੇ ਰੋਸ ਦੀ ਭਾਵਨਾ ਪ੍ਰਬਲ ਹੋਵੇਗੀ ਤੇ ਕਿਸੇ ਨਵੀਂ ਕ੍ਰਾਂਤੀ ਦਾ ਆਗ਼ਾਜ਼ ਹੋਵੇਗਾ। ਇਹੀ ਨਵੀਂ ਕ੍ਰਾਂਤੀ 'ਖਾਲਸੇ' ਦੇ ਰੂਪ ਵਿਚ ਦੁਨੀਆ ਦੇ ਸਾਹਮਣੇ ਆਉਂਦੀ ਹੈ, ਜਿਸ ਨੇ ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਸਥਾਪਿਤ ਕਰ ਕੇ ਦੁਨੀਆ ਦੇ ਲੋਕਾਂ ਨੂੰ ਆਪਣੇ ਧਰਮ, ਗਰੀਬ-ਗੁਰਬੇ ਅਤੇ ਮਜ਼ਲੂਮ ਧਿਰਾਂ ਦੀ ਰਾਖੀ ਕਰਨੀ ਸਿਖਾਈ। ਗੁਰੂ ਜੀ ਵੱਲੋਂ 'ਖਾਲਸਾ ਪੰਥ' ਨਿਵੇਕਲੀ ਹੋਂਦ-ਵਿਧੀ ਕਾਰਨ ਅੱਜ ਪੂਰੀ ਦੁਨੀਆ ਵਿਚ ਆਪਣੀ ਵੱਖਰੀ ਪਛਾਣ ਰੱਖਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਕ੍ਰਾਂਤੀਕਾਰੀ ਵਿਚਾਰਧਾਰਾ ਉਨ੍ਹਾਂ ਵੱਲੋਂ ਰਚੀ ਬਾਣੀ ਵਿਚ ਵੀ ਸਪੱਸ਼ਟ ਨਜ਼ਰੀਂ ਪੈਂਦੀ ਹੈ। ਉਨ੍ਹਾਂ ਨੇ ਆਗਾਹ ਕਰਵਾਇਆ ਹੈ ਕਿ ਮਜ਼ਲੂਮਾਂ ਦੀ ਰਾਖੀ ਹਿੱਤ ਜਦ ਕੋਈ ਵੀ ਸਾਧਨ ਕਾਰਗਰ ਸਿੱਧ ਨਾ ਹੋਵੇ ਤਾਂ ਜੰਗ ਦੇ ਮੈਦਾਨ ਵਿਚ ਨਿੱਤਰ ਕੇ ਕਿਰਪਾਨ ਚੁੱਕਣੀ ਲਾਜ਼ਮੀ ਅਤੇ ਜਾਇਜ਼ ਬਣ ਜਾਂਦੀ ਹੈ :

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ॥ (ਜ਼ਫ਼ਰਨਾਮਾ)

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ

ਲੈਂਦੀਆ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਆ ਹੈ। ਗੁਰੂ ਸਾਹਿਬਾਂ ਵੱਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਨ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਮੈਂ ਸ਼ਰਮਿੰਦਾ ਹਾਂ ਕਿ ਹਿੰਦੂ ਜਾਏ ਸਿੱਖਾਂ ਦੇ ਪੁਰਾਣੇ ਸਮਾਜਿਕ ਰੁਝਾਨ ਕਾਰਣ ਸਿੱਖਣੀ ਜਾਂ ਸਿੰਘਣੀ ਦੇ ਸ਼ਬਦ ਸ਼ਾਮਲ ਕਰ ਦਿੱਤੇ ਗਏ ਹਨ।

ਬੁੱਧ ਨੇ ਨੇਕ ਅਤੇ ਪਿਆਰੇ ਚੇਲੇ ਆਨੰਦ ਦੇ ਜ਼ੋਰ ਦੇਣ ਤੇ ਨਨਾਂ ਦੀ ਪ੍ਰਨਾਲੀ ਚਲਾਈ। ਅਤੇ ਈਸਾ ਮਸੀਹ ਦੇ ਦੁਆਲੇ ਇਕੱਠੇ ਹੋਏ ਬਹੁਤ ਸਾਰੇ ਪੈਰੋਕਾਰਾਂ ਵਿਚ ਮਹਾਨ ਪੈਰੋਕਾਰ ਫ਼ਲਸਤੀਨ ਦੀਆਂ ਇਸਤਰੀਆਂ ਹਨ। ਪਰ ਇਥੇਂ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਂ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਉ, ਫਿਰ, ਉਹ ਪੰਜਾਬ ਦੇ ਸਿੱਖ ਨੌਜਵਾਨੋ, ਅਤੇ ਉਸ ਦੇ ਨਾਮ ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਉ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪੱਤੀ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਈਏ । ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰ੍ਹੇ ਰਹਿੰਦੇ ਹਨ। ਉਹ ਸਾਡੀ ਮੱਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਬਦੇਹੀ ਹੋ ਜਾਈਏ । ਸਰੀਰ ਨੂੰ ਕੇਵਲ ਵਾਹਨ ਵਾਂਗ ਰੱਖੀਏ ਜਿਵੇਂ ਕਿ ਇਸ ਸੰਘ ਦੇ ਮਹਾਨ ਸੰਗੀ, ਈਸਾ ਨੇ ਆਪਣੇ ਸਰੀਰ ਬਾਰੇ ਕਿਹਾ ਹੈ ਕਿ ਇਹ ਤਾਂ ਕੇਵਲ 'ਪਿਤਾ ਦੀ ਰੂਹ' ਦੇ ਵਾਹਨ ਤੋਂ ਛੁੱਟ ਕੁਝ ਵੀ ਨਹੀਂ।

(ਇਹ ਲੇਖ ਗੁਰੂ ਗੋਬਿੰਦ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋ ਛਾਪੀ ਕਿਤਾਬ ਏਕ ਨੂਰ : ਗੁਰੂ ਗੋਬਿੰਦ ਸਿੰਘ ਜੀਵਨ ਅਤੇ ਦਰਸ਼ਨ ਵਿਚੋਂ ਧੰਨਵਾਦ ਸਹਿਤ ਲਿਆ ਗਿਆ ਹੈ।)

## ਮਾਤਾ ਮੁਖ਼ਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ 'ਦਿਲਾਂ 'ਚ ਧੜਕਦੀ ਐਂ ਤੂੰ' ਕਿਤਾਬ ਲੋਕ ਅਰਪਣ

ਦਾ ਵੀ ਬਾ-ਕਮਾਲ ਲੇਖ ਹੈ ਅਤੇ ਮਾਸਟਰ ਦਲਵਾਰਾ ਸਿੰਘ ਧਾਲੀਵਾਲ ਨੇ ਆਪਣੀ ਪਤਨੀ ਸਵ. ਮੁਖਤਿਆਰ ਕੌਰ ਲਈ 'ਜਿੰਦਗੀ ਚਲੀ ਗਈ' ਨਾਮੀ ਭਾਵਪੂਰਤ ਲੇਖ ਲਿਖਿਆ ਹੈ। ਇਸ ਕਿਤਾਬ ਵਿੱਚ ਉੱਘੇ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ, ਮਨਦੀਪ ਖੁਰਮੀਂ ਹਿੰਮਤਪੁਰਾ, ਸ਼ਿਵਚਰਨ ਜੱਗੀ ਕੁੱਸਾ, ਮੰਗਲ ਹਠੂਰ, ਦਲਬੀਰ ਦਿਲ ਨਿੱਝਰ, ਜਗਤਾਰ ਗਿੱਲ, ਮੇਜਰ ਕੁਲਾਰ, ਗੁਰਜੀਤ ਸਿੰਘ, ਅਮਰਜੀਤ ਢਿੱਲੋਂ, ਜਸਵੰਤ ਸ਼ਾਦ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕੁਲਵੰਤ ਉੱਭੀ ਧਾਲੀਆ, ਹਰਕ੍ਰਿਸ਼ਨ ਖਟਕੜ ਅਤੇ ਕਰਨ ਭੀਖੀ ਆਦਿ ਦੇ ਲੇਖ ਸ਼ਾਮਲ ਹਨ।

ਇਸ ਕਿਤਾਬ ਨੂੰ ਨੀਟਾ ਮਾਛੀਕੇ ਦੇ ਗ੍ਰਹਿ ਵਿਖੇ ਇਲਾਕੇ ਦੀਆਂ ਸਾਹਿਤਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਪੀਸੀਏ, ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਇੰਡੋ-ਯੂਐਸ ਹੈਰੀਟੇਜ਼ ਐਸੋਸੀਏਸ਼ਨ ਦੇ ਬਹੁਤ ਸਾਰੇ ਸੁਹਿਰਦ ਸੱਜਣ ਸ਼ਾਮਲ ਹੋਏ। ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਉੱਘੇ ਪੱਤਰਕਾਰ ਮਨਦੀਪ ਖੁਰਮੀਂ ਹਿੰਮਤਪੁਰਾ ਉਚੇਚੇ ਤੌਰ ਉਤੇ ਇੰਗਲੈਂਡ ਤੋਂ ਪਹੁੰਚੇ ਹੋਏ ਸਨ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਕੀਤਾ। ਕਿਤਾਬ 'ਤੇ ਪਰਚਾ ਲੇਖਕ ਸੰਤੋਖ ਮਨਿਹਾਸ ਨੇ ਪੜ੍ਹਿਆ। ਲੇਖਕ ਅਸ਼ੋਕ ਭੌਰਾ ਨੇ ਵੀ ਆਪਣੇ ਸ਼ਬਦਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਬੱਲੂ ਸਿੰਘ, ਬੱਬੂ ਗੁਰਪਾਲ, ਜਗਦੇਵ ਧੰਜਲ, ਧਰਮਵੀਰ ਥਾਂਦੀ, ਗੋਗੀ ਸੰਧੂ, ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉੱਭੀ ਧਾਲੀਆ, ਦਿਲ ਨਿੱਝਰ, ਮੇਜਰ ਕੁਲਾਰ, ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਅਕਾਸ਼ਦੀਪ, ਮਨਦੀਪ ਖੁਰਮੀ ਹਿੰਮਤਪੁਰਾ, ਅਵਤਾਰ ਗੋਦਾਰਾ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਕੁਲਵੰਤ ਸੇਖੋਂ, ਬਲਬੀਰ ਸਿੰਘ ਐਮ.ਏ. ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਦੇ ਨਾਮ ਸ਼ਾਮਲ ਹਨ।

## ਗੁਰਬਾਣੀ ਤੇ ਮਨੁੱਖ ਦੀ ਆਜ਼ਾਦੀ

ਰੂਹ ਦਾ ਰੱਜ ਹੁੰਦਾ ਹੈ। ਜਿਨ੍ਹਾਂ ਨੂੰ ਮਾਇਆ ਦੀ ਸੱਭਿਅਤਾ ਦੀ ਤੋਰ ਮਨੁੱਖੀ ਪੱਧਰ ਦਾ, ਮਨੁੱਖਤਾ ਦਾ ਅਹਿਸਾਸ ਹੀ ਨਹੀਂ ਹੋਣ ਦੇਂਦੀ, ਜਿਹੜੇ ਸਾਰੀ ਉਮਰ ਕਿਸੇ ਦੇ ਹੁਕਮ ਦੇ ਬੱਧੇ, ਓਝਰੀ ਦੀ ਲੋੜ ਦੇ ਬੱਧੇ ਭੱਠ ਝੋਕਦੇ ਹੀ ਆਪਣੇ ਸੁਆਸ ਪੂਰੇ ਕਰ ਜਾਂਦੇ ਹਨ, ਜਿਨ੍ਹਾਂ ਦਾ ਮਾਸ ਹੀ ਮੁਰਦਾਰ ਬਣਾਕੇ ਨਹੁੰਦਰਾਂ ਨਾਲ ਖਾਧਾ ਜਾਂਦਾ ਹੈ, ਉਨ੍ਹਾਂ ਦੀ ਆਜ਼ਾਦੀ ਦਾ ਜ਼ਿਕਰ ਕਰਨਾ ਹੀ ਉਨ੍ਹਾਂ ਨਾਲ ਨਿਰਦਈ ਮਖ਼ੌਲ ਹੈ। ਇਹ ਹਰ ਪਾਸਿਓਂ ਹੀ ਵਿਜੋਗੇ ਹੁੰਦੇ ਹਨ-ਆਪਣੇ ਮਨੁੱਖੀ ਮੂਲ, ਮਨੁੱਖੀ ਕੰਮ, ਜ਼ਿੰਦਗੀ ਦੇ ਵਸੀਲਿਆਂ, ਕੁਦਰਤ ਨਾਲੋਂ, ਅਤੇ ਬਾਕੀ ਦੇ ਮਨੁੱਖਾਂ ਨਾਲੋਂ। ਇਨ੍ਹਾਂ ਨੂੰ ਬਾਕੀ ਦੇ ਮਨੁੱਖ ਭਰਾ ਬਣ ਕੇ ਨਹੀਂ ਮਿਲਦੇ, 'ਸ਼ੀਂਹ' ਬਣ ਕੇ ਪੈਂਦੇ ਹਨ। ਇਹ ਹਰ ਅਰਥ ਵਿਚ ਗ਼ੁਲਾਮ ਹੁੰਦੇ ਹਨ। ਹੋਰਨਾਂ ਦੀ ਖ਼ੁਦਗ਼ਰਜ਼ੀ, ਲਾਲਚ, ਕਾਮ ਕ੍ਰੋਧ, ਮਾਇਆ ਦੇ ਮੋਹ ਤੇ ਹੰਕਾਰ ਦਾ ਸ਼ਿਕਾਰ ਹੁੰਦੇ ਹਨ। ਇਹ ਸਹੀ ਅਰਥਾਂ ਵਿਚ ਕੂੜੇ ਰਾਜਿਆਂ ਦੀ ਕੂੜ ਪਰਜਾ ਹੁੰਦੇ ਹਨ। ਇਸਤਰੀ ਵੀ ਇਨ੍ਹਾਂ ਦੀ ਹੀ ਪੱਧਰ ਉਤੇ ਹੁੰਦੀ ਹੈ। ਮਨਮੁੱਖ ਦੇ ਕਾਮ ਦਾ ਸ਼ਿਕਾਰ ਹੁੰਦੀ ਹੈ।

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ (ਮ: 1)
ਸਾਹੁਰੇ ਢੋਈ ਨਾ ਲਹੈ ਪੇਈਐ ਨਾਹੀ ਥਾਉ ॥ (ਫਰੀਦ)

ਮਾਇਆ ਦੇ ਨਿਜ਼ਾਮ ਵਿਚ ਆਪਣੇ ਸਰੀਰ ਦੀਆਂ ਲੋੜਾਂ ਵਾਸਤੇ ਵੀ ਉਹ ਮਰਦ ਦੇ ਅਧੀਨ ਹੁੰਦੀ ਹੈ। ਘਰ ਵਾਲੇ ਦੇ ਮਨ ਨਾ ਲੱਗੇ, ਉਸ ਦੀ ਕਾਮ-ਚੇਸ਼ਟਾ ਉਸ ਤੋਂ ਸੰਤੁਸ਼ਟ ਨਾ ਹੋਵੇ ਤਾਂ ਉਸ ਨੂੰ ਸਮਾਜ ਵਿਚ ਕੋਈ ਥਾਂ ਹੀ ਨਹੀਂ। ਪੈਸੇ ਦੀ ਸਰਦਾਰੀ ਗਿਆਨ-ਵਿਹੂਣੀ ਰਈਅਤ ਵਾਂਗ ਇਸਤਰੀ ਦੇ ਆਜ਼ਾਦ ਹੋਣ ਦੀ, ਇਨਸਾਨ ਹੋਣ ਦੀ ਹੱਕਦਾਰ ਨਹੀਂ ਬਣਦੀ।

## ਸਿੱਖਾਂ ਦੇ ਕਾਤਲ ਸੱਜਣ ਕੁਮਾਰ ਲਈ ਜੇਲ੍ਹ ਵਿਚ ਚੜ੍ਹਿਆ ਨਵਾਂ ਸਾਲ

ਅਦਾਲਤ ਨੇ ਰੱਦ ਕਰ ਦਿੱਤੀ ਪਰ ਉਸ ਨੂੰ ਵੱਖ ਵੈਨ ਵਿੱਚ ਭੇਜਣ ਦੀ ਦਿੱਲੀ ਪੁਲੀਸ ਨੂੰ ਹਦਾਇਤ ਕੀਤੀ ਗਈ। ਸੱਜਣ ਦੇ ਵਕੀਲ ਨੇ ਕਿਹਾ ਸੀ ਕਿ ਉਸ ਦੇ ਮੁਵਕਿਲ ਦਾ ਸਿੱਖ ਕਤਲੇਆਮ ਨਾਲ ਸਬੰਧਤ ਹੋਰ ਮਾਮਲਾ ਚੱਲ ਰਿਹਾ ਹੋਣ ਕਰਕੇ ਉਸ ਦੀ ਜਾਨ ਨੂੰ ਖ਼ਤਰਾ ਹੈ। ਸੱਜਣ ਕੁਮਾਰ ਵੱਲੋਂ ਆਤਮ ਸਮਰਪਣ ਲਈ ਹੋਰ ਮੋਹਲਤ ਮੰਗੇ ਜਾਣ ਦੀ ਪਟੀਸ਼ਨ ਨੂੰ ਹਾਈ ਕੋਰਟ ਨੇ 21 ਦਸੰਬਰ ਨੂੰ ਰੱਦ ਕਰ ਦਿੱਤਾ ਸੀ। ਉਂਜ ਸੱਜਣ ਕੁਮਾਰ ਨੇ ਹਾਈ ਕੋਰਟ ਦੇ 17 ਦਸੰਬਰ ਨੂੰ ਸੁਣਾਏ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਰਜ਼ੀ ਦਿੱਤੀ ਹੋਈ ਹੈ।

ਸੱਜਣ ਕੁਮਾਰ ਨੂੰ ਪਾਲਮ ਕਾਲੋਨੀ ਦੇ ਰਾਜ ਨਗਰ ਪਾਰਟ-1 ਵਿਚ 5 ਸਿੱਖਾਂ ਦੇ ਕਤਲ ਅਤੇ ਰਾਜ ਨਗਰ ਦੇ ਪਾਰਟ-2 ਵਿਖੇ ਗੁਰਦੁਆਰਾ ਸਾੜਨ ਦੇ ਮੁਕੱਦਮੇ ਵਿਚ ਤਾ-ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਹੁਣ ਉਤਰ-ਪੂਰਬੀ ਦਿੱਲੀ ਸਥਿਤ ਮੰਡੋਲੀ ਜੇਲ੍ਹ 'ਚ ਰੱਖਿਆ ਜਾਵੇਗਾ। ਅਦਾਲਤ ਵੱਲੋਂ ਸੱਜਣ ਨੂੰ ਉਮਰਕੈਦ ਤੋਂ ਇਲਾਵਾ 5 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।

ਹਾਲਾਂਕਿ, ਸੱਜਣ ਕੁਮਾਰ ਨੇ ਅਦਾਲਤ ਦੇ ਫੈਸਲੇ ਨੂੰ ਕਈ ਥਾਵਾਂ 'ਤੇ ਚੁਣੌਤੀ ਤੇ ਸਮਰਪਣ ਕਰਨ ਲਈ ਵੱਧ ਸਮਾਂ ਦੇਣ ਦੀ ਅਪੀਲ ਵੀ ਕੀਤੀ ਹੈ ਪਰ ਉਸ ਨੂੰ ਕੋਈ ਰਿਆਇਤ ਨਹੀਂ ਮਿਲੀ। ਹੁਣ ਦੇਸ਼ ਦੀ ਸਿਖਰਲੀ ਅਦਾਲਤ ਵਿਚ ਛੁੱਟੀਆਂ ਤੋਂ ਬਾਅਦ ਕੰਮਕਾਜ ਆਰੰਭ ਹੋਵੇਗਾ, ਜਿਸ ਤੋਂ ਬਾਅਦ ਹੀ ਸੱਜਣ ਕੁਮਾਰ ਦੀ ਅਰਜ਼ੀ ਵਿਚਾਰਨ ਬਾਰੇ ਫੈਸਲਾ ਹੋ ਸਕਦਾ ਹੈ। ਜਿਕਰਯੋਗ ਹੈ ਕਿ ਤਕਰੀਬਨ 34 ਸਾਲਾਂ ਬਾਅਦ ਸਿੱਖ ਕੌਮ ਦੇ ਹਜ਼ਾਰਾਂ ਲੋਕਾਂ ਦੇ ਕੁਝ-ਕੁ ਕਾਤਲਾਂ ਨੂੰ ਸਜ਼ਾ ਮਿਲੀ ਹੈ। ਅਦਾਲਤ ਨੇ ਲੰਮਾ ਸਮਾਂ ਚੱਲੇ ਇਸ ਮਾਮਲੇ ਵਿਚ ਸਖਤ ਟਿੱਪਣੀ ਕਰਦੇ ਹੋਏ ਨਵੰਬਰ-1984 ਦੇ ਸਿੱਖ ਕਤਲੇਆਮ ਦੀ ਤੁਲਨਾ ਭਾਰਤ-ਪਾਕਿ ਵੰਡ ਵੇਲੇ ਹੋਏ ਨਰਸੰਹਾਰ ਨਾਲ ਕੀਤੀ।

ਕਾਤਲ ਕੁਮਾਰ ਦੇ ਦੋਵੇਂ ਹੱਥਾਂ 'ਤੇ ਕਾਲਖ ਲਾਈ : ਇਸ ਸਬੰਧੀ ਜਾਣਕਾਰੀ ਦਿੰਦਿਆਂ ਕ੍ਰਿਮਨਲ ਮਾਮਲਿਆਂ ਦੇ ਸੀਨੀਅਰ ਵਕੀਲ ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਅਦਾਲਤ ਵਿਚੋਂ ਜੇਲ੍ਹ ਭੇਜਣ ਤੋਂ ਪਹਿਲਾਂ ਕਾਤਲ ਸੱਜਣ ਕੁਮਾਰ ਦੇ ਦੋਵੇਂ ਹੱਥਾਂ 'ਤੇ ਕਾਲਖ ਲਾ ਕੇ ਉਸ ਦੇ ਕਾਲੇ ਹੱਥਾਂ ਨੂੰ ਕਾਗਜ਼ ਤੇ ਛਾਪਿਆ ਤਾਂ ਕਿ ਉਸ ਦੀਆਂ ਉਂਗਲੀਆਂ ਦੇ ਨਿਸ਼ਾਨ ਲਏ ਜਾ ਸਕਣ। ਜੇਲ੍ਹ ਪਹੁੰਚਣ ਉਤੇ ਉਸ ਦੀ ਡਾਕਟਰੀ ਜਾਂਚ ਹੋਈ ਤੇ ਉਸ ਤੋਂ ਬਾਅਦ ਉਸ ਦੇ ਹੱਥ ਵਿਚ ਸਲੇਟ ਫੜਾ ਕੇ ਉਸ ਤੇ ਸੱਜਣ ਕੁਮਾਰ ਨਾਮ ਤੇ ਉਸ ਦਾ ਕੈਦੀ ਨੰਬਰ ਲਿਖ ਕੇ ਉਸ ਦੀ ਫੋਟੋ ਖਿੱਚੀ ਗਈ। ਇਹ ਫੋਟੋ ਬਾਅਦ ਵਿਚ ਜੇਲ੍ਹ ਦੇ ਰਜਿਸਟਰ 'ਚ ਰਿਕਾਰਡ ਲਈ ਚਿਪਕਾ ਦਿੱਤੀ ਜਾਂਦੀ ਹੈ।

ਸੱਜਣ ਦੇ ਨਾਲ ਹੀ 2 ਹੋਰ ਦੋਸ਼ੀਆਂ ਮਹਿੰਦਰ ਯਾਦਵ ਅਤੇ ਕਿਸ਼ਨ ਖੋਖਰ ਨੇ ਵੀ ਆਤਮ-ਸਮਰਪਣ ਕੀਤਾ। ਇਨ੍ਹਾਂ ਦੋਵਾਂ ਨੂੰ 10-10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਮਹਿੰਦਰ ਯਾਦਵ ਨੂੰ ਆਪਣੀ ਖੂੰਡੀ ਅਤੇ ਐਨਕਾਂ ਨੂੰ ਜੇਲ੍ਹ 'ਚ ਲਿਜਾਣ ਦੀ ਇਜਾਜ਼ਤ ਦਿੱਤੀ। ਸੱਜਣ ਕੁਮਾਰ ਦੀ ਅਦਾਲਤ ਨੂੰ ਹਵਾਲਗੀ ਦੇਖਣ ਲਈ ਸੰਨ 1984 ਦੇ ਸਿੱਖ ਕਤਲੇਆਮ ਦੇ ਬਹੁਤ ਸਾਰੇ ਪੀੜਤ ਵੀ ਅਦਾਲਤ ਦੇ ਬਾਹਰ ਮੌਜੂਦ ਸਨ। ਪੀੜਤਾਂ ਦਾ ਕਹਿਣਾ ਹੈ ਕਿ ਉਹ ਆਪਣੀਆਂ ਅੱਖਾਂ ਨਾਲ ਸੱਜਣ ਕੁਮਾਰ ਨੂੰ ਜੇਲ੍ਹ ਲਿਜਾਣ ਵਾਲੀ ਸਰਕਾਰੀ ਗੱਡੀ 'ਚ ਬੈਠਦਿਆਂ ਦੇਖਣਾ ਚਾਹੁੰਦੇ ਹਨ।

**ਸੰਜੇ ਗਾਂਧੀ ਦੀ ਖੋਜ ਸੀ ਇਹ ਕਾਤਲ ਦਰਿੰਦਾ** : 23 ਸਤੰਬਰ 1945 ਨੂੰ ਦਿੱਲੀ ਵਿਚ ਜੰਮਿਆਂ ਸੱਜਣ ਕੁਮਾਰ ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਨੰਗ-ਮਲੰਗ ਸੀ। 70 ਦੇ ਦਹਾਕੇ ਵਿਚ ਉਸ ਦੀ ਸਿਆਸਤ ਵਿਚ ਦਿਲਚਸਪੀ ਵਧੀ ਤੇ ਦਿੱਲੀ ਵਿਚ ਨਗਰਪਾਲਿਕਾ ਚੋਣਾਂ ਵਿਚ ਸੱਜਣ ਕੁਮਾਰ ਨੇ ਪਹਿਲੀ ਜਿੱਤ ਹਾਸਿਲ ਕੀਤੀ। ਸੱਜਣ ਕੁਮਾਰ ਨੂੰ ਸੰਜੇ ਗਾਂਧੀ ਦੀ ਖੋਜ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸੰਜੇ ਗਾਂਧੀ ਦੇ ਕਹਿਣ ਉਤੇ ਸੱਜਣ ਕੁਮਾਰ ਨੇ ਨਗਰਪਾਲਿਕਾ ਚੋਣ ਲੜੀ ਸੀ। ਇਸ ਤੋਂ ਬਾਅਦ ਸੱਜਣ ਨੇ ਸੰਨ 1980 ਵਿਚ ਪਹਿਲੀ ਵਾਰ ਲੋਕ ਸਭਾ ਚੋਣ ਲੜੀ ਤੇ ਜਿੱਤ ਪ੍ਰਾਪਤ ਕੀਤੀ ਸੀ। 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੱਜਣ ਕੁਮਾਰ ਨੇ ਰਾਜੀਵ ਗਾਂਧੀ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਕੀਤੀ। ਰਾਜੀਵ ਦੇ ਕਾਲ ਵਿਚ ਕਾਂਗਰਸ ਹਮੇਸ਼ਾ ਉਸ ਦੀ ਪਿੱਠ ਠੋਕਦੀ ਰਹੀ। ਸੱਜਣ ਕੁਮਾਰ ਨੂੰ ਸੰਨ 1991 ਦੀਆਂ ਚੋਣਾਂ ਵਿਚ ਮੁੜ ਕਾਂਗਰਸ ਦਾ ਟਿਕਟ ਮਿਲਿਆ। ਆਖਰ ਤੀਜੀ ਵਾਰ ਉਹ ਸੰਨ 1996 ਵਿਚ 2 ਲੱਖ ਤੋਂ ਵੀ ਜ਼ਿਆਦਾ ਵੋਟਾਂ ਨਾਲ ਹਾਰਿਆ। ਇਸ ਤੋਂ ਬਾਅਦ ਸਿੱਖਾਂ ਦੇ ਲਗਾਤਾਰ ਵਿਰੋਧ ਕਾਰਨ ਅਗਲੀਆਂ ਦੋ ਚੋਣਾਂ ਵਿਚ ਕਾਂਗਰਸ ਨੇ ਉਸ ਨੂੰ ਟਿਕਟ ਨਹੀਂ ਦਿੱਤੀ ਪਰ ਸੰਨ 2004 ਵਿਚ ਇਕ ਵਾਰ ਫਿਰ ਸੱਜਣ ਕੁਮਾਰ ਨੂੰ ਲੋਕ ਸਭਾ ਚੋਣ ਲੜਾਈ। ਸਿੱਖ ਕਤਲੇਆਮ ਦੇ ਪੀੜਤਾਂ ਨੇ ਵਕੀਲ ਐਚਐਸ ਫੂਲਕਾ ਦੀ ਅਗਵਾਈ ਵਿਚ ਉਸਦਾ ਲਗਾਤਾਰ ਪਿੱਛਾ ਕਰਕੇ ਆਖਿਰ ਅੰਜ਼ਾਮ ਤਕ ਪਹੁੰਚਾਇਆ।

ਸਿੱਖ ਆਗੂ ਹੋਏ ਖ਼ੁਸ਼ : 'ਆਪ' ਆਗੂ ਅਤੇ ਪੀੜਤਾਂ ਦੇ ਵਕੀਲ ਐੱਚਐੱਸ ਫੂਲਕਾ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਸਵਾਲ ਕੀਤਾ ਕਿ ਉਹ ਸੱਜਣ ਕੁਮਾਰ ਨੂੰ ਕਿਉਂ ਬਚਾ ਰਹੇ ਸਨ। ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਜੇਲ੍ਹ ਜਾਂਦੇ ਦੇਖ ਕੇ ਪੀੜਤਾਂ ਦੇ ਦਿਲਾਂ ਵਿਚ ਠੰਢ ਜ਼ਰੂਰ ਪਏਗੀ। ਭਾਜਪਾ ਦੇ ਸਿੱਖ ਆਗੂ ਆਰਪੀ ਸਿੰਘ ਨੇ ਇਸ ਦਿਨ ਨੂੰ ਸਿੱਖਾਂ ਲਈ ਵੱਡਾ ਦਿਨ ਕਰਾਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਸੱਜਣ ਕੁਮਾਰ ਦੇ ਜੇਲ੍ਹ ਜਾਣ ਮਗਰੋਂ ਹੁਣ ਅਜਿਹੇ ਗਵਾਹ ਵੀ ਸਾਹਮਣੇ ਆਉਣਗੇ ਜੋ ਪਹਿਲਾਂ ਡਰ ਗਏ ਸਨ। ਰਾਜੌਰੀ ਗਾਰਡਨ ਸਿੰਘ ਸਭਾ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਵੱਡੇ ਦੋਸ਼ੀ ਨੂੰ ਸਜ਼ਾ ਮਿਲਣ ਨਾਲ ਹੋਰ ਆਗੂਆਂ 'ਤੇ ਕਾਨੂੰਨ ਦਾ ਸ਼ਿਕੰਜਾ ਕਸਿਆ ਜਾ ਸਕੇਗਾ।

ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ 34 ਸਾਲ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਹ ਵੱਡੀ ਰਾਹਤ ਹੈ। ਉਨ੍ਹਾਂ ਕਿਹਾ ਕਿ ਹੁਣ ਕਮਲ ਨਾਥ ਅਤੇ ਹੋਰ ਆਗੂਆਂ ਖ਼ਿਲਾਫ਼ ਵੀ ਕੇਸ ਖੋਲ੍ਹੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਉਹ ਹੋਰ ਦੋਸ਼ੀਆਂ ਨੂੰ ਸਜ਼ਾ ਦਿਵਾਏ ਜਾਣ ਤਕ ਚੈਨ ਨਾਲ ਨਹੀਂ ਬੈਠਣਗੇ।

## 'ਗੁਰੂ ਕੇ ਲੰਗਰ' ਨੇ ਵਿਦੇਸ਼ੀ ਧਰਤੀ 'ਤੇ ਛੱਡੀ ਛਾਪ

ਵਿਚ ਉਹ ਹੈਰਾਨ ਹੈ ਕਿ ਆਖ਼ਰ ਸਿੱਖ ਅਜਿਹਾ ਕਿਉਂ ਕਰਦੇ ਹਨ ਕਿ ਨਾ ਸਿਰਫ਼ ਹੋਰਾਂ ਲਈ ਮੁਫ਼ਤ ਵਿਚ ਭੋਜਨ ਉਗਾਉਂਦੇ ਹਨ, ਬਲਕਿ ਪਕਾ ਕੇ ਲੋਕਾਂ ਨੂੰ ਖਵਾਉਂਦੇ ਵੀ ਹਨ। ਆਪਣੇ ਲੇਖ ਵਿਚ ਵੌਂਗ ਲਿਖਦੇ ਹਨ ਕਿ ਦੱਖਣੀ ਔਕਲੈਂਡ ਤੋਂ 30 ਕਿਲੋਮੀਟਰ ਦੂਰ ਸਥਿਤ ਕਸਬੇ ਟਕਾਨਿਨੀ ਸਥਿਤ ਗੁਰਦੁਆਰੇ ਤੋਂ ਹਰ ਹਫ਼ਤੇ ਹਜ਼ਾਰਾਂ ਲੋਕਾਂ ਨੂੰ ਭੋਜਨ ਮਿਲਦਾ ਹੈ। ਲੰਗਰ ਲਈ ਵਰਤੋਂ ਵਿਚ ਆਉਣ ਵਾਲੀਆਂ ਸਬਜ਼ੀਆਂ ਤੇ ਅਨਾਜ ਗੁਰਦੁਆਰੇ ਦੇ ਖੇਤਾਂ ਵਿਚ ਹੀ ਉਗਾਇਆ ਜਾਂਦਾ ਹੈ। ਸਥਾਨਕ ਮੌਸਮ ਦੇ ਹਿਸਾਬ ਨਾਲ ਬ੍ਰੋਕਲੀ, ਗੋਭੀ, ਬਤਾਊਂ, ਮਿਰਚਾਂ, ਪਾਲਕ, ਸਾਗ, ਚੁਕੰਦਰ, ਗੰਢੇ, ਆਲੂ ਤੇ ਗਾਜਰਾਂ ਆਦਿ ਦੀ ਪੈਦਾਵਾਰ ਕੀਤੀ ਜਾਂਦੀ ਹੈ। ਗੁਰੂ ਘਰ ਦੇ ਲਾਂਗਰੀ ਸ਼ੇਰ ਸਿੰਘ ਨੇ ਲੇਖਕ ਨੂੰ ਦੱਸਿਆ ਕਿ ਰੋਜ਼ਾਨਾ ਤਿੰਨ ਸਮੇਂ ਭੋਜਨ ਤਿਆਰ ਹੁੰਦਾ ਹੈ ਤੇ ਲੰਗਰ ਤਿਆਰ ਕਰਨ ਤੋਂ ਲੈ ਕੇ ਸਾਫ਼ ਸਫ਼ਾਈ ਤਕ ਹਰ ਕੰਮ ਵਾਲੰਟੀਅਰਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ। ਸ਼ੇਰ ਸਿੰਘ ਨੇ ਦੱਸਿਆ ਕਿ ਹਰ ਰੋਜ਼ ਸਵੇਰੇ ਚਾਰ ਵਜੇ ਤੋਂ 40 ਔਰਤਾਂ ਗੁਰੂ ਘਰ ਦੀ ਰਸੋਈ ਵਿਚ ਆਉਂਦੀਆਂ ਹਨ ਤੇ ਰੋਟੀ ਪਕਾਉਂਦੀਆਂ ਹਨ ਅਤੇ 20 ਮਰਦ ਦਾਲ ਤੇ ਸਬਜ਼ੀ ਪਕਾਉਂਦੇ ਹਨ। ਲੇਖਕ ਵੌਂਗ ਲਿੰਗ ਦੇ ਆਧਾਰ 'ਤੇ ਕੰਮ ਦੀ ਵੰਡ ਵਿਚ ਇਸ 'ਭੇਦਭਾਵ' ਬਾਰੇ ਪੁੱਛਦੇ ਹਨ ਤਾਂ ਸ਼ੇਰ ਸਿੰਘ ਹੱਸ ਕੇ ਕਹਿੰਦੇ ਹਨ ਕਿ ਇਹ ਭੇਦਭਾਵ ਨਹੀਂ ਬਲਕਿ ਦਾਲ-ਸਬਜ਼ੀ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਭਾਰੀ ਭਾਂਡਿਆਂ ਨੂੰ ਵਰਤਣਾ ਤੇ ਚੁੱਕਣਾ ਔਰਤਾਂ ਲਈ ਔਖਾ ਹੁੰਦਾ ਹੈ। ਗੁਰੂ ਘਰ ਦੇ ਸੇਵਾਦਾਰ ਦਲਜੀਤ ਸਿੰਘ ਨੇ ਦੱਸਿਆ ਕਿ ਪਿਛਲੀ ਦੀਵਾਲੀ ਮੌਕੇ 25,000 ਤੋਂ ਵੱਧ ਲੋਕਾਂ ਨੇ ਲੰਗਰ ਛਕਿਆ, ਜਿਸ ਨੂੰ ਤਿਆਰ ਕਰਨ ਲਈ 700 ਕਿੱਲੋ ਆਟਾ, 600 ਕਿੱਲੋ ਚੌਲ ਤੇ 8000 ਸ਼ਾਕਾਹਾਰੀ ਬਰਗਰ ਵੀ ਲੱਗੇ।

ਇੰਨਾ ਹੀ ਨਹੀਂ ਗੁਰਦੁਆਰੇ ਦੇ ਖੇਤਾਂ ਵਿਚ 11 ਏਕੜ ਵਿਚ ਫੈਲਿਆ ਵੱਖਰਾ ਬਾਗ਼ ਵੀ ਹੈ ਜਿਸ ਵਿਚ 500 ਫਲਾਂ ਤੇ ਮੇਵਿਆਂ ਦੇ ਦਰੱਖ਼ਤ ਹਨ। ਇਨ੍ਹਾਂ ਵਿਚੋਂ ਨਿੰਬੂ ਤੇ ਹੋਰ ਖਟਾਸ ਵਾਲੇ ਫਲ, ਪਲਮ ਤੇ ਸੇਬ ਆਦਿ ਉਗਾਏ ਜਾਂਦੇ ਹਨ। ਹਾਲੇ ਪਿਛੇ ਜਿਹੇ ਹੀ ਹਰ ਤਰ੍ਹਾਂ ਦੇ ਮੇਵਿਆਂ ਦੇ ਦਰੱਖ਼ਤ ਲਾਏ ਹਨ, ਜਿਨ੍ਹਾਂ ਤੋਂ ਜਲਦੀ ਹੀ ਫਲ ਪ੍ਰਾਪਤ ਹੋਣ ਲੱਗੇਗਾ।ਖੇਤਾਂ ਤੋਂ ਸਾਰੀ ਪੈਦਵਾਰ ਦਾ ਧਿਆਨ ਰੱਖਣ ਲਈ ਸੀਨੀਅਰ ਸੁਪਰਵਾਈਜ਼ਰ ਡੇਵਿਡ ਚੰਦਰ ਤੇ ਉਨ੍ਹਾਂ ਦੇ ਸਹਾਇਕ ਵਿੱਲਮੀ ਤੁਈਪੁਲੋਟੂ ਵੀ ਹਾਜ਼ਰ ਰਹਿੰਦੇ ਹਨ। ਹਰ ਧਰਮ ਦੇ ਲੋਕਾਂ ਵੀ ਸ਼ਮੂਲੀਅਤ ਨਾਲ ਤਿਆਰ ਲੰਗਰ ਸਿੱਖੀ ਸਿਧਾਂਤਾਂ ਦੇ ਮੁਤਾਬਕ ਬਗ਼ੈਰ ਕਿਸੇ ਭੇਦਭਾਵ ਦੇ ਪ੍ਰੇਮ ਭਾਵ ਨਾਲ ਛਕਾਇਆ ਜਾਂਦਾ ਹੈ। ਇਸ ਵਰਤਾਰੇ ਨੂੰ ਦੇਖ ਸਥਾਨਕ ਲੋਕ ਅਕਸਰ ਅਚੰਭੇ ਵਿਚ ਆ ਜਾਂਦੇ ਹਨ।

## ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਖ਼ ਮਲਣ ਵਾਲੇ ਅਕਾਲੀ ਆਗੂ ਦੀ ਸੋਨੀਆ ਗਾਂਧੀ ਨਾਲ ਫੋਟੋ ਵਾਇਰਲ

ਦਿਖਾਈ ਦੇ ਰਹੇ ਹਨ। ਇਹ ਤਸਵੀਰ ਪੰਥਕ ਹਲਕਿਆਂ ਵਿਚ ਕਾਫ਼ੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਗੋਸ਼ਾ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਪੰਜਾਬ (ਯੂਥ) ਇਕਾਈ ਦੇ ਪ੍ਰਧਾਨ ਸਨ। ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨਾਲ ਨੇੜਤਾ ਹੋਣ ਕਰਕੇ ਉਹ ਅਕਸਰ ਦਿੱਲੀ 'ਚ ਹੁੰਦੀਆਂ ਸਰਗਰਮੀਆਂ ਵਿਚ ਹਿੱਸਾ ਲੈਂਦੇ ਸਨ। ਸੰਨ 2011 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਉਨ੍ਹਾਂ ਦਿੱਲੀ ਅਕਾਲੀ ਦਲ ਦੇ ਉਮੀਦਵਾਰ ਵੱਜੋਂ ਜਥੇਦਾਰ ਅਵਤਾਰ ਸਿੰਘ ਮੱਕੜ ਖ਼ਿਲਾਫ਼ ਲੜੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਸਬੰਧੀ ਲੁਧਿਆਣਾ ਆਉਣਾ ਸੀ ਪਰ ਤਸਵੀਰ ਵਾਇਰਲ ਹੋਣ ਤੋਂ ਬਾਅਦ ਸੁਖਬੀਰ ਨੇ ਆਪਣਾ ਇਹ ਪ੍ਰੋਗਰਾਮ ਰੱਦ ਕਰ ਦਿੱਤਾ। ਕਾਲਖ਼ ਮਲਣ ਵਾਲੇ ਦੋਵੇਂ ਆਗੂ ਨਿਆਂਇਕ ਹਿਰਾਸਤ ਵਿਚ ਹਨ।

## ਪੰਜਾਬ: ਪੰਚਾਇਤ ਚੋਣਾਂ ਵਿਚ ਹਿੰਸਾ ਦੇ ਬਾਵਜੂਦ 80 ਫ਼ੀਸਦੀ ਤੋਂ ਵੱਧ ਪੋਲਿੰਗ

ਅਧਿਆਪਕ ਵਜੋਂ ਤਾਇਨਾਤ ਸੀ ਅਤੇ ਚੋਣਾਂ ਲਈ ਪ੍ਰੀਜਾਈਡਿੰਗ ਅਧਿਕਾਰੀ ਵਜੋਂ ਪਿੰਡ ਖੋਖਰ ਕਲਾਂ 'ਚ ਤਾਇਨਾਤ ਸੀ। ਐਸਡੀਐਮ ਸੂਬਾ ਸਿੰਘ ਨੇ ਦੱਸਿਆ ਕਿ ਕਲਸਟਰ ਦੇ ਰਿਟਰਨਿੰਗ ਅਧਿਕਾਰੀ ਨੇ ਉਸਦੀ ਤਬੀਅਤ ਨੂੰ ਦੇਖਦੇ ਹੋਏ ਬਦਲਵਾਂ ਪ੍ਰੀਜਾਈਡਿੰਗ ਅਧਿਕਾਰੀ ਲਾ ਦਿੱਤਾ ਸੀ।

ਮਨਪ੍ਰੀਤ ਬਾਦਲ ਦੀ ਵੋਟ ਕੋਈ ਹੋਰ ਹੀ ਪਾ ਗਿਆ : ਪੰਜਾਬ ਸਰਕਾਰ ਵੱਲੋਂ ਪੰਚਾਇਤ ਚੋਣਾਂ ਨਿਰਪੱਖ ਕਰਵਾਉਣ ਦੇ ਫੋਕੇ ਦਾਅਵਿਆਂ ਦਾ ਸ਼ਿਕਾਰ ਸੂਬੇ ਦੇ ਵਜ਼ੀਰ-ਏ-ਖ਼ਜ਼ਾਨਾ ਹੋ ਗਏ ਹਨ। ਪਿੰਡ ਬਾਦਲ ਵਿਖੇ ਅੱਜ ਚੋਣ ਬੂਥ 103 'ਤੇ ਵਾਰਡ ਅੱਠ ਦੀ ਵੋਟ ਨੰਬਰ 14 ਦੀ ਜਾਅਲੀ ਵੋਟ ਭੁਗਤ ਗਈ। ਇਹ ਵੋਟ ਨੰਬਰ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਹੈ ਜੋ ਪੰਜਾਬ ਤੋਂ ਬਾਹਰ ਕਿਸੇ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਗਏ ਹੋਏ ਹਨ। ਮਨਪ੍ਰੀਤ ਸਿੰਘ ਬਾਦਲ ਦੀ ਵੋਟ ਜਾਅਲੀ ਭੁਗਤਣ ਦਾ ਖ਼ੁਲਾਸਾ ਹੋਣ 'ਤੇ ਚੋਣ ਬੂਥ ਵਿੱਚ ਅਮਲੇ ਅਤੇ ਪੋਲਿੰਗ ਏਜੰਟਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਚੋਣ ਅਮਲੇ ਅਤੇ ਪ੍ਰੀਜ਼ਾਇਡਿੰਗ ਅਫ਼ਸਰ ਦੇਵ ਵਰਤ ਨੇ ਆਖਿਆ ਕਿ ਮਨਪ੍ਰੀਤ ਸਿੰਘ ਵੋਟ ਪਾਉਣ ਲਈ ਨਹੀਂ ਪੁੱਜੇ ਪਰ ਪਤਾ ਨਹੀਂ ਕਿ ਉਨ੍ਹਾਂ ਦੀ ਕੌਣ ਵੋਟ ਪਾ ਗਿਆ ਹੈ। ਇੰਨਾ ਜ਼ਰੂਰ ਹੈ ਕਿ ਸਾਰੇ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੇ ਆਪਸੀ ਸਹਿਮਤੀ ਨਾਲ ਵਜ਼ੀਰ-ਏ-ਖ਼ਜ਼ਾਨਾ ਦੀ ਵੋਟ ਭੁਗਤਾਈ ਹੈ।

ਪੰਜਾਬ ਚੋਣ ਕਮਿਸ਼ਨ ਨੇ ਚੋਣ ਬੇਨਿਯਮੀਆਂ ਦੇ ਮਾਮਲੇ ਵਿਚ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਹੈ। ਇਨ੍ਹਾਂ ਵਿਚ ਪਟਿਆਲਾ ਦੇ ਦੌਣ ਪਿੰਡ ਦੇ ਪ੍ਰੀਜ਼ਾਈਡਿੰਗ ਅਧਿਕਾਰੀ ਹੈੱਡਮਾਸਟਰ ਆਜ਼ਾਦ ਸਿੰਘ, ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਬਸੀ ਪਠਾਣਾਂ ਦੇ ਸੁਪਰਡੈਂਟ ਸੁਖਵਿਦਰ ਸਿੰਘ ਅਤੇ ਬਠਿੰਡਾ ਦੇ ਈਓ ਚਰਨ ਦਾਸ, ਜੋ ਗੋਨੇਆਣਾ ਦੇ ਰਿਟਰਨਿੰਗ ਅਧਿਕਾਰੀ ਸਨ, ਸ਼ਾਮਲ ਹਨ। ਅੰਮ੍ਰਿਤਸਰ ਜ਼ਿਲ੍ਹੇ ਦੇ ਭਿੱਟੇਵੱਡ ਵਡਾਲਾ ਵਿਚ ਬੈਲੇਟ ਪੇਪਰ ਸਮੇਂ ਸਿਰ ਨਾ ਪੁੱਜਣ ਅਤੇ ਲਿਦੇਹ ਪਿੰਡ ਵਿਚ ਵੋਟਾਂ ਪਾਉਣ ਸਮੇਂ ਕਾਫੀ ਗੜਬੜ ਹੋਣ ਕਰਕੇ ਦੋਵੇਂ ਪਿੰਡਾਂ ਦੀਆਂ ਚੋਣਾਂ ਰੱਦ ਕਰ ਦਿੱਤੀਆਂ ਹਨ। ਚੋਣ ਕਮਿਸ਼ਨ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਵੋਟਾਂ ਦੀ ਤਰੀਕ ਤੈਅ ਕਰਕੇ ਉਥੇ ਵੋਟਾਂ ਪੁਆਈਆਂ ਜਾਣਗੀਆਂ। ਗੁਰਦਾਸਪੁਰ ਜ਼ਿਲ੍ਹੇ ਦੇ ਦੋ ਪਿੰਡਾਂ, ਲੁਧਿਆਣਾ ਦੇ ਦੇਤਵਾਲ, ਪਟਿਆਲਾ ਦੇ ਲਾਛੜੂ ਕਲਾਂ, ਮੋਹਾਲੀ ਦੇ ਇਕ ਪਿੰਡ ਸਮੇਤ ਅੱਠ ਪਿੰਡਾਂ 'ਚ ਮੁੜ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਕੋਲ ਸਿਫ਼ਾਰਸ਼ਾਂ ਆਈਆਂ ਹਨ ਅਤੇ ਕਮਿਸ਼ਨ ਇਨ੍ਹਾਂ ਬਾਰੇ ਭਲਕੇ ਫ਼ੈਸਲਾ ਕਰੇਗਾ। ਸਕੱਤਰ ਕਮਲ ਗਰਗ ਨੇ ਪੰਚਾਇਤ ਚੋਣਾਂ ਵਿਚ 80 ਫ਼ੀਸਦੀ ਤੋਂ ਵੱਧ ਵੋਟਾਂ ਪਾਉਣ ਲਈ ਲੋਕਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸ਼ਰਾਰਤੀ ਅਨਸਰਾਂ ਨੇ ਚੋਣਾਂ ਵਿਚ ਵਿਘਨ ਪਾਉਣ ਦਾ ਯਤਨ ਕੀਤਾ ਹੈ, ਉਨ੍ਹਾਂ ਖਿਲਾਫ਼ ਪੁਲੀਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮਾਨਸਾ ਵਿਚ 88 ਫ਼ੀਸਦੀ, ਪਟਿਆਲਾ ਵਿਚ 82 ਫ਼ੀਸਦੀ, ਬਠਿੰਡਾ ਵਿਚ 86.95, ਫਾਜ਼ਿਲਕਾ 86, ਮੁਕਤਸਰ 78, ਸੰਗਰੂਰ 81, ਫਤਿਹਗੜ੍ਹ ਸਾਹਿਬ 77.2, ਅੰਮ੍ਰਿਤਸਰ 68, ਤਰਨਤਾਰਨ 65, ਗੁਰਦਾਸਪੁਰ 80, ਪਠਾਨਕੋਟ 80, ਜਲੰਧਰ 74.5, ਕਪੂਰਥਲਾ 75, ਹੁਸ਼ਿਆਰਪੁਰ 70 ਅਤੇ ਨਵਾਂਸ਼ਹਿਰ 'ਚ 77.4 ਫ਼ੀਸਦੀ ਵੋਟਾਂ ਪਈਆਂ ਹਨ।

## ਬੇਅਦਬੀ ਕਾਂਡ : ਬਾਦਲਾਂ ਦੇ ਨੇੜਲੇ ਸਾਬਕਾ ਮੰਤਰੀ ਚੀਮਾ ਤੋਂ ਪੁੱਛਗਿੱਛ

ਮਗਰੋਂ ਸ੍ਰੀ ਚੀਮਾ ਨੇ ਕਿਹਾ ਕਿ ਉਹ ਟੀਮ ਵੱਲੋਂ ਕੀਤੇ ਗਏ ਸਵਾਲਾਂ ਆਦਿ ਬਾਰੇ ਕੁਝ ਨਹੀਂ ਦੱਸ ਸਕਦੇ। ਉਨ੍ਹਾਂ ਕਿਹਾ ਕਿ ਜਾਂਚ ਟੀਮ ਨੇ ਜੋ ਕੁਝ ਵੀ ਪੁੱਛਿਆ, ਉਸ ਦਾ ਉਨ੍ਹਾਂ ਨੇ ਆਪਣੇ ਜਾਣਕਾਰੀ ਮੁਤਾਬਕ ਜਵਾਬ ਦੇ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਕੋਝੀ ਸਾਜ਼ਿਸ਼ ਰਚੀ ਹੈ। ਆਈਜੀ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਚੀਮਾ ਨੇ ਜਾਂਚ ਵਿੱਚ ਪੂਰਾ ਸਹਿਯੋਗ ਦਿੱਤਾ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਜਾਂਚ ਟੀਮ ਅਗਲੇ ਦਿਨਾਂ ਵਿੱਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਪੁੱਛਗਿੱਛ ਲਈ ਸੱਦ ਸਕਦੀ ਹੈ। ਡੇਰਾ ਮੁਖੀ ਨੂੰ ਮੁਆਫ਼ੀ ਗਿਆਨੀ ਗੁਰਬਚਨ ਸਿੰਘ ਦੇ ਕਾਰਜਕਾਲ ਦੌਰਾਨ ਹੀ ਦਿੱਤੀ ਗਈ ਸੀ। ਆਈਜੀ ਨੇ ਕਿਹਾ ਕਿ ਜਾਂਚ ਰਿਪੋਰਟ ਮੁਕੰਮਲ ਹੋਣ ਤੋਂ ਬਾਅਦ ਫਰੀਦਕੋਟ ਸੈਸ਼ਨ ਕੋਰਟ ਵਿੱਚ ਦਾਖਲ ਕਰਵਾਈ ਜਾਵੇਗੀ।

## 8 ਪੰਜਾਬੀਆਂ ਨੂੰ ਕੈਨੇਡਾ ਦਾਖ਼ਲ ਨਾ ਹੋਣ ਦਿੱਤਾ

ਵੀਜ਼ਾ ਉਪਰ ਲਾਲ ਲਕੀਰ (ਰੱਦ) ਫੇਰ ਦਿੱਤੀ । ਲੁਧਿਆਣਾ ਤੋਂ ਆਏ ਇਕ ਗ੍ਰੰਥੀ ਸਿੰਘ ਨੂੰ ਮਿਸੀਸਾਗਾ ਸਥਿਤ ਇਕ ਵੱਡੇ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਭੇਜੀ ਗਈ ਸਪਾਂਸਰਸ਼ਿਪ 'ਚ ਵੱਡੀ ਗੜਬੜੀ ਨਿਕਲੀ ਜਿਸ ਕਰਕੇ ਉਸ ਸਿੰਘ ਨੂੰ ਵੀ ਨਿਰਾਸ਼ ਹੋਣਾ ਪਿਆ। ਲੁਧਿਆਣਾ ਵਿਖੇ ਗੁਰਦੁਆਰਾ ਸਾਹਿਬ 'ਚ ਸੇਵਾ ਕਰਦਿਆਂ ਉਸ ਨੇ ਅਣਥੱਕ ਯਤਨਾਂ ਨਾਲ਼ (3 ਵਾਰੀ ਨਾਂਹ ਹੋਣ ਤੋਂ ਬਾਅਦ) ਕੈਨੇਡਾ ਦਾ ਵੀਜ਼ਾ ਪ੍ਰਾਪਤ ਕੀਤਾ ਸੀ ਪਰ ਹਰੇਕ ਵਾਰੀ ਨਕਲੀ ਦਸਤਾਵੇਜ਼ ਲਗਾਉਣ ਕਰਕੇ ਉਸ ਦਾ ਕੈਨੇਡਾ 'ਚ ਦਾਖਲ ਹੋਣ ਦਾ ਸੁਪਨਾ ਅਧੂਰਾ ਰਿਹਾ। ਕਪੂਰਥਲਾ ਨੇੜਲੇ ਪਿੰਡ ਤੋਂ ਪੁੱਜੇ 19 ਸਾਲ ਦੇ ਇਕ ਮੁੰਡੇ ਨੂੰ ਤਾਂ ਵੀਜ਼ਾ ਰੱਦ ਕਰਨ ਮੌਕੇ ਹੱਥਕੜੀ 'ਚ ਵੀ ਜਕੜ ਦਿੱਤਾ ਗਿਆ ਕਿਉਂਕਿ ਉਸ ਕੋਲ ਬੱਚਿਆਂ ਨਾਲ ਬਦਫੈਲੀਆਂ ਵਾਲੀ ਫ਼ਿਲਮ/ਫੋਟੋਆਂ ਸੀ । ਇਸ ਤਰ੍ਹਾਂ ਦੀ ਸਮੱਗਰੀ ਰੱਖਣਾ ਕੈਨੇਡਾ 'ਚ ਸਜ਼ਾਯੋਗ ਸੰਗੀਨ ਅਪਰਾਧ ਹੈ । ਅਮਰੀਕਾ ਤੋਂ ਟੋਰਾਂਟੋ 'ਚ ਇਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਪੁੱਜੇ ਇਕ ਹੋਰ ਅੱਧਖੜ ਉਮਰ ਦੇ ਪੰਜਾਬੀ ਨੂੰ ਵੀ ਐਂਟਰੀ ਨਹੀਂ ਮਿਲ ਸਕੀ। ਉਹ 20 ਸਾਲਾਂ ਤੋਂ ਅਮਰੀਕਾ 'ਚ ਰਹਿ ਰਿਹਾ ਹੈ ਅਤੇ ਅਮਰੀਕੀ ਨਾਗਰਿਕ ਹੋ ਚੁੱਕਾ ਹੈ ਪਰ ਓਥੇ ਉਸ ਦਾ ਪਿਛੋਕੜ ਸ਼ਰਾਬ ਪੀ ਕੇ ਗੱਡੀ ਚਲਾਉਣ ਸਮੇਤ ਅਪਰਾਧਿਕ ਹੋਣ ਕਾਰਨ ਇਮੀਗ੍ਰੇਸ਼ਨ ਅਫ਼ਸਰਾਂ ਨੇ ਉਸ ਨੂੰ ਵਾਪਸੀ ਫਲਾਇਟ 'ਚ ਮੋੜਨ ਦਾ ਫੈਸਲਾ ਕੀਤਾ।

## ਮਾਲਟਾ ਕਾਂਡ ਨੂੰ ਯਾਦ ਕਰਕੇ ਅੱਜ ਵੀ ਠਠੰਬਰ ਜਾਂਦੇ ਹਨ ਲੋਕ

ਕੋਲ ਕੰਮ ਨਹੀਂ ਹੈ, ਬੇਰੁਜ਼ਗਾਰੀ ਦੇ ਮਾਰੇ ਨੌਜਵਾਨ ਜਿਵੇਂ ਹੀ 18 ਸਾਲ ਦੇ ਹੁੰਦੇ ਹਨ, ਵਿਦੇਸ਼ ਜਾਣ ਨੂੰ ਲੋਚਦੇ ਹਨ। ਉਨ੍ਹਾਂ ਦੱਸਿਆ ਕਿ ਗ਼ੈਰਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਵਾਲੇ ਏਜੰਟ ਹੁਣ ਵੀ ਸਰਗਰਮ ਹਨ। ਉਨ੍ਹਾਂ ਸਵਾਲ ਕਰਦੇ ਹੋਏ ਆਖਿਆ ਕਿ 'ਜੇਕਰ ਮਾਲਟਾ ਕਿਸ਼ਤੀ ਕਾਂਡ ਤੋਂ ਸਬਕ ਲਿਆ ਹੁੰਦਾ ਤਾਂ ਪਨਾਮਾ ਕਾਂਡ ਕਿਉਂ ਹੁੰਦਾ'।

ਮਨਦੀਪ ਸਿੰਘ; ਜਿਸ ਦੇ ਸਾਹਮਣੇ ਵਾਪਰਿਆ ਮਾਲਟਾ ਕਾਂਡ : ਮਨਦੀਪ ਦੀ ਭੈਣ ਨੇ ਦੱਸਿਆ ਕਿ ਜਦੋਂ ਭਰਾ ਘਰ ਆਇਆ ਤਾਂ ਉਹ ਕਮਜ਼ੋਰ ਹੋ ਗਿਆ ਸੀ ਤੇ ਬੜੀ ਮੁਸ਼ਕਿਲ ਨਾਲ ਚੱਲ ਰਿਹਾ ਸੀ।

"ਮੈਂ ਆਪਣੇ ਸਾਹਮਣੇ ਕਿਸ਼ਤੀ ਨੂੰ ਡੁੱਬਦੇ ਦੇਖਿਆ ਸੀ। ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਨਜ਼ਰ ਆ ਰਹੀਆਂ ਸਨ। ਕੁਝ ਤਾਂ ਵੱਢੇ ਹੀ ਗਏ ਤੇ ਕੁਝ ਡੁੱਬ ਗਏ…" ਇਹ ਸ਼ਬਦ ਹਨ ਮਨਦੀਪ ਸਿੰਘ ਦੇ ਜੋ ਕਿ ਦਸੰਬਰ 1996 ਵਿਚ ਹੋਈ ਮਾਲਟਾ ਤਰਾਸਦੀ ਵਿਚ ਗਿਣੇ-ਚੁਣੇ ਬਚਣ ਵਾਲਿਆਂ ਵਿਚੋਂ ਸਨ।ਅੱਜ-ਕੱਲ੍ਹ ਮਨਦੀਪ ਸਿੰਘ ਇਟਲੀ ਵਿਚ ਆਪਣੀ ਪਤਨੀ ਤੇ ਦੋ ਬੱਚਿਆਂ ਨਾਲ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਮਿਲਾਨ ਦੇ ਨੇੜੇ ਉਹ ਮੋਦਨਾ ਵਿਖੇ ਰਹਿੰਦੇ ਹਨ ਅਤੇ ਸੂਰਾਂ ਦੇ ਫਾਰਮ ਵਿਚ ਕੰਮ ਕਰਦੇ ਹਨ। ਉਨ੍ਹਾਂ ਕਿਹਾ, "ਅੱਜ ਵੀ ਉਨ੍ਹਾਂ ਸਾਹਮਣੇ ਸਾਰੀ ਘਟਨਾ ਦੀ ਯਾਦ ਤਾਜ਼ਾ ਹੈ। ਸਵੇਰੇ ਚਾਰ-ਕੁ ਵਜੇ ਦੀ ਗੱਲ ਸੀ। ਉਨ੍ਹਾਂ ਨੇ ਕਿਸ਼ਤੀ ਵਿਚ ਜ਼ਿਆਦਾ ਲੋਕ ਬੈਠਾ ਦਿੱਤੇ ਸਨ। ਇਹ ਉਨ੍ਹਾਂ ਦੀ ਲਾਪਰਵਾਹੀ ਸੀ" ਉਨ੍ਹਾਂ ਨੇ ਅੱਗੇ ਦੱਸਿਆ ਕਿ ਪਤਾ ਨਹੀਂ ਕਿਵੇਂ ਕਿਸ਼ਤੀ ਦੀ ਚੁੰਝ ਸ਼ਿੱਪ ਵਿਚ ਜਾ ਵੱਜੀ ਤੇ ਟੁੱਟ ਗਈ।" ਪਾਣੀ ਅੰਦਰ ਆਉਣ ਲੱਗ ਪਿਆ। ਫੇਰ ਉਹਨਾਂ ਨੇ ਜਦੋਂ ਤਕ ਸ਼ਿੱਪ ਨੂੰ ਫ਼ੋਨ ਕੀਤਾ ਉਦੋਂ ਤਕ ਬੜੀ ਦੇਰ ਹੋ ਚੁੱਕੀ ਸੀ। ਕਿਸ਼ਤੀ ਡੁੱਬ ਚੁੱਕੀ ਸੀ। ਲੋਕ ਚੀਕਾਂ ਮਾਰ ਰਹੇ ਸਨ ਤੇ ਬਚਾਓ -ਬਚਾਓ ਦੀਆਂ ਆਵਾਜ਼ਾਂ ਆ ਰਹੀਆਂ ਸਨ। ਲਾਸ਼ਾਂ ਹੀ ਲਾਸ਼ਾਂ ਦਿਸਦੀਆਂ ਸੀ ਚਾਰ ਚੁਫੇਰੇ। ਕੁਝ ਤਾਂ ਵੱਢੇ ਹੀ ਗਏ ਤੇ ਕੁਝ ਡੁੱਬ ਗਏ।" ਇਹ ਪੁੱਛੇ ਜਾਣ 'ਤੇ ਕਿ ਉਹ ਕਿਵੇਂ ਬਚ ਗਏ ਤਾਂ ਉਨ੍ਹਾਂ ਦੱਸਿਆ ਕਿ, "ਕਿਸ਼ਤੀ ਦੋ ਮੰਜ਼ਿਲਾ ਸੀ। ਅਸੀਂ ਉੱਪਰ ਬੈਠੇ ਸੀ ਜਿਹੜਾ ਕਿ ਖੁੱਲ੍ਹਾ ਸੀ। ਮੈਂ ਬਾਬਾ ਜੀ ਨੂੰ ਅਰਦਾਸ ਕੀਤੀ ਕਿ ਮੈਨੂੰ ਬਚਾ ਲਵੋ। ਜਾਨ ਬਚ ਜਾਵੇ ਤੇ ਮੈਂ ਭਾਰਤ ਵਾਪਸ ਚਲਾ ਜਾਵਾਂ। ਬਸ ਇੰਨੇ ਨੂੰ ਸ਼ਿੱਪ ਨੇੜੇ ਆ ਗਿਆ ਸੀ। ਕੁਦਰਤੀ ਮੇਰਾ ਹੱਥ ਉਸ ਨੂੰ ਪੈ ਗਿਆ। ਸ਼ਿੱਪ ਗਰੀਸ ਲਾ ਦਿੱਤਾ ਗਿਆ ਤੇ ਫਿਰ ਪੁਲਿਸ ਨੇ ਸਾਨੂੰ 28 ਦਿਨਾਂ ਤਕ ਜੇਲ੍ਹ ਵਿਚ ਰੱਖਿਆ ਤੇ ਫਿਰ ਡੀਪੋਰਟ ਕਰ ਦਿੱਤਾ।" ਮਨਦੀਪ ਨੇ ਦੱਸਿਆ ਕਿ ਵਾਪਸ ਆ ਕੇ ਅੱਠ ਸਾਲ ਉਸ ਨੇ ਖੇਤੀ ਕੀਤੀ ਅਤੇ ਫਿਰ ਇਟਲੀ ਵਿਚ ਰਹਿਣ ਵਾਲੇ ਉਸ ਦੇ ਮਾਮਾ ਨੇ ਸਹੀ ਦਸਤਾਵੇਜ਼ਾਂ ਨਾਲ ਉਸ ਨੂੰ ਉੱਥੇ ਬੁਲਾ ਲਿਆ ਸੀ। ਸਾਲ 2006 ਤੋਂ ਮਨਦੀਪ ਇਟਲੀ 'ਚ ਹੈ ਪਰ ਉਸ ਦੀ ਬਜ਼ੁਰਗ ਮਾਂ ਪਰਮਜੀਤ ਕੌਰ ਹਾਲੇ ਵੀ ਫਿਲੌਰ ਨੇੜੇ ਪਿੰਡ ਤਲਵਣ ਪੰਜਾਬ ਵਿਚ ਹੀ ਰਹਿੰਦੀ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

## with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

SUNPREME
Premium Bifacial Thin Film Solar



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com



SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM